
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 5 ISSUE - 47
March 1, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਦੁਆਬੇ ਦੀ ਸਿਰਮੌਰ ਥੀਏਟਰ ਸੰਸਥਾ 'ਪ੍ਰਗਤੀ ਕਲਾ ਕੇਂਦਰ ਲਾਂਧੜਾਂ' ਦੇ ਨਿਰਦੇਸ਼ਕ ਮੱਖਣ ਕ੍ਰਾਂਤੀ ਦਾ ਅਕਾਲ ਚਲਾਣਾ

**(ਹੋਰ ਜਾਣਕਾਰੀ ਲਈ ਦੇਖੋ ਸਫਾ 9 ਅਤੇ 10 ਤੇ)**

# ਕੀ ਨਸਲਵਾਦ ਦਾ ਸ਼ਿਕਾਰ ਹੋ ਰਿਹਾ ਹੈ ਅਮਰੀਕਾ?

## ਭਾਰਤੀ ਮੂਲ ਦੇ ਲੋਕਾਂ ਨੂੰ ਚੌਕਸ ਰਹਿਣ ਦੇ ਨਿਰਦੇਸ਼

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਨਸਲੀ ਵਿਤਕਰਾ ਅਤੇ ਨਸਲੀ ਹਿੰਸਾ ਤੇਜ਼ੀ ਨਾਲ ਵੱਧ ਗਈ ਹੈ। ਹਾਲਾਂਕਿ ਨਸਲੀ ਹਿੰਸਾ ਅਮਰੀਕਾ ਵਿਚ ਪਹਿਲਾਂ ਵੀ ਪਾਈ ਜਾਂਦੀ ਹੈ ਪਰ ਹਾਲ ਦੇ ਦਿਨਾਂ ਵਿਚ ਵਿਦੇਸ਼ੀ ਮੂਲ ਦੇ ਲੋਕਾਂ ਤੇ ਹਿੰਸਕ ਹਮਲੇ ਤੇਜ਼ੀ ਨਾਲ ਵੱਧ ਗਏ ਹਨ। ਆਬਾਦੀ ਪੱਖੋਂ ਦੁਨੀਆਂ ਦੇ ਤੀਜੇ ਸਭ ਤੋਂ ਵੱਡੇ ਮੁਲਕ ਅਮਰੀਕਾ ਵਿਚ ਕੈਲੇਫੋਰ-ਨੀਆ ਅਤੇ ਟੈਕਸਸ ਵਿਚ ਸਭ ਤੋਂ ਜ਼ਿਆਦਾ ਆਬਾਦੀ ਰਹਿੰਦੀ ਹੈ। ਇਸ ਮੁਲਕ ਵਿਚ ਹਿਸਪੈਨਿਕ ਅਤੇ ਲੈਟਿਨੋ ਅਮੈਰਿਕਨ ਦੀ ਆਬਾਦੀ 45 ਫੀਸਦੀ ਦੇ ਕਰੀਬ ਹੈ। ਅਮ-ਰੀਕਾ ਵਿਚ ਪ੍ਰਵਾਸ ਕਰਕੇ ਆਏ ਹੋਰ ਮੁਲਕਾਂ ਦੇ ਲੋਕਾਂ ਦੀ ਗਿਣਤੀ 2 ਫੀਸਦੀ ਤੋਂ ਵੀ ਜ਼ਿਆਦਾ ਹੈ। 1900 ਵਿਚ ਅਮਰੀਕਾ ਦੀ ਆਬਾਦੀ ਜਦੋਂ 76 ਮਿਲੀਅਨ ਸੀ ਤਾਂ ਇਸ ਵਿਚ 66.8 ਮਿਲੀਅਨ ਲੋਕੀ ਗੋਰੇ ਸਨ, 8.8 ਮਿਲੀਨ ਅਫਰੀਕਨ ਮੂਲ ਦੇ ਅਮਰੀਕਨ ਸਨ। ਆਬਾਦੀ ਪੱਖੋਂ ਤੇਜ਼ੀ ਨਾਲ ਵਾਧਾ ਹੋਣ ਦੇ ਨਾਲ ਹੀ ਅਮਰੀਕਾ ਵਿਚ ਏਸ਼ੀਅਨ ਮੂਲ ਦੇ ਲੋਕਾਂ ਦੀ ਗਿਣਤੀ 37 ਫੀਸਦੀ ਹੋ ਗਈ। ਇਸ ਦੇ ਬਾਵਜੂਦ ਅਮਰੀਕਾ ਵਿਚ ਨਸਲੀ ਵਿਤਕਰਾ 1900 ਦੇ ਪਹਿਲੇ ਦਹਾਕਿਆਂ ਤੋਂ ਬਾਅਦ ਹੁਣ ਇੰਨੇ ਭਿਆਨਕ ਰੂਪ ਵਿਚ ਦੇਖਣ ਨੂੰ ਮਿਲ ਰਿਹਾ ਹੈ।




ਹਾਲ ਹੀ ਵਿਚ ਭਾਰਤੀ ਮੂਲ ਦੇ ਲੋਕਾਂ ਤੇ ਹੋਏ ਹਮਲਿਆਂ ਦੇ ਕਾਰਨ ਅਮਰੀਕਾ ਵਿਚ ਰਹਿੰਦੇ ਵਿਦੇਸ਼ੀ ਮੂਲ ਦੇ ਲੋਕੀ ਸਹਿਮ ਵਿਚ ਜਿਉਂ ਰਹੇ ਹਨ। ਨਵੇਂ ਰਾਸ਼ਟਰਪਤੀ ਦੁਆਰਾ 7 ਮੁਸਲਿਮ ਮੁਲਕਾਂ ਤੇ ਲਗਾਈਆਂ ਪਾਬੰਦੀਆਂ ਤੋਂ ਬਾਅਦ ਨਸਲਵਾਦ ਨੇ ਹੋਰ ਜ਼ੋਰ ਪਕੜ ਲਿਆ ਹੈ।

### ਸ੍ਰੀਨਿਵਾਸ ਦੀ ਯਾਦ ਵਿੱਚ ਸ਼ਾਂਤੀ ਮਾਰਚ

ਹਿਊਸਟਨ- ਭਾਰਤੀ ਇੰਜ-ਨੀਅਰ ਸ੍ਰੀਨਿਵਾਸ ਕੁਚੀਭੋਤਲਾ ਦੀ ਯਾਦ 'ਚ ਕਾਂਸਸ ਸਿਟੀ ਵਿੱਚ ਸ਼ਾਂਤੀ ਮਾਰਚ ਕੀਤਾ

**(ਬਾਕੀ ਸਫਾ 4 ਤੇ)**

# ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 5 ਮਾਰਚ ਨੂੰ ਫਰਿਜ਼ਨੋ 'ਚ ਮਨਾਇਆ ਜਾਵੇਗਾ

ਗੁਰਦੁਆਰਾ ਸਾਹਿਬ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ,ਮੈਂਬਰ ਅਤੇ ਸੰਗਤ


ਸਬੰਧਿਤ ਖਬਰ ਦੇਖੋ ਸਫਾ 4 ਤੇ





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

CHAAT PLATE ONLY FOR $2.99

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-338-5511
Email:
IndiaMarketRoseville@gmail.com

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।





# ਕਰਮ ਸਿੰਘ ਬੰਗੜ

## ਸਾਬਕਾ ਪ੍ਰਧਾਨ/ ਚੇਅਰਮੈਨ

### ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.) ਫਰਿਜ਼ਨੋ, ਕੈਲੇਫੋਰਨੀਆ

### ਅਤੇ ਸਮੂਹ ਬੰਗੜ ਪਰਿਵਾਰ


# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



# TANDOOR

**Indian Restaurant**

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਗੁਰਪੁਰਬ ਅਤੇ 17ਵੇਂ ਮਹਾਨ ਨਗਰ ਕੀਰਤਨ ਲਈ ਉਤਸ਼ਾਹ

**ਸੈਕਰਾਮੈਂਟੋ (ਕੈਲੇਫੋਰਨੀਆ)–** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਮਹਾਨ ਗੁਰਪੁਰਬ ਅਤੇ 17ਵੇਂ ਨਗਰ ਕੀਰਤਨ ਦੀਆਂ ਤਿਆਰੀਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਲੜੀ ਜੋ ਕਿ ਦਸੰਬਰ 2016 ਦੀ ਆਰੰਭ ਹੋ ਚੁੱਕੀ ਹੈ, ਉਸੇ ਲੜੀ ਤਹਿਤ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ( ਵਿਖੇ ਡੇਰਾ ਨਗਰ ਦੇ ਮਹਾਨ ਸੰਤਾਂ ਨੂੰ ਯਾਦ ਕਰਦਿਆਂ ਸੰਗਤਾਂ ਵੱਲੋਂ ਸੰਤ ਦਰਸ਼ਨ ਦਾਸ ਜੀ ਦੀ ਯਾਦ 'ਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਜੋ ਕਿ ਸ਼ੁੱਕਰਵਾਰ 24 ਫਰਵਰੀ ਨੂੰ ਆਰੰਭ ਹੋਏ ਸਨ। ਭੋਗ ਪੈਣ ਉਪਰੰਤ ਗੁਰੂ ਘਰ ਦੇ ਗ੍ਰੰਥੀ ਸਿੰਘ ਨੇ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ।



ਉਪਰੰਤ ਕੀਰਤਨ ਦਰਬਾਰ ਬਜਾਏ ਗਏ। ਗੁਰੂ ਘਰ ਦਾ ਹਜ਼ੂਰੀ ਜਥਾ ਭਾਈ ਨਿਰਮਲ ਸਿੰਘ, ਭਾਈ ਜਸਪਾਲ ਸਿੰਘ, ਭਾਈ ਚਰਨ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਭਾਈ ਹਰਜਿੰਦਰ ਸਿੰਘ ਜੀ ਰਸੀਆ ਨੇ ਸੰਗਤਾਂ ਨੂੰ ਰਸਭਿੰਨੀ ਗੁਰਬਾਣੀ ਨਾਲ ਕੀਰਤਨ ਰਾਹੀਂ ਜੋੜਿਆ। ਦੀਵਾਨ ਉਪਰੰਤ ਜਨਰਲ ਬਾਡੀ ਦੀ ਮੀਟਿੰਗ ਕੀਤੀ ਗਈ। 17ਵੇਂ ਨਗਰ ਕੀਰਤਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਸੰਗਤਾਂ ਨੂੰ ਸ੍ਰੀ ਰਮੇਸ਼ ਬੰਗੜ ਜੀ ਨੇ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ। ਨਗਰ ਕੀਰਤਨ ਬਾਰੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਅਖੀਰ ਵਿਚ ਭਾਈ ਜਸਪਾਲ ਸਿੰਘ ਜੀ ਨੇ ਸਾਰੀਆਂ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਮਹਾਨ ਗੁਰਪੁਰਬ ਅਤੇ 17ਵੇਂ ਨਗਰ ਕੀਰਤਨ ਤੇ ਗੁਰੂ ਘਰ ਆਉਣ ਲਈ ਬੇਲਤੀ ਕੀਤੀ ਜੋ 12 ਮਾਰਚ 2017 ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਰਾਜ ਸੂਦ ਵੱਲੋਂ ਦਿੱਤੀ ਗਈ।

# 'ਆਈਲਟਸ' ਪਾਸ ਕਰਨ ਲਈ ਅਜਾਈਂ ਚਲੇ ਜਾਂਦੇ ਨੇ ਕਰੋੜਾਂ ਰੁਪਏ

**ਚੰਡੀਗੜ੍ਹ –** ਪੰਜਾਬ ਦੇ ਵਿਦਿਆਰਥੀਆਂ ਵਲੋਂ ਵਿਦੇਸ਼ਾਂ ਵਿਚ ਉਚੇਰੀ ਪੜ੍ਹਾਈ ਲਈ ਜਾਣ ਅਤੇ ਫ਼ਿਰ ਉਸੇ ਮੁਲਕ ਵਿਚ ਸੈਟਲ ਹੋਣ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਕੜੀ ਵਿਚ ਪੰਜਾਬ ਦੇ ਹਜ਼ਾਰਾਂ ਬੱਚੇ ਅਪਣੇ ਮਨਪਸੰਦ ਮੁਲਕਾਂ ਜਿਵੇਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਪਹੁੰਚ ਚੁੱਕੇ ਹਨ। ਭਾਵੇਂ ਵਿਦੇਸ਼ੀ ਪੜ੍ਹਾਈ ਲਈ ਕਾਫੀ ਸਰਮਾਏ ਦੀ ਜ਼ਰੂਰਤ ਹੁੰਦੀ ਹੈ ਪਰ ਇਸ ਸੱਭ ਕੁੱਝ ਤੋਂ ਪਹਿਲਾਂ ਆਈਲਟਸ ਟੈਸਟ ਪਾਸ ਕਰਨਾ ਲਾਜ਼ਮੀ ਸ਼ਰਤ ਹੈ।

ਇੰਗਲੈਂਡ ਦਾ ਅਦਾਰਾ ਬ੍ਰਿਟਿਸ਼ ਕੌਂਸਲ ਅਤੇ ਆਸਟ੍ਰੇਲੀਆ ਦਾ ਅਦਾਰਾ ਆਈ.ਡੀ.ਪੀ.ਇਹ ਟੈਸਟ ਲੈਣ ਲਈ ਤਕਰੀਬਨ ਦੁਨੀਆਂ ਦੇ ਦੋ ਪ੍ਰਮੁੱਖ ਅਤੇ ਸਰਬ-ਪ੍ਰਵਾਨਤ ਅਦਾਰੇ ਹਨ। ਇਹ ਦੋਵੇਂ ਅਦਾਰੇ ਸਾਲ ਅੰਦਰ ਕਈ ਵਾਰ ਆਈਲਟਸ ਦਾ ਇਮਤਿਹਾਨ ਲੈਂਦੇ ਹਨ ਅਤੇ ਤਕਰੀਬਨ 13ਵੇਂ ਦਿਨ ਇਸ ਦਾ ਰਿਜ਼ਲਟ ਐਲਾਨ ਦਿੰਦੇ ਹਨ। ਇਸ ਟੈਸਟ ਵਿਚੋਂ ਕੋਈ ਪਾਸ ਜਾਂ ਫ਼ੇਲ ਨਹੀ ਕੀਤਾ ਜਾਂਦਾ। ਇਹ ਟੈਸਟ ਤਾਂ ਸਿਰਫ਼ ਸਬੰਧਤ ਲੜਕੇ ਜਾਂ ਲੜਕੀ ਦੀ ਅੰਗਰੇਜ਼ੀ ਵਿਸ਼ੇ ਉੱਪਰ ਪਕੜ ਜਾਂ ਮੁਹਾਰਤ ਦਰਸਾਉਂਦਾ ਹੈ। ਇਨ੍ਹਾਂ ਟੈਸਟਾਂ ਲਈ ਇਕ




ਵਾਰ ਇਮਤਿਹਾਨ ਦੇਣ ਦੀ ਫ਼ੀਸ ਤਕਰੀਬਨ 12000 ਹੈ। ਬਾਹਰ ਜਾਣ ਦੇ ਇਛੱਕ ਬੱਚੇ ਇਹ ਇਮਤਿਹਾਨ ਦੇਣ ਲਈ ਆਪੋ-ਅਪਣੇ ਸ਼ਹਿਰਾਂ ਦੇ ਕੋਚਿੰਗ ਸੈਂਟਰਾਂ ਵਿਚੋਂ ਦੋ, ਤਿੰਨ ਜਾਂ ਛੇ ਮਹੀਨੇ ਲਈ ਕੋਚਿੰਗ ਹਾਸਲ ਕਰਦੇ ਹਨ ਅਤੇ ਇਨ੍ਹਾਂ ਵਿਚੋਂ ਇਕ ਮੋਟੇ ਜਿਹੇ ਅਨੁਮਾਨ ਅਨੁਸਾਰ 65% ਬੱਚੇ ਪਹਿਲੀ, ਦੂਜੀ ਜਾਂ ਤੀਜੀ ਕੋਸ਼ਿਸ਼ ਵਿਚ ਕਾਮਯਾਬ ਹੋ ਜਾਂਦੇ ਹਨ ਅਤੇ ਅਪਣੇ ਮਨਭਾਉਂਦੇ ਮੁਲਕ ਜਾ ਦਾਖ਼ਲਾ ਹਾਸਲ ਕਰਦੇ ਹਨ। ਪਰ ਇਨ੍ਹਾਂ ਬਚੇ ਹੋਏ 35 ਫ਼ੀ ਸਦੀ ਬੱਚੇ ਅਪਣਾ ਬਹੁਤ ਸਾਰਾ ਸਮਾਂ ਅਤੇ ਸਰਮਾਇਆ ਨਸ਼ਟ ਕਰਨ ਤੋਂ ਬਾਅਦ ਹਲਾਤਾਂ ਨਾਲ ਸਮਝੌਤਾ ਕਰ ਲੈਂਦੇ ਹਨ।

ਇਹ ਇਹ ਇਕ ਜਾਚਿਆ ਪਰਖਿਆ ਸੱਚ ਹੈ ਕਿ ਪੰਜਾਬ ਦੇ ਲੱਖਾਂ ਬੱਚਿਆਂ ਨੇ ਇਨ੍ਹਾਂ ਟੈਸਟਾਂ ਦੀ ਫ਼ੀਸ ਅਤੇ ਕੋਚਿੰਗ ਦੇ ਨਾਂ 'ਤੇ ਕਈ ਕਰੋੜਾਂ ਦਾ ਸਰਮਾਇਆ ਅਜਾਈਂ ਗਵਾਇਆ ਹੈ। ਆਈਲਟਸ ਦੀ ਕੋਚਿੰਗ ਦੇਣ ਦੇ ਨਾਂ 'ਤੇ ਕਈ ਕੱਚ ਘਰੜ ਬੰਦਿਆਂ ਨੇ ਵੀ ਇਸ ਪਵਿੱਤਰ ਧੰਦੇ ਵਿਚੋਂ ਵੀ ਲੱਖਾਂ ਕਰੋੜਾਂ ਰੁਪਏ ਦੀ ਕਮਾਈ ਕੀਤੀ ਹੈ। ਸਰਕਾਰ ਨੂੰ ਇਹ ਕੋਚਿੰਗ ਸੈਂਟਰ ਚਲਾਉਣ ਵਾਲਿਆਂ ਦੀ ਘੱਟੋ ਘੱਟ ਵਿਦਿਅਕ ਯੋਗਤਾ ਤਹਿ ਕਰਨੀ ਚਾਹੀਦੀ ਹੈ ਤਾਂ ਕਿ ਸਾਡੇ ਲੋੜਵੰਦ ਬੱਚੇ ਇਹਨਾਂ ਲੋਕਾਂ ਵਲੋਂ ਚਲਾਏ ਇਹਨਾਂ ਵਪਾਰਕ ਅਦਾਰਿਆ ਦੀ ਸਫੈਦਪੋਸ਼ੀ ਲੁੱਟ ਦਾ ਸ਼ਿਕਾਰ ਨਾ ਹੋ ਜਾਣ।

# ਪੀ ਸੀ ਐੱਸ ਸੈਕਰਾਮੈਂਟੋ ਵਲੋਂ 28ਵਾਂ ਵਿਸਾਖੀ ਮੇਲਾ 29 ਅਪ੍ਰੈਲ ਨੂੰ

**ਸੈਕਰਾਮੈਂਟੋ/ ਹਰਜਿੰਦਰ ਪੰਧੇਰ :** ਸਥਾਨਕ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਪਣਾ ਸਾਲਾਨਾ ਵਿਸਾਖੀ ਮੇਲਾ ਇਸ ਵਾਰ 29 ਅਪ੍ਰੈਲ ਦਿਨ ਸ਼ਨੀਚਰਵਾਰ ਨੂੰ (ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ) ਵਿੱਚ ਸ਼ਾਮ 3.00 ਵਜੇ ਮਨਾਇਆ ਜਾਵੇਗਾ। ਇਸ ਸਾਲ ਵੀ ਮੇਲੇ ਵਿੱਚ ਪਹਿਲਾਂ ਵਾਂਗ ਕੈਲੇਫੋਰਨੀਆਂ ਦੇ ਸਕੂਲਾਂ, ਕਾਲਜਾਂ ਅਤੇ ਹੋਰ ਚੋਟੀ ਦੀਆਂ ਟੀਮਾਂ ਵਲੋਂ ਪੰਜਾਬੀ ਸਭਿਆਚਾਰ ਦੀ ਰੂਹ ਭੰਗੜਾ, ਗਿੱਧਾ, ਲੋਕ ਬੋਲੀਆਂ ਤੋਂ ਇਲਾਵਾ ਹੋਰ ਡਾਂਸ ਆਈਟਮਾਂ ਅਤੇ ਸਕਿਟਾਂ ਪੇਸ਼ ਕੀਤੀਆਂ ਜਾਣਗੀਆਂ। ਗੀਤ ਸੰਗੀਤ ਰਾਹੀਂ ਵੀ ਸਰੋਤਿਆਂ ਦਾ ਭਰਭੂਰ ਮਨੋਰੰਜਨ ਕੀਤਾ ਜਾਵੇਗਾ। ਪੰਜਾਬੀ ਭਾਈਚਾਰੇ ਦੀ ਪ੍ਰਫੁਲਤਾ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਸਨਮਾਨਤ ਕੀਤਾ ਜਾਵੇਗਾ। ਪੰਜਾਬੀ ਸਭਿਆਚਾਰ ਨਾਲ ਜੁੜੇ ਗਹਿਣੇ ਕਪੜਿਆਂ ਅਤੇ ਹੋਰ ਪਸੰਦੀਦਾ ਵਸਤਾਂ ਦੇ ਸਟਾਲ ਲਾਏ ਜਾਣਗੇ। ਇਸ ਪਰਿਵਾਰਕ ਮੇਲੇ ਦੀ ਕਿਸੇ ਆਈਟਮ ਵਿੱਚ ਭਾਗ ਲੈਣ ਅਤੇ ਮੇਲੇ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਰਸ਼ਪਾਲ ਫਰਵਾਲਾ (916-880-0531), ਸਟਾਲ ਲਾਉਣ ਲਈ ਤੀਰਥ ਸਹੋਤਾ(916-271-8382), ਅਤੇ ਅਮਰੀਕ ਪਰਹਾਰ(916-502-0064) ਜੀ ਨੂੰ ਕਾਲ ਕੀਤੀ ਜਾ ਸਕਦੀ ਹੈ। ਮੇਲੇ ਦਾ ਸਥਾਨ ਹੇਠ ਲਿਖਿਆ ਹੈ:

Performing Art Centre; Sheldon High school:
8833 Kingsbridge Drive , Sacramento CA 95829.

# ਕੀ ਨਸਲਵਾਦ ਦਾ ਸ਼ਿਕਾਰ ਹੋ ਰਿਹਾ ਹੈ ਅਮਰੀਕਾ?

**(ਸਫਾ 1 ਦੀ ਬਾਕੀ)**

ਗਿਆ ਅਤੇ ਪ੍ਰਾਰਥਨਾ ਸਭਾ ਰੱਖੀ ਗਈ। ਇਸ ਵਿੱਚ ਸੈਂਕੜੇ ਲੋਕ ਸ਼ਾਮਲ ਹੋਏ। ਗ਼ੌਰਤਲਬ ਹੈ ਕਿ ਸ੍ਰੀਨਿਵਾਸ ਦੀ ਅਮਰੀਕਾ ਦੇ ਸਾਬਕਾ ਜਲ ਸੈਨਾ ਅਧਿਕਾਰੀ ਐਡਮ ਪੁਰਿੰਟਨ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮਾਰਚ 'ਚ ਸ਼ਾਮਲ ਹੋਣ ਵਾਲੇ ਲੋਕਾਂ ਦੇ ਹੱਥਾਂ 'ਚ ਤਸਵੀਰਾਂ ਅਤੇ ਬੈਨਰ ਫੜੇ ਹੋਏ ਸਨ। ਉਨ੍ਹਾਂ ਨਾਅਰੇ ਲਾਏ, 'ਅਸੀਂ ਸ਼ਾਂਤੀ ਚਾਹੁੰਦੇ ਹਾਂ', 'ਅਸੀਂ ਸ਼ਾਂਤੀ ਪਸੰਦ ਹਾਂ', 'ਏਕਤਾ ਭਾਈਚਾਰੇ ਦਾ ਹਿੱਸਾ ਹੈ, 'ਇਕੱਠੇ ਅਸੀਂ ਖੜ੍ਹ ਸਕਦੇ ਹਾਂ, ਵੰਡੇ ਜਾਣ ਨਾਲ ਅਸੀਂ ਬਿਖਰ ਜਾਵਾਂਗੇ।' ਮਾਰਚ ਕਰਨ ਵਾਲਿਆਂ ਦੇ ਹੱਥਾਂ 'ਚ ਮੋਮਬੱਤੀਆਂ ਸਨ ਅਤੇ ਤਖ਼ਤੀਆਂ ਉਤੇ ਲਿਖਿਆ ਸੀ, 'ਅਸੀਂ ਨਫ਼ਰਤ ਵਾਲੀ ਸਿਆਸਤ ਦਾ ਸਮਰਥਨ ਨਹੀਂ ਕਰਦੇ।' ਸ਼ਾਂਤੀ ਲਈ ਮਾਰਚ ਅਤੇ ਪ੍ਰਾਰਥਨਾ ਸਭਾ ਵਿੱਚ ਸ੍ਰੀਨਿਵਾਸ ਦੇ ਦੋਸਤ ਸ਼ਾਮਲ ਸਨ।

ਆਲੋਕ ਮਦਸਾਣੀ, ਜੋ ਬੁੱਧਵਾਰ ਨੂੰ ਹੋਈ ਗੋਲੀਬਾਰੀ ਵਿੱਚ ਜ਼ਖ਼ਮੀ ਹੋਣ ਵਾਲਾ ਦੂਜਾ ਭਾਰਤੀ ਸੀ, ਵੀ ਫਹੁੜੀਆਂ ਸਹਾਰੇ ਪਹੁੰਚਿਆ ਹੋਇਆ ਸੀ। ਸ੍ਰੀਨਿਵਾਸ ਤੇ ਅਲੋਕ ਨੂੰ ਬਚਾਉਣ ਦੌਰਾਨ ਜ਼ਖ਼ਮੀ ਹੋਏ ਅਮਰੀਕੀ ਨੌਜਵਾਨ ਇਆਨ ਗ੍ਰਿੱਲਟ ਦੀਆਂ ਭੈਣਾਂ, ਕਾਂਸਸ ਦਾ ਲੈਫਟੀਨੈਂਟ ਗਵਰਨਰ ਜੈੱਫ ਕੋਲਯਰ, ਕਾਂਗਰਸ ਮੈਂਬਰ ਕੇਵਿਨ ਯੋਡਰ, ਓਲੇਥ ਮੇਅਰ ਮਾਈਕ ਕੋਪਲੈਂਡ, ਓਲੇਫ ਪੁਲੀਸ ਮੁਖੀ ਸਟੀਵਨ ਮੇਨਕੇ ਅਤੇ ਹੋਰ ਅਧਿਕਾਰੀ ਵੀ ਪ੍ਰਾਰਥਨਾ ਸਭਾ ਵਿੱਚ ਸ਼ਾਮਲ ਹੋਏ। ਕਾਂਸਸ ਸਿਟੀ ਦੇ ਹਿੰਦੂ ਮੰਦਿਰ ਅਤੇ ਸੱਭਿਆਚਾਰਕ ਕੇਂਦਰ ਵਿੱਚ ਕਈ ਧਰਮਾਂ ਦੇ ਆਗੂਆਂ ਨੇ ਪ੍ਰਾਰਥਨਾ ਕੀਤੀ। ਇਸ ਸਭਾ ਦੀ ਸ਼ੁਰੂਆਤ ਹਿੰਦੂ, ਸਿੱਖ, ਈਸਾਈ, ਯਹੂਦੀ ਅਤੇ ਮੁਸਲਿਮ ਪ੍ਰਾਰਥਨਾ ਨਾਲ ਹੋਈ ਅਤੇ ਸਮਾਪਤੀ ਜੌਹਨ ਲੈਨਨ ਦੇ ਗੀਤ 'ਇਮੈਜਨ' ਗਾ ਕੇ ਕੀਤੀ।

ਇਸ ਤੋਂ ਪਹਿਲਾਂ ਸੰਬੋਧਨ ਕਰਦਿਆਂ ਆਲੋਕ ਨੇ ਸ੍ਰੀਨਿਵਾਸ ਨਾਲ ਆਪਣੇ ਨੌਂ ਸਾਲਾਂ ਦੀ ਦੋਸਤੀ ਨੂੰ ਯਾਦ ਕੀਤਾ। ਅਲੋਕ ਨੇ ਕਿਹਾ, 'ਸ੍ਰੀਨਿਵਾਸ ਦੇ ਦਿਲ 'ਚ ਹਰੇਕ ਲਈ ਸਨੇਹ ਸੀ। ਉਹ ਕਦੇ ਇਕ ਵੀ ਨਫਰਤ ਵਾਲਾ ਸ਼ਬਦ ਨਹੀਂ ਬੋਲਦਾ ਸੀ। ਉਹ ਬੇਪ੍ਰਵਾਹ ਹੋ ਕੇ ਬੋਲਦਾ ਸੀ, ਉਹ ਹਰੇਕ ਦੀ ਦੇਖਭਾਲ ਕਰਦਾ ਸੀ।

**ਮਹਿਜ਼ ਅੱਠ ਦਿਨਾਂ ਬਾਅਦ ਹੀ ਆਪਣੀ ਨੌਕਰੀ ਛੱਡ ਦਿੱਤੀ**

ਵਾਸ਼ਿੰਗਟਨ- ਹਿਜਾਬ ਪਹਿਨਣ ਵਾਲੀ ਬੰਗਲਾਦੇਸ਼ੀ ਮੂਲ ਦੀ ਮੁਸਲਮਾਨ ਬੀਬੀ, ਜੋ ਵ੍ਹਾਈਟ ਹਾਊਸ ਦੀ ਸਾਬਕਾ ਸਟਾਫਰ ਹੈ, ਨੇ ਦੱਸਿਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੱਤ ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ ਦੇ ਨਾਗਰਿਕਾਂ 'ਤੇ ਅਮਰੀਕਾ 'ਚ ਦਾਖ਼ਲ ਹੋਣ 'ਤੇ ਰੋਕ ਲਾਏ ਜਾਣ ਦੇ ਐਲਾਨ ਕਾਰਨ ਉਸ ਨੇ ਨਵੇਂ ਪ੍ਰਸ਼ਾਸਨ ਦੇ ਮਹਿਜ਼ ਅੱਠ ਦਿਨਾਂ ਬਾਅਦ ਹੀ ਆਪਣੀ ਨੌਕਰੀ ਛੱਡ ਦਿੱਤੀ। ਰੁਮਾਨਾ ਅਹਿਮਦ ਨੂੰ ਸਾਲ 2011 ਵਿੱਚ ਵ੍ਹਾਈਟ ਹਾਊਸ ਵਿੱਚ ਕੰਮ 'ਤੇ ਰੱਖਿਆ ਗਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਕੌਮੀ ਸੁਰੱਖਿਆ ਕੌਂਸਲ (ਐਨਐਸਸੀ) ਵਿੱਚ ਕੰਮ ਦਿੱਤਾ ਗਿਆ ਸੀ। 'ਦਿ ਐਟਲਾਂਟਿਕ' ਵਿੱਚ ਪ੍ਰਕਾਸ਼ਿਤ ਹੋਏ ਲੇਖ ਵਿੱਚ ਬੀਬੀ ਅਹਿਮਦ ਨੇ ਲਿਖਿਆ, 'ਮੇਰਾ ਮੁਲਕ ਜਿਸ ਗੱਲ ਲਈ ਖੜ੍ਹਦਾ ਸੀ ਉਸ ਨੂੰ ਉਤਸ਼ਾਹਿਤ ਕਰਨਾ ਅਤੇ ਉਸ ਦੀ ਰੱਖਿਆ ਕਰਨਾ ਮੇਰਾ ਕੰਮ ਸੀ। ਮੈਂ ਹਿਜਾਬ ਪਹਿਨਣ ਵਾਲੀ ਮੁਸਲਿਮ ਔਰਤ ਹਾਂ।

ਵੈਸਟ ਵਿੰਗ ਵਿੱਚ ਹਿਜਾਬ ਪਾਉਣ ਵਾਲੀ ਮੈਂ ਇਕੱਲੀ ਔਰਤ ਸਾਂ ਅਤੇ ਓਬਾਮਾ ਪ੍ਰਸ਼ਾਸਨ ਵੱਲੋਂ ਹਮੇਸ਼ਾ ਮੇਰਾ ਸਵਾਗਤ ਕੀਤਾ ਜਾਂਦਾ ਸੀ ਅਤੇ ਮੈਨੂੰ ਆਪਣੇ 'ਚੋਂ ਇਕ ਮਹਿਸੂਸ ਕਰਾਇਆ ਜਾਂਦਾ ਸੀ।' ਉਨ੍ਹਾਂ ਕਿਹਾ ਕਿ ਉਸ ਨੇ ਆਪਣੇ ਜ਼ਿਆਦਾਤਰ ਅਮਰੀਕੀ ਮੁਸਲਿਮ ਸਾਥੀਆਂ ਵਾਂਗ 2016 ਦਾ ਜ਼ਿਆਦਾਤਰ ਸਮਾਂ 'ਬਦਹਵਾਸੀ' ਵਿੱਚ ਬਿਤਾਇਆ ਕਿਉਂਕਿ ਟਰੰਪ ਵੱਲੋਂ 'ਸਾਡੇ ਭਾਈਚਾਰੇ ਨੂੰ ਬਦਨਾਮ' ਕੀਤਾ ਗਿਆ।

# ਭਾਰਤ ਵਿਸ਼ਵ ਦਾ ਸਭ ਤੋਂ ਵੱਧ ਹਥਿਆਰ ਖ੍ਰੀਦਣ ਵਾਲਾ ਦੇਸ਼

**ਨਵੀਂ ਦਿੱਲੀ –** ਭਾਰਤ ਪਿਛਲੇ ਪੰਜ ਸਾਲਾਂ ਦੇ ਦੌਰਾਨ ਹਥਿਆਰਾਂ ਦਾ ਸਭ ਤੋਂ ਵੱਡਾ ਗ੍ਰਾਹਕ ਰਿਹਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਨੇ ਕੱਲ੍ਹ ਦੱਸਿਆ ਕਿ ਭਾਰਤ ਦੀ ਵਿਦੇਸ਼ ਤੋਂ ਹਥਿਆਰਾਂ ਦੀ ਖਰੀਦ ਇਸ ਦੌਰਾਨ ਚੀਨ ਅਤੇ ਪਾਕਿਸਤਾਨ ਦੀ ਤੁਲਨਾ ਵਿੱਚ ਕਾਫੀ ਵੱਧ ਸੀ।

ਸੰਸਥਾ ਦੀ ਰਿਪੋਰਟ ਮੁਤਾਬਕ 2012 ਤੋਂ 2016 ਦੇ ਦੌਰਾਨ ਹਥਿਆਰਾਂ ਦੇ ਕੁੱਲ ਸੰਸਾਰ ਇਮਪੋਰਟ ਵਿੱਚ ਭਾਰਤ ਦੀ 13 ਫੀਸਦੀ ਹਿੱਸੇਦਾਰੀ ਰਹੀ, ਜੋ ਸਭ ਤੋਂ ਵੱਧ ਹੈ। ਚੀਨ ਨੇ ਜਿਥੇ ਦੇਸ਼ੀ ਉਤਪਾਦਾਂ ਨਾਲ ਹਥਿਆਰਾਂ ਦੇ ਇਮਪੋਰਟ ਨੂੰ ਲਗਾਤਾਰ ਘੱਟ ਕੀਤਾ, ਉਥੇ ਭਾਰਤ ਇਸ ਦੇ ਲਈ ਰੂਸ, ਯੂਰਪ, ਅਮਰੀਕਾ, ਇਜ਼ਰਾਈਲ ਅਤੇ ਦੱਖਣੀ ਕੋਰੀਆ ਉੱਤੇ ਨਿਰਭਰ ਬਣਿਆ ਹੋਇਆ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2007 ਤੋਂ 2011 ਦੀ ਤੁਲਨਾ ਵਿੱਚ 2012 ਤੋਂ 2016 ਦੇ ਵਿਚਾਲੇ ਭਾਰਤ ਦਾ ਹਥਿਆਰਾਂ ਦੀ ਇਮਪੋਰਟ 43 ਫੀਸਦੀ ਵਧੀ ਹੈ। ਉਸ ਨੇ ਕਿਹਾ



ਕਿ ਪਿਛਲੇ ਪੰਜ ਸਾਲ ਵਿੱਚ ਵੱਡੇ ਹਥਿਆਰਾਂ ਦੀ ਖਰੀਦ ਸਰਦ ਯੁੱਧ ਦੇ ਬਾਅਦ ਦੇ ਸਭ ਤੋਂ ਉੱਚੇ ਪੱਧਰ ਉੱਤੇ ਪਹੁੰਚ ਗਈ ਹੈ ਤੇ ਇਸ ਦਾ ਕਾਰਨ ਏਸ਼ੀਆਈ ਅਤੇ ਪੱਛਮੀ ਏਸ਼ੀਆਈ ਦੇਸ਼ਾਂ ਦੀ ਮੰਗ 'ਚ ਤੇਜ਼ੀ ਹੈ। ਸਾਊਦੀ ਅਰਬ 2012 ਤੋਂ 2016 ਦੇ ਦੌਰਾਨ ਹਥਿਆਰਾਂ ਦਾ ਦੂਸਰਾ ਸਭ ਤੋਂ ਵੱਡਾ ਇਮਪੋਰਟਰ ਰਿਹਾ। ਇਸ ਸਮੇਂ ਵਿੱਚ ਹਥਿਆਰਾਂ ਦੀ ਉਸ ਦੀ ਇਮਪੋਰਟ 2007 ਤੋਂ 2011 ਦੀ ਤੁਲਨਾ ਵਿੱਚ 212 ਪ੍ਰਤੀਸ਼ਤ ਵਧੀ ਹੈ। ਇਸ ਮਿਆਦ ਵਿੱਚ ਕਤਰ ਦੀ ਇਮਪੋਰਟ 245 ਪ੍ਰਤੀਸ਼ਤ ਵਧੀ ਹੈ। 2012 ਤੋਂ 2016 ਦੌਰਾਨ ਹਥਿਆਰਾਂ ਦੇ ਕੁੱਲ ਸੰਸਾਰ ਇਮਪੋਰਟ ਵਿੱਚ ਰੂਸ ਦੀ ਹਿੱਸੇਦਾਰੀ 23 ਫੀਸਦੀ ਸੀ। ਇਸ ਨੇ ਆਪਣੀ ਕਰੀਬ 70 ਪ੍ਰਤੀਸ਼ਤ ਐਕਸਪੋਰਟ ਭਾਰਤ, ਵੀਅਤਨਾਮ, ਚੀਨ ਅਤੇ ਅਲਜ਼ੀਰੀਆ ਨੂੰ ਕੀਤੀ ਹੈ।

ਇਸ ਦੌਰਾਨ ਕੁੱਲ ਐਕਸਪੋਰਟ ਵਿੱਚ ਇਕ ਤਿਹਾਈ ਹਿੱਸੇਦਾਰੀ ਨਾਲ ਅਮਰੀਕਾ ਚੋਟੀ ਦਾ ਹਥਿਆਰ ਵੇਚਣ ਵਾਲਾ ਰਿਹਾ ਹੈ। 2007 ਤੋਂ 2011 ਦੀ ਤੁਲਨਾ ਵਿੱਚ ਇਸ ਦਾ ਐਕਸਪੋਰਟ 21 ਪ੍ਰਤੀਸ਼ਤ ਵਧਿਆ ਹੈ। ਅਮਰੀਕਾ ਦੇ ਕੁੱਲ ਐਕ-ਸਪੋਰਟ ਦਾ ਕਰੀਬ ਅੱਧਾ ਪੱਛਮੀ ਏਸ਼ੀਆਈ ਦੇਸ਼ਾਂ ਨੂੰ ਗਿਆ ਹੈ। ਨਿਸ਼ਚਿਤ ਸਮੇਂ ਵਿੱਚ ਸੰਸਾਰ ਹਥਿਆਰ ਬਾਜ਼ਾਰ ਵਿੱਚ ਚੀਨ ਦੀ ਹਿੱਸੇਦਾਰੀ 3.8 ਪ੍ਰਤੀਸ਼ਤ ਤੋਂ ਵਧ ਕੇ 6.2 ਪ੍ਰਤੀਸ਼ਤ ਹੋ ਗਈ ਹੈ। ਰਿਪੋਰਟ ਨੇ ਕਿਹਾ ਹੈ, ਫਰਾਂਸ ਦੀ ਹਿੱਸੇਦਾਰੀ ਛੇ ਪ੍ਰਤੀਸ਼ਤ ਅਤੇ ਜਰਮਨੀ ਦੀ 5.6 ਪ੍ਰਤੀਸ਼ਤ ਹੈ। ਹੁਣ ਚੀਨ ਵੀ ਇਨ੍ਹਾਂ ਦੀ ਤਰ੍ਹਾਂ ਪ੍ਰਮੁੱਖ ਹਥਿਆਰ ਐਕਸਪੋਰਟਰ ਬਣ ਕੇ ਉਭਰਿਆ ਹੈ।


# ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 5 ਮਾਰਚ ਨੂੰ ਫਰਿਜ਼ਨੋ 'ਚ ਮਨਾਇਆ ਜਾਵੇਗਾ

**ਫਰਿਜ਼ਨੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ 5 ਮਾਰਚ ਦਿਨ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 4 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਅਗਲੇ ਦਿਨ ਸ਼ਨਿਚਰਵਾਰ ਸ਼ਾਮ 5 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਹੋਵੇਗੀ ਅਤੇ ਉਸ ਉਪਰੰਤ ਸ਼ਾਮ 6 ਤੋਂ 8 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਸ ਉਪਰੰਤ ਰਾਗੀ/ਢਾਡੀ ਜਥਿਆਂ ਵੱਲੋਂ ਸ਼ਬਦ ਗਾਹਿਨ ਤੇ ਕਥਾਵਾਚਕ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਤੋਂ ਇਲਾਵਾ ਬੁਲਾਰੇ ਸਤਿਗੁਰੂ ਰਵਿਾਦਸ ਜੀ ਪ੍ਰਤੀ ਆਪਣੇ ਵਡਮੁੱਲੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਰਾਜਿੰਦਰ ਮੋਮੀ ਜੀ ਅਤੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਜੀ ਨੇ 'ਦੇਸ਼ ਦੁਆਬਾ' ਹਫਤਵਾਰੀ ਅਖਬਾਰ ਦੇ ਮੁੱਖ ਸਪਾਦਕ ਨਾਲ ਗੁਰੂ ਘਰ ਪਹੁੰਚਣ ਉਪਰੰਤ ਤਿਆਰੀਆਂ ਦੀ ਸਾਂਝ ਪਾਉਂਦਿਆਂ ਦੱਸਿਆ ਕਿ ਮੌਜੂਦਾ ਕਮੇਟੀ ਨੇ ਗੁਰੂ ਘਰ ਦੀ ਰਸੋਈ ਦਾ ਕੰਮ ਨੇਪਰੇ ਚਾੜ੍ਹਨ ਉਪਰੰਤ ਹੁਣ ਲੰਗਰ ਹਾਲ ਦੀ ਡਿਵੈਲਪਮੈਂਟ ਵੱਲ ਧਿਆਨ ਦੇਣਾ ਹੈ ਜੋ ਸਭ ਸਤਿਕਾਰਯੋਗ ਸੰਗਤ ਦੇ ਸਹਿਯੋਗ ਨਾਲ ਹੀ ਮੁਕੰਮਲ ਕੀਤਾ ਜਾ ਸਕਦਾ ਹੈ। ਅਸੀਂ ਤਾਂ ਉਹਨਾਂ ਦੀ ਤਰ੍ਹਾਂ ਸੰਗਤ ਦੀ ਤਰ੍ਹਾਂ ਸੇਵਾਦਾਰਾਂ ਵਜੋਂ ਆਪਣੀ ਸੇਵਾ ਨਿਭਾਅ ਰਹੇ ਹਾਂ। ਸਾਨੂੰ ਪ੍ਰਬੰਧਕ ਕਮੇਟੀ ਦਾ ਸਾਥ ਹੈ ਅਤੇ ਸਮੂਹ ਗੁਰੂ ਪਿਆਰੀ ਸੰਗਤ ਨੂੰ ਵੀ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਆਪਣੇ ਕੀਮਤੀ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਆਪਣੇ ਸਮੂਹ ਪਰਿਵਾਰ ਸਮੇਤ ਤਿੰਨੈ ਦਿਨ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ਤੇ ਵੱਧ ਤੋਂ ਵੱਧ ਲੰਗਰ ਹਾਲ ਲਈ ਮਾਇਆ ਨਾਲ ਵੀ ਸਹਿਯੋਗ ਕਰੋ ਜੀ। ਬਾਕੀ ਗੁਰੂ ਘਰ ਸਭ ਦਾ ਸਾਂਝਾ ਹੈ, ਸੰਗਤ ਵੀ ਆਪਣੇ ਕੀਮਤੀ ਉਸਾਰੂ ਵਿਚਾਰਾਂ ਤੋਂ ਸਾਨੂੰ ਸਹਿਯੋਗ ਕਰਨਯੋਗ ਹੈ ਜੀ। ਆਪ ਜੀ ਦੇ ਵਡਮੁੱਲੇ ਵਿਚਾਰਾਂ ਨੂੰ ਸਿਰ ਮੱਥੇ ਲਾਉਂਦੇ ਅਸੀਂ ਸਦਾ ਹੀ ਜੀਅ ਆਇਆਂ ਨੂੰ ਆਖਦੇ ਰਹੇ ਤੇ ਕੋਟਿਨ-ਕੋਟਿ ਧੰਨਵਾਦ ਵੀ ਕਰਦੇ ਹਾਂ। ਇਸ ਸ਼ੁਭ ਮੌਕੇ ਚੇਅਰਮੈਨ ਰਾਜਿੰਦਰ ਮੋਮੀ ਅਤੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਜੀ ਤੋਂ ਇਲਾਵਾ ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਅਮਰ ਦੜੌਚ, ਮੀਤ ਪ੍ਰਧਾਨ ਸ੍ਰੀ ਰਾਜ ਗੁਰੂ, ਮੀਤ ਚੇਅਰਮੈਨ ਸ੍ਰੀ ਰਤਨ ਪਾਲ ਜੱਸੀ, ਕੈਸ਼ੀਅਰ ਸ੍ਰੀ ਰਣਜੀਤ ਚੀਮਾ, ਸਹਾਇਕ ਖਜਾਨਚੀ ਪ੍ਰੇਮ ਬੱਧਣ, ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਤੋਂ ਇਲਾਵਾ ਸਰਵਸ੍ਰੀ ਪਿਰਥੀਪਾਲ ਮਹਿਮੀ, ਡਾ. ਸਤਨਾਮ ਸਿੰਘ ਬੰਗੜ ਐਮ. ਡੀ., ਰਾਜ ਕੁਮਾਰ ਜੱਸੀ ਅਤੇ ਬਹੁਤ ਸਾਰੀ ਸੰਗਤ ਜਿਹਨਾਂ ਵਿਚ ਪੁਰਸ਼, ਬੀਬੀਆਂ ਅਤੇ ਬੱਚੇ, ਬੱਚੀਆਂ ਗੁਰਪੁਰਬ ਦੀ ਤਿਆਰੀ 'ਚ ਗੁਰੂ ਘਰ ਸੇਵਾ ਕਰ ਰਹੀਆਂ ਸਨ।



ਨਵੀਂ ਤਿਆਰ ਕੀਤੀ ਕਿਚਨ ਦੀ ਨਾਲ ਚੇਅਰਮੈਨ ਰਜਿੰਦਰ ਮੋਮੀ, ਭਾਈ ਰਾਮ ਸਿੰਘ ਜੀ, ਡਾ ਸਤਨਾਮ ਸਿੰਘ ਬੰਗੜ, ਰਾਜ ਕੁਮਾਰ ਜੱਸੀ, ਕੇਵਲ ਚੌਹਾਨ, ਰਣਜੀਤ ਚੀਮਾ

# ਭਾਰਤੀ ਵਿਦਿਆਰਥੀ ਦੇ ਕਤਲ ਮਾਮਲੇ ਵਿਚ ਇਕ ਗ੍ਰਿਫਤਾਰ





**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਮਿਲੀਪਿਟਾਸ ਦੇ ਨੇੜੇ ਇਕ ਅਪਾਰਟਮੈਂਟ ਵਿਚ ਭਾਰਤੀ ਮੂਲ ਦੇ ਤੇਲੰਗਾਨਾ ਵਾਸੀ ਵਿਦਿਆਰਥੀ ਵਾਮਸ਼ੀ ਰੈਡੀ ਮਾਮਡਾਲਾ ਦੀ ਕਤਲ ਦੇ ਮਾਮਲੇ ਵਿਚ ਫਰੀਮੌਂਟ ਕੈਲੀਫੋਰਨੀਆ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 30 ਸਾਲਾ ਸੁਅਰਟ ਇਸੋਨ ਨਾਂਅ ਦੇ ਇਕ ਵਿਅਕਤੀ ਨੂੰ ਕਤਲ , ਚੋਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਖਿਲਾਫ ਪੈਰੋਲ ਦੀ ਉਲੰਘਣਾ ਦੇ ਇਕ ਮਾਮਲੇ ਵਿਚ ਪਹਿਲਾਂ ਵੀ ਵਰੰਟ ਜਾਰੀ ਹੋ ਚੁਕੇ ਹਨ। ਮਾਮਲੇ ਦਾ ਖੁਲਾਸਾ ਕਰਦਿਆਂ ਮਿਲੀਪਿਟਾਸ ਪੁਲਿਸ ਵਿਭਾਗ ਦੇ ਲੈਂਫ. ਰਾਜ ਮਹਾਰਾਜ ਨੇ ਦਸਿਆ ਕਿ ਸਟੂਅਰਟ ਦੇ ਆਪਣੀ ਕਾਰ ਮਿਲੀਪਿਟਾਸ ਵਿਚ ਹਾਦਸਾਗ੍ਰਸਤ ਕਰ ਲਈ ਸੀ ਜਿਥੇ ਉਹ ਕਾਰ ਵਿਚੋਂ ਦੋ ਹਥਿਆਰਾਂ ਸਮੇਤ ਬਾਹਰ ਆਇਆ ਤੇ ਸਭ ਤੋਂ ਪਹਿਲਾਂ ਉਸ ਦਾ ਸਾਹਮਣਾ ਇਕ ਔਰਤ ਨਾਲ ਹੋਇਆ ਜਿਸ ਤੋਂ ਉਸ ਨੇ ਕਾਰ ਦੀਆਂ ਚਾਬੀਆਂ ਮੰਗੀਆਂ। ਉਕਤ ਔਰਤ ਨੇ ਸਟੂਅਰਟ ਨੂੰ ਕਾਰ ਦੀ ਚਾਬੀ ਦੇ ਦਿੱਤੀ ਤੇ ਦਸਿਆ ਕਿ ਕਾਰ ਅਪਾਰਟਮੈਂਟ ਦੀ ਪਾਰਕਿੰਗ ਵਿਚ ਖੜੀ ਹੈ। ਉਨ੍ਹਾਂ ਨੇ ਅੱਗੇ ਦਸਿਆ ਕਿ ਜਾਂਚ ਜਾਰੀ ਹੋਣ ਕਾਰਨ ਉਹ ਨਹੀ ਦਸ ਸਕਦੇ ਕਿ ਦੋਸ਼ੀ ਕਿਵੇਂ ਮਾਮੀਡਾਲਾ ਨੂੰ ਮਿਲਿਆ ਜੋ ਕਿ ਵੀ ਉਸੇ ਅਪਾਰਟਮੈਂਟ ਕੰਪਲੈਕਸ ਵਿਚ ਰਹਿ ਰਿਹਾ ਸੀ। ਦੋਸ਼ੀ ਨੇ ਇਥੇ ਹੀ ਮਾਮੀਡਾਲਾ ਨੂੰ ਗੋਲੀ ਮਾਰੀ ਤੇ ਉਸੇ ਦੀ ਕਾਰ ਲੈਕੇ ਭੱਜ ਗਿਆ ਜਿਸ ਨੂੰ ਪੁਲਿਸ ਨੂੰ 20 ਮਿੰਟ ਬਾਅਦ ਹੀ ਗ੍ਰਿਫਤਾਰ ਕਰ ਲਿਆ। ਕਤਲ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲਗ ਸਕਿਆ ਹੈ। ਉਨ੍ਹਾਂ ਨੇ ਮੀਡੀਆ ਦੀਆਂ ਨਸਲੀ ਹਮਲੇ ਦੀਆਂ ਖਬਰਾਂ ਨੂੰ ਖਾਰਜ ਕੀਤਾ ਹੈ ਤੇ ਕਿਹਾ ਕਿ ਦੋਵੇਂ ਇਕ ਦੂਜੇ ਨੂੰ ਜਾਣਦੇ ਤੱਕ ਨਹੀਂ ਸੀ ਤੇ ਇਹ ਇਤਫਾਕੀਆ ਕਤਲ ਹੈ ਕਿਉਂਕਿ ਮ੍ਰਿਤਕ ਗਲਤ ਸਮੇਂ 'ਤੇ ਗਲਤ ਥਾਂ 'ਤੇ ਸੀ। ਮ੍ਰਿਤਕ ਦੇ ਭਰਾ ਨੇ ਦਸਿਆ ਕਿ ਮਾਮੀਡਾਲਾ ਜਦੋਂ ਪਾਰਕਿੰਗ ਵਿਚ ਆਪਣੀ ਕਾਰ ਵਿਚ ਦਾਖਲ ਹੋਇਆ ਤਾਂ ਉਸੇ ਵੇਲੇ ਦੋਸ਼ੀ ਇਕ ਹੋਰ ਚੋਰੀ ਦੀ ਕਾਰ ਵਿਚ ਸਵਾਰ ਸੀ। ਉਸ ਨੂੰ ਬਾਹਰ ਨਿਕਲਣ ਦਾ ਰਾਸਤਾ ਨਹੀਂ ਮਿਲ ਰਿਹਾ ਸੀ ਜਿਸ ਕਾਰਨ ਉਸ ਨੇ ਮਾਮੀਡਾਲਾ ਦੇ ਕਾਰ ਵਿਚ ਕਾਰ ਮਾਰੀ। ਫਿਰ ਉਸ ਨੇ ਮਾਮੀਡਾਲਾ ਨੂੰ ਗੋਲੀ ਮਾਰੀ ਤੇ ਉਸ ਦਾ ਬਟੂਆ, ਸੈਲ ਫੋਨ ਤੇ ਕਾਰ ਦੀਆਂ ਚਾਬੀਆਂ ਲੈਕੇ ਉਸਦੇ ਭਰਾ ਦੇ ਕਾਰ ਲੈਕੇ ਫਰਾਰ ਹੋ ਗਿਆ। ਦੁਖ ਦੀ ਇਸ ਘੜੀ ਵਿਚ ਸ਼ਰੀਕ ਹੁੰਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਹੈ ਤੇ ਮਾਮੀਡਾਲਾ ਦੀ ਲਾਸ਼ ਭਾਰਤ ਲਿਆਉਣ ਵਿਚ ਹਰ ਸੰਭਵ ਮਦਦ ਕੀਤੀ।

# ਐੱਸ.ਸੀ.ਬੀ.ਸੀ. ਇੰਪਲਾਇਜ ਫੈੱਡਰੇਸ਼ਨ ਦੀ ਬਲਾਕ ਹੁਸ਼ਿਆਰਪੁਰ 2 ਏ ਦੀ ਹੋਈ ਚੋਣ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਇਜ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਬਲਾਕ 2 ਏ ਇਕਾਈ ਦੀ ਵਿਸ਼ੇਸ਼ ਮੀਟਿੰਗ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਮੁਖ ਸਕੱਤਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਪਿੰਡ ਬਸੀ ਦੌਲਤ ਖਾਂ ਵਿਚ ਹੋਈ ਜਿਸ ਵਿਚ ਬਤੌਰ ਅਬਜਰਬਰ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ ਸ਼ਾਮਿਲ ਹੋਏ।ਡਾ. ਰਾਏ ਨੇ ਦੱਸਿਆ ਜਥੇਬੰਦੀ ਸੂਬਾ ਚੇਅਰਮੈਨ ਸ. ਜਸਵੀਰ ਸਿੰਘ ਪਾਲ, ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਅਤੇ ਸੂਬਾ ਕਮੇਟੀ ਵਲੋਂ ਬਾਬਾ ਸਾਹਿਬ ਦੀ ਸੋਚ ਨੂੰ ਲੈ ਕੇ ਲਗਾਤਾਰ ਦਲਿਤ ਸਮਾਜ ਦੇ ਜਾਇਜ਼ ਹੱਕਾਂ ਅਤੇ ਹਕੂਕਾਂ ਲਈ ਸੰਘਰਸ਼ ਕਰ ਰਹੀ ਹੈ।ਸਮਾਜਿਕ ਅਤੇ ਆਰਥਿਕ ਬਰਾਬਰੀ ਨੂੰ ਜਥੇਬੰਦੀ ਯਤਨਸ਼ੀਲ ਹੈ। ਇਸ ਮੌਕੇ 2017-19 ਟਰਮ ਲਈ ਸਰਬ-ਸੰਮਤੀ ਨਾਲ ਬਲਾਕ ਦੀ ਟੀਮ ਦਾ ਗਠਨ ਕੀਤਾ ਗਿਆ ਜਿਸ ਵਿਚ ਸ਼੍ਰੀ ਯੋਧਾ ਮੱਲ ਸ.ਸ.ਸ.ਸ. ਅਹਿਰਾਣਾ ਕਲਾਂ ਨੂੰ ਪ੍ਰਧਾਨ, ਮੋਹਨ ਲਾਲ ਮਰਨ-ਾਈਆਂ ਨੂੰ ਮੀਤ ਪ੍ਰਧਾਨ, ਸੰਦੀਪ ਕੁਮਾਰ ਸ.ਹ.ਸ. ਸਾਹਰੀ, ਸੰਜੀਵ ਕੁਮਾਰ ਮਾਨਾ, ਅਸ਼ੋਕ ਕੁਮਾਰ ਹੁਕੜਾਂ ਨੂੰ ਜਨਰਲ ਸਕੱਤਰ, ਸ਼੍ਰੀ ਮੰਗਲ ਨਾਥ ਐਕਸ-ਸਰਵਿਸਮੈਨ ਨੂੰ ਚੇਅਰਮੈਨ, ਸ਼੍ਰੀ ਪ੍ਰਿਥਵੀਪਾਲ ਸਿੰਘ ਅਤੇ ਗੁਰਪਾਲ ਸਿੰਘ ਹੈਪੀ ਨੂੰ ਯੂਥ ਆਗੂ, ਮਨਜੀਤ ਸਿੰਘ ਸੀਣਾ ਨੂੰ ਸਕੱਤਰ ਲਗਾਇਆ ਗਿਆ।ਨਵੀਂ ਚੁਣੀ ਟੀਮ ਨੇ ਬਾਬਾ ਸਾਹਿਬ ਦੇ ਸੰਦੇਸ਼ ਨੂੰ ਸਮਾਜ ਵਿਚ ਪਹੁੰਚਾਉਣ ਦਾ ਪ੍ਰਣ ਲਿਆ।ਇਸ ਮੌਕੇ ਲੈਕ. ਰਮੇਸ਼ ਕੁਮਾਰ, ਮਨਵਿੰਦਰ ਸਿੰਘ ਕਾਹਰੀ, ਪਵਨ ਕੁਮਾਰ ਮਾਨਾ, ਮਾਸਟਰ ਭੁਪਿੰਦਰ ਪਾਲ, ਕੰਪਿਊਟਰ ਫੈਕ. ਵਿਜੈ ਕੁਮਾਰ, ਸੋਨੂੰ ਲਾਲੀ, ਗੋਲੂ ਆਦਿ ਨੌਜਵਾਨ ਸਾਥੀ ਸ਼ਾਮਿਲ ਸਨ।



**ਰਿਪੋਰਟ: ਡਾ. ਜਸਵੰਤ ਰਾਏ (9815825999)**

# ਕ੍ਰਾਂਤੀ ਦਾ ਦੀਪਕ ਮੱਖਣ ਕ੍ਰਾਂਤੀ ਜ਼ਿੰਦਾਬਾਦ




ਰੰਗਮੰਚ ਦਾ ਮਹਾਂਨਾਇਕ ਮੱਖਣ ਕ੍ਰਾਂਤੀ ਦਾ ਵਿਛੋੜਾ ਮੈਥੋਂ ਅਤੇ ਸਾਡੇ ਬੁੱਧੀਜੀਵੀਆਂ ਕੋਲੋਂ ਝੱਲ ਨਹੀਂ ਹੋ ਰਿਹਾ, ਜਿਸਨੇ ਕਿ ਹਮੇਸ਼ਾ ਹੀ ਨੌਜਵਾਨ ਪੀੜ੍ਹੀ ਨੂੰ ਦੇਸ਼ ਭਗਤਾਂ, ਆਜ਼ਾਦੀ ਦੇ ਪ੍ਰਵਾਨਿਆਂ ਦੀਆਂ ਕ੍ਰਾਂਤੀਕੀਰ ਸੰਘਰਸ਼ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਆ ਅਤੇ ਭਾਰਤ ਦੇਸ਼ ਵਿਚ ਅਸਮਾਨਤਾ, ਚਾਹੇ ਕਿਸੇ ਵੀ ਪ੍ਰਕਾਰ ਦੀ ਹੋਵੇ, ਨੂੰ ਖਤਮ ਕਰਕੇ ਸਮਾਜ ਵਿਚ ਸਮਾਨਤਾ ਕਾਇਮ ਕਰਨ ਲਈ ਨਾਟਕ, ਕੋਰੀਓਗ੍ਰਾਫੀ ਰਾਹੀਂ ਜਾਗਰਿਤ ਕੀਤਾ। ਮੱਖਣ ਕ੍ਰਾਂਤੀ ਦਾ ਅਚਾਨਕ ਚਲੇ ਜਾਣਾ ਸਮਾਜ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਗ੍ਰੀਸ, ਦੁਬਈ, ਭਾਰਤ ਵਰਸ਼ ਵਿਚ ਬੈਠੇ ਲੱਖਾਂ ਕਰੋੜਾਂ ਪਰਿਵਾਰਾਂ ਵਿਚ ਸੋਕ ਦੀ ਲਹਿਰ ਦੌੜ ਗਈ ਹੈ।

**–ਰੋਸ਼ਨ ਭਾਰਤੀ**

# ਸਮਾਰਕ ਦੀਆਂ ਟੁੱਟਦੀਆਂ ਦੀਵਾਰਾਂ ਫਿਰ ਬਣਨ ਲੱਗੀਆਂ

**ਲਖਨਊ–** ਸਾਬਕਾ ਮੁੱਖ ਮੰਤਰੀ ਮਾਇਆਵਤੀ ਦੇ ਸ਼ਾਸਨ ਕਾਲ ਵਿਚ ਬਣਵਾਏ ਗਏ ਸਮਾਰਕਾਂ ਦੀਆਂ ਟੁੱਟੀਆਂ ਰੇਲਿੰਗ ਅਤੇ ਦੀਵਾਰਾਂ ਦੀ ਰੰਗਤ ਫਿਰ ਤੋਂ ਬਦਲਣ ਲੱਗੀ ਹੈ। ਚਾਰ ਸਾਲ ਤੋਂ ਟੁੱਟੀਆਂ ਇਹਨਾਂ ਦੀਵਾਰਾਂ ਵੱਲ ਅੱਜ ਤੋਂ ਪਹਿਲਾਂ ਕਦੀ ਕਿਸੇ ਸਰਕਾਰੀ ਮਹਿਕਮੇ ਨੇ ਧਿਆਨ ਨਹੀਂ ਦਿੱਤਾ ਸੀ। ਪਰ ਹੁਣ ਉਹਨਾਂ ਨੂੰ ਅਚਾਨਕ ਬਣਵਾਉਣਾ ਆਰੰਭ ਕਰ ਦਿੱਤਾ ਹੈ। ਜਿਹਨਾਂ ਵਿਭਾਗਾਂ ਦੇ ਕੋਲ ਪਹਿਲਾਂ ਇਹਨਾਂ ਦੀ ਮੁਰੰਮਤ ਦਾ ਬਜਟ ਨਹੀਂ ਸੀ, ਉਹਨਾਂ ਨੇ ਹੁਣ ਆਪਣਾ ਖਜ਼ਾਨਾ ਖੋਲ੍ਹ ਦਿੱਤਾ ਹੈ। ਪੁਰਾਣੇ ਜੇਲ੍ਹ ਰੋਡ ਤੇ ਲੋਕ ਨਿਰਮਾਣ ਵਿਭਾਗ ਨੇ ਐਤਵਾਰ ਤੋਂ ਟੁੱਟੀ ਰੇਲਿੰਗ ਦੀ ਮੁਰੰਮਤ ਆਰੰਭ ਕਰ ਦਿੱਤੀ ਹੈ। ਸਮਾਰਕਾਂ 'ਤੇ ਪਿਛਲੇ ਪੰਜ ਸਾਲਾਂ ਵਿਚ ਸਰਕਾਰੀ ਵਿਭਾਗਾਂ ਦਾ ਕੋਈ ਧਿਆਨ ਨਹੀਂ ਗਿਆ। ਇਹੀ ਨਹੀਂ ਸਮਾਰਕਾਂ ਦੇ ਬਾਹਰਲੇ ਰੋਡ ਦੇ ਕਿਨਾਰੇ ਲੱਗੇ ਪੱਧਰਾਂ ਦੀ ਰੇਲਿੰਗ ਤੱਕ ਨੂੰ ਅਫਸਰਾਂ ਨੇ ਸਮਾਰਕਾਂ ਦੀ ਅਮਾਨਤ ਮੰਨ ਕੇ ਇਸ ਵੱਲ ਧਿਆਨ ਨਹੀਂ ਦਿੱਤਾ। ਨਤੀਜਾ ਚਾਰ ਸਾਲ ਤੋਂ ਟੁੱਟੀ ਪਈ ਰੇਲਿੰਗ ਤੱਕ ਦੀ ਮੁਰੰਮਤ ਨਹੀਂ ਕਰਵਾਈ ਗਈ। ਅਧਿਕਾਰੀਆਂ ਨੇ ਇਸ ਵੱਲੋਂ ਅੱਖਾਂ ਫੇਰ ਰੱਖੀਆਂ ਸਨ। ਹੁਣ ਅਚਾਨਕ ਚਾਰ ਸਾਲ ਬਾਅਦ ਪਤਾ ਨਹੀਂ ਕਿਉਂ ਉਹਨਾਂ ਦਾ ਦਿਲ ਬਦਲ ਗਿਆ ਹੈ। ਅਧਿਕਾਰੀਆਂ ਨੇ ਪੁਰਾਣੇ ਜੇਲ੍ਹ ਰੋਡ, ਵੀ. ਆਈ. ਪੀ. ਰੋਡ, ਕਾਸ਼ੀਰਾਮ ਇਕੋਗ੍ਰੀਨ ਗਾਰਡਨ ਦੇ ਆਸ ਪਾਸ ਤੇਜ਼ੀ ਨਾਲ ਕੰਮ ਆਰੰਭ ਕਰਾ ਦਿੱਤਾ ਹੈ। ਦਰਜਨਾਂ ਮਜ਼ਦੂਰ ਇਹਨਾਂ ਦੀ ਮੁਰੰਮਤ ਵਿਚ ਲੱਗ ਗਏ ਹਨ। ਰਾਤੋ ਰਾਤ ਗੁਲਾਬੀ ਪੱਧਰ ਵੀ ਆ ਗਿਆ। ਸਮਾਰਕਾਂ ਦੀਆਂ ਬਾਹਰਲੀਆਂ ਦੀਵਾਰਾਂ ਤੇ ਰੇਲਿੰਗ ਨੂੰ ਚਮਕਾਉਣ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ। ਪੱਥਰਾਂ ਦੀ ਜੋ ਰੇਲਿੰਗ ਸਾਲਾਂ ਤੋਂ ਉਖੜੀ ਪਈ ਸੀ, ਧੂੜ ਮਿੱਟੀ ਨਾਲ ਕਾਲੀ ਪੈ ਗਈ ਸੀ, ਹੁਣ ਉਸਨੂੰ ਵੀ ਮਸ਼ੀਨਾਂ ਨਾਲ ਘਸਾਈ ਕਰਕੇ ਚਮਕਾਇਆ ਜਾ ਰਿਹਾ ਹੈ। ਜਿੱਥੇ ਜਿਸ ਡਿਜ਼ਾਇਨ ਦੇ ਪੱਥਰ ਅਤੇ ਰੇਲਿੰਗ ਲੱਗੀ ਸੀ, ਉਥੇ ਉਸੇ ਤਰ੍ਹਾਂ ਦੇ ਪੱਥਰ ਅਤੇ ਰੇਲਿੰਗ ਲਗਾਈ ਜਾ ਰਹੀ ਹੈ। ਲੋਕ ਨਿਰਮਾਣ ਵਿਭਾਗ ਨੇ ਇਸਨੂੰ ਬਣਵਾਉਣ ਦੇ ਲਈ ਕੋਈ ਟੈਂਡਰ ਨਹੀਂ ਕਰਵਾਇਆ ਹੈ। ਹਾਲਾਂਕਿ ਅਹਿਮ ਅਧਿਕਾਰੀ ਇਸਨੂੰ ਵਿਭਾਗੀ ਵਿਵਸਥਾ ਦੇ ਤਹਿਤ ਬਣਾ ਰਹੇ ਹਨ। ਮਹੇਸ਼ ਠੇਕੇਦਾਰ ਨੂੰ ਵਿਭਾਗੀ ਯੋਜਨਾ ਦੇ ਤਹਿਤ ਇਸਦਾ ਕੰਮ ਮਿਲਿਆ ਹੈ।



# ਪੰਜਾਬੀ ਸਾਹਿਤ ਸਭਾ ਦੇ ਨਵੇਂ ਆਹੁਦੇਦਾਰਾਂ ਦੀ ਚੋਣ

## ਪੁਸਤਕ ਅਤੇ ਨਵੀਂ ਐਪ ਲੋਕ-ਅਰਪਣ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਇਕੱਤਰਤਾ ਡਾ. ਕਰਮਜੀਤ ਸਿੰਘ ਕਾਰਜਕਾਰਨੀ ਮੈਂਬਰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਆਰੰਭ ਵਿਚ ਡਾ. ਜਸਵੰਤ ਰਾਏ ਨੇ ਸਭਾ ਦੀਆਂ ਪਿਛਲੇ ਦੋ ਸਾਲ ਦੀਆਂ ਗਤੀਵਿਧੀਆ ਦੀ ਰਿਪੋਰਟ ਪੇਸ਼ ਕੀਤੀ। ਮੈਂਬਰਸ਼ਿਪ ਨਵਿਆਉਣ ਬਾਅਦ ਨਵੇਂ ਆਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।ਡਾ. ਮਨਮੋਹਨ ਸਿੰਘ ਤੀਰ, ਡਾ. ਕਰਮਜੀਤ ਸਿੰਘ, ਜਰਨੈਲ ਸਿੰਘ ਕਨੇਡਾ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ ਨੂੰ ਸਰਪ੍ਰਸਤ, ਮਦਨਵੀਰਾ ਨੂੰ ਪ੍ਰਧਾਨ, ਸੁਰਿੰਦਰ ਕੰਗਵੀ ਅਤੇ ਤ੍ਰਿਪਤਾ ਕੇ ਸਿੰਘ ਨੂੰ ਮੀਤ ਪ੍ਰਧਾਨ, ਡਾ. ਜਸਵੰਤ ਰਾਏ ਨੂੰ ਜਨਰਲ ਸਕੱਤਰ, ਪ੍ਰਿੰਸੀ. ਸਤਵੰਤ ਕਲੋਟੀ ਨੂੰ ਸਕੱਤਰ, ਪ੍ਰੀਤ ਨੀਤ ਪੁਰ ਤੇ ਡਾ,. ਰਵਿੰਦਰ ਕੌਰ ਨੂੰ ਸਹਾਇਕ ਸਕੱਤਰ, ਸਤੀਸ਼ ਕੁਮਾਰ ਨੂੰ ਵਿੱਤ ਸਕੱਤਰ, ਪ੍ਰਬੰਧਕੀ ਬੋਰਡ ਵਿਚ ਦਰਸ਼ਨ ਸਿੰਘ ਦਰਸ਼ੀ, ਡਾ. ਸਰਦੂਲ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਸੁਰਿੰਦਰ ਸੱਲ੍ਹਣ, ਕਾਰਜਕਾਰਨੀ ਮੈਂਬਰ ਡਾ. ਪਰਮਜੀਤ ਕੌਰ, ਦਵਿੰਦਰ ਕੌਰ, ਅਮਨਗੀਤ ਸਿੰਘ, ਪ੍ਰਿੰਸੀ. ਦਾਸ ਭਾਰਤੀ, ਹਰਵਿੰਦਰ ਸਾਹਬੀ, ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਅਵਤਾਰ ਸਿੰਘ ਹੋਠੀ, ਅਵਤਾਰ ਲੰਗੇਰੀ, ਲਖਵਿੰਦਰ ਰਾਮ ,ਕੁਲਵਿੰਦਰ ਕੌਰ ਰੂਹਾਨੀ, ਗੁਰਬਚਨ ਕੌਰ, ਸੁਰਜੀਤ ਸਿੰਘ, ਸੱਚਦੇਵਾ, ਗੌਰਵ ਕਾਲੀਆ, ਲਵਦੀਪ ਸਿੰਘ, ਯੋਧਾ ਮੱਲ, ਗੁਰਨਾਮ ਸਿੰਘ ਪ੍ਰੀਤ ਲਏ ਗਏ।

ਇਸ ਮੌਕੇ ਕਹਾਣੀਕਾਰ ਪ੍ਰੀਤ ਨੀਤ ਪੁਰ ਦਾ ਮਿੰਨੀ ਕਹਾਣੀ ਸੰਗ੍ਰਹਿ ਉਹੌਕਾ ਹੰਝੂ ਤੇ ਮੁਸਕਾਨ" ਲੋਕ ਅਰਪਣ ਕੀਤਾ ਗਿਆ।ਇਸ ਬਾਰੇ ਗੱਲ ਕਰਦਿਆਂ ਮਦਨਵੀਰਾ ਨੇ ਕਿਹਾ ਪ੍ਰੀਤ ਜੰਮ ਕੇ ਲਿਖਣ ਅਤੇ ਨਿੱਠ ਕੇ ਪੜ੍ਹਨ ਵਾਲਾ ਕਹਾਣੀਕਾਰ ਹੈ। ਉਹ ਆਪਣੀ ਲਿਖਤ ਵਿਚ ਮਾਝੇ ਅਤੇ ਦੁਆਬੇ ਦੀ ਸੌਖੀ ਅਤੇ ਠੇਠ ਸ਼ਬਦਾਵਲੀ ਨੂੰ ਵਿਅੰਗ ਦੀ ਇੰਝ ਪੁਠ ਦੇ ਕੇ ਪੇਸ਼ ਕਰਦਾ ਹੈ ਕਿ ਇਹ ਪੜ੍ਹਨ ਵਾਲੇ ਦੇ ਧੁਰ ਅੰਦਰ ਤੱਕ ਉਤਰ ਜਾਂਦੀ।ਉਹ ਸਮਾਜ ਵਿਚਲੇ ਅਸਾਵੇਂਪਨ ਅਤੇ ਕਾਣੀਵੰਡ ਨੂੰ ਮਹਿਸੂਸ ਕਰਦਿਆਂ ਲੋਕਾਂ ਨੂੰ ਇਸ ਖਿਲਾਫ ਸੰਘਰਸ਼ ਕਰਨ ਲਈ ਪ੍ਰੇਰਦਾ ਆਪ ਵੀ ਨਾਲ ਖੜ੍ਹਦਾ ਹੈ।

ਇਸ ਮੌਕੇ ਸਭਾ ਵਲੋਂ ਸ. ਰੁਪਿੰਦਰ ਸਿੰਘ ਅਤੇ ਅਮਨਗੀਤ ਸਿੰਘ ਵਲੋਂ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨਾਲ ਤਿਆਰ ਕੀਤੀ ਐਪ ਉਲਿਟ ਬੁੱਕ ਪੰਜਾਬੀ" ਲੋਕ ਅਰਪਣ ਕੀਤੀ ਗਈ।ਇਸ ਨਾਲ ਹੁਣ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਪੰਜਾਬੀ ਆਪਣੇ ਮੋਬਾਇਲ ਤੇ ਪੰਜਾਬੀ ਦੀਆਂ ਸਾਰੀਆਂ ਲਿਖਤਾਂ ਨੂੰ ਪੜ੍ਹ ਸਕਣਗੇ। ਅੰਤ ਵਿਚ ਰਚਨਾਵਾਂ ਦੇ ਦੌਰ ਵਿਚ ਤ੍ਰਿਪਤਾ ਕੇ ਸਿੰਘ ਦੀ ਕਹਾਣੀ ਉਭੋਰਾ ਕੁ ਥਿੰਦਾ" ਦੇ ਪਾਠਨ ਤੇ ਲੇਖਕਾਂ ਨੇ ਆਪਣੀਆਂ ਭਾਵਪੂਰਤ ਟਿੱਪਣੀਆਂ ਨਾਲ ਨਵੇਂ ਦਲਿਤ ਐਂਗਲ ਤੋਂ ਲਿਖੀ ਇਸ ਕਹਾਣੀ ਲਈ ਲੇਖਿਕਾ ਨੂੰ ਵਧਾਈ ਦਿੱਤੀ।ਉਪਰੰਤ ਪ੍ਰਧਾਨ ਮਦਨਵੀਰਾ ਨੇ ਸਾਰੇ ਆਏ ਵਿਦਵਾਨਾਂ ਲਈ ਧੰਨਵਾਦੀ ਸ਼ਬਦ ਆਖੇ।ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।




**ਰਿਪੋਰਟ: ਡਾ. ਜਸਵੰਤ ਰਾਏ ਮੋਬਾਇਲ (91-98158-25999)**

ਦੇਸ਼ ਦੁਆਬਾ

# ਵਧਦੀ ਨਸਲੀ ਨਫਰਤ ਅਫਸੋਸਨਾਕ

ਹਾਲ ਹੀ ਵਿਚ ਅਮਰੀਕਾ ਦੇ ਕੰਸਾਸ ਵਿਚ ਇਕ ਭਾਰਤੀ ਇੰਜੀਨੀਅਰ ਅਤੇ ਉਸ ਦੇ ਦੋਸਤ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਕਈ ਲੋਕੀ ਅਮਰੀਕਾ ਵਿਚ ਨਸਲੀ ਹਿੰਸਾ ਅਤੇ ਨਸਲੀ ਨਫਰਤ ਦਾ ਸ਼ਿਕਾਰ ਹੋ ਚੁੱਕੇ ਹਨ। ਹਾਲਾਂਕਿ ਇਹ ਸਿਲਸਿਲਾ ਉਦੋਂ ਤੋਂ ਹੀ ਜਾਰੀ ਹੈ, ਜਦੋਂ ਤੋਂ ਭਾਰਤੀ ਮੂਲ ਦੇ ਲੋਕ ਅਮਰੀਕਾ ਆਏ ਸਨ। ਅਮਰੀਕਾ ਵਿਚ ਸਿਰਫ ਭਾਰਤੀ ਮੂਲ ਦੇ ਨਹੀਂ, ਬਲਕਿ ਅਰਬ ਅਤੇ ਏਸ਼ੀਆ ਦੇ ਹੋਰ ਮੁਲਕਾਂ ਤੋਂ ਆਏ ਲੋਕ ਵੀ ਅਜਿਹੀ ਨਸਲੀ ਨਫਰਤ ਦਾ ਸ਼ਿਕਾਰ ਹੁੰਦੇ ਹਨ। ਕਈ ਵਾਰ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਤੇ ਨਸਲੀ ਨਾਅਰੇ ਲਿਖੇ ਜਾਂਦੇ ਹਨ। ਪਰ ਹਾਲ ਦੇ ਸਮੇਂ ਦਰਮਿਆਨ ਅਮਰੀਕਾ ਵਿਚ ਨਸਲੀ ਨਫਰਤ ਬਹੁਤ ਤੇਜ਼ ਗਤੀ ਨਾਲ ਵਧੀ ਹੈ। ਨਵੇਂ ਬਣੇ ਰਾਸ਼ਟਰਪਤੀ ਸ੍ਰੀ ਟਰੰਪ ਦੀ ਚੋਣ ਤੋਂ ਬਾਅਦ ਨਸਲਵਾਦ ਤੇਜ਼ੀ ਨਾਲ ਵਧਿਆ ਹੈ, ਹਾਲਾਂਕਿ ਸ੍ਰੀ ਟਰੰਪ ਇਸ ਗੱਲ ਨੂੰ ਨਕਾਰਦੇ ਹਨ ਕਿ ਉਹਨਾਂ ਦੀਆਂ ਨੀਤੀਆਂ ਅਤੇ ਵਾਅਦਿਆਂ ਕਾਰਨ ਨਸਲੀ ਨਫਰਤ ਵੱਧ ਰਹੀ ਹੈ। ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਨਫਰਤ ਭਰੇ ਸੁਨੇਹਾ ਆ ਰਹੇ ਹਨ। ਅਮਰੀਕਾ ਵਿਚ ਰਹਿੰਦਾ ਮੁਸਲਿਮ ਭਾਈਚਾਰਾ ਤਾਂ ਹੋਰ ਵੀ ਜ਼ਿਆਦਾ ਡਰਿਆ ਹੋਇਆ ਹੈ। ਇਕ ਮੁਸਲਿਮ ਪਰਿਵਾਰ ਨੂੰ ਕਿਰਾਏ ਤੇ ਮਕਾਨ ਦੇਣ ਵਾਲੇ ਵਿਅਕਤੀ ਨੂੰ ਲੋਕੀ ਖੁੱਲ੍ਹੇਆਮ ਗਾਲਾਂ ਕੱਢਦੇ ਮੀਡੀਆ ਨੇ ਦਿਖਾਏ। ਉਸ ਪਰਿਵਾਰ ਦਾ ਕਹਿਣਾ ਹੈ ਕਿ ਉਹ ਹਰ ਦਿਨ ਦਹਿਸ਼ਤ ਵਿਚ ਜਿਉਂਦਾ ਹੈ। ਉਹਨਾਂ ਨੂੰ ਇਹ ਚਿੰਤਾ ਹੈ ਕਿ ਨਫਰਤ ਦੀ ਬੁਨਿਆਦ ਤੇ ਹੋਣ ਵਾਲੇ ਅਪਰਾਧ ਕੀ ਹੋਰ ਜ਼ਿਆਦਾ ਵਧਣਗੇ। ਹਾਲ ਹੀ ਵਿਚ ਫੇਸਬੁੱਕ ਤੇ ਇਕ ਵੀਡੀਓ ਸਾਹਮਣੇ ਆਈ, ਜਿਸ ਵਿਚ ਇਕ ਬਜ਼ੁਰਗ ਔਰਤ ਇਕ ਸਪੇਨ ਦੀ ਔਰਤ ਨੂੰ ਕਹਿ ਰਹੀ ਸੀ ਕਿ ਤੁਸੀਂ ਇਸ ਦੇਸ਼ ਦੇ ਨਹੀਂ ਹੋ। ਇਸ ਕਿਸਮ ਦੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਅਮਰੀਕਾ ਵਿਚ ਗੈਰ ਅਮਰੀਕੀ ਮੂਲ ਦੇ ਲੋਕੀ ਸਹਿਣ ਕਰ ਰਹੇ ਹਨ।

ਕੀ ਇਸ ਲਈ ਬਦਲੀ ਰਾਜਨੀਤਿਕ ਸਥਿਤੀ ਜ਼ਿੰਮੇਵਾਰ ਹੈ? ਬੇਸ਼ੱਕ ਕਾਫੀ ਹੱਦ ਤੱਕ ਰਾਜਨੀਤਿਕ ਖੇਤਰ ਵਿਚ ਆਉਂਦੇ ਭੜਕਾਊ ਬਿਆਨਾਂ ਦੇ ਸਿਰ ਠੀਕਰਾ ਭੰਨਿਆ ਜਾ ਰਿਹਾ ਹੈ, ਪਰ ਇਸ ਦੇ ਰਾਜਨੀਤਿਕ ਨਾਲੋਂ ਆਰਥਿਕ ਕਾਰਨ ਜ਼ਿਆਦਾ ਹਨ। ਜਦੋਂ-ਜਦੋਂ ਯੂਰਪ ਅਤੇ ਅਮਰੀਕਾ ਵਿਚ ਮੰਦੀ ਆਈ ਹੈ, ਨਸਲਵਾਦ ਨੇ ਸਿਰ ਚੁੱਕਿਆ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਨੇ ਤੇਜ਼ੀ ਨਾਲ ਆਰਥਿਕ ਤਰੱਕੀ ਕੀਤੀ ਅਤੇ ਵਿਸ਼ਵ ਆਰਥਿਕਤਾ ਦੇ 50 ਫੀਸਦੀ ਤੱਕ ਪਹੁੰਚ ਗਿਆ ਸੀ ਪਰ ਜਾਪਾਨ, ਜਰਮਨੀ, ਫਰਾਂਸ, ਆਸਟ੍ਰੇਲੀਆ ਅਤੇ ਹੋਰ ਕਈ ਮੁਲਕਾਂ ਦੇ ਆਰਥਿਕ ਵਿਕਾਸ ਦੇ ਕਾਰਨ ਅਮਰੀਕਾ ਦਾ ਸ਼ੇਅਰ ਘਟਦਾ ਚਲਿਆ ਗਿਆ। ਇਸ ਕਾਰਨ 70 ਦੇ ਦਹਾਕੇ ਵਿਚ ਅਮਰੀਕਾ ਨੂੰ ਮੰਦਵਾੜੇ ਦਾ ਸਾਹਮਣਾ ਕਰਨਾ ਪਿਆ। ਇਸ ਵਿਚੋਂ ਨਿਕਲ ਕੇ ਅਮਰੀਕਾ ਫਿਰ ਸਰਪਟ ਦੌੜਿਆ ਪਰ ਫਿਰ ਕਈ ਏਸ਼ੀਅਨ ਮੁਲਕਾਂ ਦੇ ਆਰਥਿਕ ਵਿਕਾਸ ਕਾਰਨ ਅਮਰੀਕਾ ਨੂੰ ਫਿਰ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਆਰਥਿਕਤਾ ਨਿਰੰਤਰ ਬਦਲਣ ਵਾਲਾ ਮਾਹੌਲ ਹੈ ਅਤੇ ਇਸ ਦੇ ਲਈ ਅੱਜ ਦੇ ਸੰਸਾਰ ਵਿਚ ਕਿਸੇ ਮੁਲਕ ਵਿਸ਼ੇਸ਼ ਦੇ ਲੋਕਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।ਪ੍ਰਵਾਸੀ ਲੋਕਾਂ ਨੇ ਅਮਰੀਕਾ ਦੇ ਆਰਥਿਕ ਵਿਕਾਸ ਵਿਚ ਬਹੁਤ ਅਹਿਮ ਯੋਗਦਾਨ ਪਾਇਆ ਹੈ, ਇਸ ਗੱਲ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਸਰਕਾਰੀ ਪੱਧਰ ਤੇ ਇਹ ਜ਼ਰੂਰੀ ਹੈ ਕਿ ਇਕ ਸੰਤੁਲਿਤ ਪ੍ਰੋਗਰਾਮ ਚਲਾਇਆ ਜਾਵੇ ਤਾਂ ਜੋ ਸਾਰੇ ਸੁਰੱਖਿਅਤ ਰਹਿਣ। ਕਿਸੇ ਇਕ ਫਿਰਕੇ ਜਾਂ ਧਰਮ ਵਿਸ਼ੇਸ਼ ਦੇ ਕਾਰਨ ਕੋਈ ਮੁਲਕ ਅਸੁਰੱਖਿਅਤ ਨਹੀਂ ਹੋ ਸਕਦਾ ਅਤੇ ਨਾ ਹੀ ਕਿਸੇ ਫਿਰਕੇ ਦੇ ਵਿਚ ਸਾਰੇ ਲੋਕੀ ਗਲਤ ਹੁੰਦੇ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-23

## ਮਾਸ ਖਾਣ ਜਾਂ ਨਾ ਖਾਣ ਬਾਰੇ ਵਿਚਾਰ ਚਰਚਾ



ਅਵਤਾਰ ਸਿੰਘ ਮਿਸ਼ਨਰੀ
510-432-5827

ਦਾਸ ਗੁਰਬਾਣੀ ਅਤੇ ਇਤਿਹਾਸ ਰਾਹੀਂ ਇਸ ਵਿਸ਼ੇ ਤੇ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਰਥਕ ਚਰਚਾ ਕੋਈ ਵੀ ਮਾੜੀ ਨਹੀਂ ਪਰ ਫੂਚਰਾਂ ਢਾਈ ਜਾਣੀਆਂ ਪਾਣੀ ਰਿੜਕਨ ਵਾਲੀ ਗੱਲ ਹੈ। ਜਿਨਾ ਚਿਰ ਗੋਲ-ਮੋਲ ਗੱਲਾਂ ਕਰੀ ਜਾਵਾਂਗੇ ਕਿਸੇ ਦੇ ਪੱਲੇ ਕੁਝ ਨਹੀਂ ਪੈਣਾ। ਦੇਖੋ ਸੰਸਾਰ ਵਿੱਚ ਅਨੇਕ ਤਰ੍ਹਾਂ ਦੇ ਭੋਜਨ ਹਨ ਅਤੇ ਖਾਣ ਵਾਲੇ ਵੀ ਅਨੇਕ ਹਨ ਪਰ ਗਊ ਬਕਰੀ ਆਦਿਕ ਜਾਨਵਰਾਂ ਬਾਰੇ ਦੇਖਿਆ ਜਾਂਦਾ ਹੈ ਕਿ ਉਹ ਮਾਸ ਨਹੀਂ ਖਾਂਦੇ ਸਗੋਂ ਘਾਸ ਹੀ ਖਾਂਦੇ ਹਨ ਅਤੇ ਸ਼ੇਰ ਕੇਵਲ ਮਾਸ ਹੀ ਖਾਂਦਾ ਹੈ। ਮਨੁੱਖ ਮਾਸ ਤੇ ਘਾਸ (ਅੰਨ ਜਬਜੀਆਂ ਫਲ) ਆਦਿਕ ਦੋਵੇਂ ਖਾ ਕੇ ਪਚਾ ਸਕਦਾ ਹੈ। ਇਸ ਕਰਕੇ ਮਨੁੱਖ ਨੂੰ ਇਕੱਲਾ ਘਾਸ (ਸਾਕਾਹਾਰੀਆਂ) ਦੀ ਕੈਟਾਗਿਰੀ ਵਿੱਚ ਹੀ ਨਹੀਂ ਰੱਖਿਆ ਜਾ ਸਕਦਾ। ਬਾਕੀ ਜੂਨਾਂ ਸਭ ਮਨੁੱਖ ਲਈ ਅਤੇ ਇਸ ਧਰਤੀ ਤੇ ਰੱਬ ਨੇ ਮਨੁੱਖ ਨੂੰ ਸਿਕਦਾਰੀ ਬਖਸ਼ੀ ਹੈ-ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (੩੭੪) ਸੰਸਾਰ ਵਿੱਚ ਜੀਵ ਜੀਵਾਂ ਦਾ ਅਹਾਰ ਕਰਦੇ ਆ ਰਹੇ ਹਨ-ਜੀਆਂ ਕਾ ਆਹਾਰ ਜੀਅ ਖਾਣਾ ਏਹੁ ਕਰੇਹਿ॥ (੯੨੪) ਕੋਈ ਖਾਈ ਜਾ ਰਿਹਾ ਹੈ, ਕੋਈ ਮਾਰੀ ਜਾ ਰਿਹਾ ਹੈ। ਕਰਤੇ ਦੀ ਵਿਸ਼ਾਲ ਰਚਨਾ ਵਿੱਚ ਐਸਾ ਹੁੰਦਾ ਆ ਰਿਹਾ ਹੈ।

ਮਨੁੱਖ ਨੇ ਆਪਣੀ ਸੀਮਤ ਬੁੱਧੀ ਅਨੁਸਾਰ ਕਿਸੇ ਚੀਜ ਨੂੰ ਪਾਪ ਤੇ ਕਿਸੇ ਚੀਜ ਨੂੰ ਪੁੰਨ ਮੰਨ ਲਿਆ ਹੈ। ਜਿਵੇਂ ਗਊ ਖਾਣੀ ਹਿੰਦੂ ਵਾਸਤੇ ਪਾਪ, ਤੇ ਸੂਰ ਖਾਣਾ ਮੁਸਲਮਾਨ ਵਾਸਤੇ ਹਰਾਮ ਮੰਨਿਆਂ ਗਿਆ ਹੈ। ਹਿੰਦੂਆਂ ਦੇ ਬਹੁਤੇ ਫਿਰਕੇ ਵੈਸ਼ਨੂੰ ਮੰਨੇ ਜਾਂਦੇ ਹਨ। ਸਿੱਖ ਨਾਂ ਹਿੰਦੂ ਤੇ ਨਾਂ ਮੁਸਲਮਾਨ ਹਨ-ਨਾ ਹਮ ਹਿੰਦੂ ਨ ਮੁਸਲਮਾਨ॥ (੧੧੩੬) ਗੁਰੂ ਨਾਨਕ ਜੀ ਨਾਲ ਵੀ ਇਸ ਵਿਸ਼ੇ ਤੇ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਚਰਚਾ ਹੋਈਆਂ, ਪਰ ਗੁਰੂ ਜੀ ਨੇ ਇਸ ਨੂੰ ਮੂਰਖਾਂ ਦਾ ਝਗੜਾ ਕਹਿ ਅਤੇ ਠੋਸ ਦਲੀਲਾਂ ਦੇ ਕੇ ਖਤਮ ਕੀਤਾ-ਮਾਸੁ ਮਾਸੁ ਕਰਿ ਮੂਰਖ ਝਗੜੇ..(੧੨੯੦) ਗੁਰਬਾਣੀ ਵਿੱਚ ਵਿਸ਼ੇ ਵਿਕਾਰਾਂ, ਨਸ਼ਿਆਂ ਅਤੇ ਮਾੜੇ ਕੰਮਾਂ ਦਾ ਤਾਂ ਖੰਡਨ ਹੈ, ਪਰ ਕਿਸੇ ਭੋਜਨ ਮਾਸ ਆਦਿਕ ਦਾ ਨਹੀਂ। ਨਸ਼ੇ ਮਤ ਮਾਰਦੇ ਹਨ-ਜਿਤਿ ਪੀਤੈ ਮਤਿ ਦੂਰਿ ਹੋਇ..॥ (੫੫੪) ਅਤੇ ਵਿਕਾਰ ਆਦਿਕ ਸਰੀਰ ਨੂੰ ਗਾਲਦੇ ਹਨ-ਕਾਮੁ ਕ੍ਰੋਧੁ ਕਾਇਆਂ ਕਉ ਗਾਲੈ॥ ਜਿਉ ਕੰਚਨ ਸੁਹਾਗਾ ਢਾਲੈ॥ (੯੩੨) ਇਸ ਕਰਕੇ ਡਾਕਟਰ ਆਦਿਕ ਵੀ ਨਸ਼ਿਆਂ ਦਾ ਤਿਆਗ ਕਰਨ ਦੀ ਸਿਖਿਆ ਦਿੰਦੇ ਹਨ।

ਖਾਣਾ ਖਾਣ ਬਾਰੇ ਗੁਰੂ ਨਾਨਕ ਜੀ ਦੇ ਵਿਚਾਰ-ਬਾਬਾ ਹੋਰੁ ਖਾਣਾ ਖੁਸ਼ੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (੧੬) ਜਿਸ ਵੀ ਭੋਜਨ ਖਾਣ ਨਾਲ ਮਨ ਵਿੱਚ ਵਿਕਾਰ ਪੈਦਾ ਹੋਣ ਅਤੇ ਸਰੀਰ ਪੀੜਤ ਹੋਵੇ ਉਹ ਖਾਣਾ ਨਹੀਂ ਖਾਣਾ ਚਾਹੀਦਾ ਭਾਂਵੇ ਦੁੱਧ ਹੋਵੇ ਜਾਂ ਮਾਸ। ਸੋ ਕਿਸੇ ਵਾਸਤੇ ਦੁੱਧ ਚੰਗਾ ਤੇ ਕਿਸੇ ਵਾਸਤੇ ਮਾਸ, ਕਿਸੇ ਨੂੰ ਦਾਲ ਚੌਲ ਹੀ ਮਾਫਕ ਹਨ। ਗੱਲ ਚਸਕਿਆਂ ਤੇ ਰਸਾਂ ਕਸਾਂ ਤੋਂ ਬਚਣ ਦੀ ਹੈ- ਖਸਮੁ ਵਿਸਾਰਿ ਕੀਏ ਰਸ ਭੋਗ॥ ਤਾ ਤਨਿ ਊਠਿ ਖਲੋਏ ਰੋਗ॥ (੧੨੫੬) ਮਾਲਕ ਨੂੰ ਤਿਆਗ ਕੇ ਖਾਦੇ ਪਦਾਰਥਾਂ, ਭੋਗੇ ਭੋਗਾਂ ਅਤੇ ਰਸਾਂ ਕਰਕੇ ਤਾਂ ਸਰੀਰਕ ਰੋਗ ਲੱਗ ਜਾਂਦੇ ਹਨ। ਇਕੱਲਾ ਮਾਸ ਹੀ ਰਸ ਨਹੀਂ ਸੋਨਾ, ਚਾਂਦੀ, ਇਸਤ੍ਰੀ, ਸੁਗੰਧੀਆਂ, ਘੋੜ ਸਵਾਰੀ, ਸੋਹਣੀਆਂ ਸੇਜਾਂ, ਮਹਿਲ ਮਾੜੀਆਂ, ਮਿੱਠੇ ਪਦਾਰਥ ਅਤੇ ਮਾਸ ਆਦਿਕ ਇਹ ਸਾਰੇ ਹੀ ਰਸ ਹਨ-ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸੁ ਸਰੀਰ ਕੇ ਕੈ ਘਟਿ ਨਾਮੁ ਨਿਵਾਸ॥ (੧੫) ਲੋੜ (ਹੱਦ) ਲਿਮਿਟ ਵਿੱਚ ਰਹਿਣ ਦੀ ਹੈ ਨਾਂ ਕਿ ਛੱਡਣ ਦੀ-ਥੋੜਾ ਸਵੇਂ ਥੋੜਾ ਹੀ ਖਾਵੈ॥ ਗੁਰਮੁਖ ਰਿਦੈ ਗਰੀਬੀ ਆਵੈ॥ (ਭਾ.ਗੁ.) ਇਕੱਲਾ ਮਾਸ ਛੱਡ ਕੇ ਤੁਸੀਂ ਰਸਾਂ ਤੋਂ ਮੁਕਤ ਨਹੀਂ ਹੋ ਸਕਦੇ। ਭੋਜਨ ਦੇ ਤੌਰ ਤੇ ਮਾਸ ਖਾਣ ਦੀ ਰੀਤ ਤਾਂ ਪਹਿਲਾਂ ਤੋਂ ਹੀ ਚੱਲੀ ਆ ਰਹੀ ਸੀ। ਹਿੰਦੂ ਘਰਾਣੇ ਵਿੱਚ ਜਦ ਬੱਚਾ ੯ ਸਾਲ ਦਾ ਹੋ ਜਾਂਦਾ ਤਾਂ ਜਨੇਊ ਦੀ ਰਸਮ ਬੜੀ ਧੂਮ-ਧਾਮ ਨਾਲ ਕੀਤੀ ਜਾਂਦੀ ਅਤੇ ਬਕਰਾ ਰਿਨ੍ਹ ਕੇ ਖਾਦਾ ਜਾਂਦਾ-ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥(੪੭੨) ਇੱਥੇ ਗੁਰੂ ਜੀ ਨੇ ਰਸਮੀ ਜਨੇਊ ਦਾ ਖੰਡਨ ਕੀਤਾ, ਨਾ ਕਿ ਮਾਸ ਦਾ ਸਗੋਂ ਇਹ ਵੀ ਦੱਸਿਆ-ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਸਮਾਣਾ॥ ਜਜਿ ਕਾਜਿ ਵਿਆਹਿ ਸੁਹਾਵੇ ਓਥੈ ਮਾਸੁ ਸਮਾਣਾ॥ (੧੨੯੦) ਮੰਨੇ ਗਏ ਚਾਰ ਜੁਗਾਂ ਭਾਵ ਲੰਬੇ ਸਮੇਂ ਤੋਂ ਵੇਦਾਂ ਕਤੇਬਾਂ ਵਿੱਚ ਵੀ ਮਾਸ ਦੀ ਚਰਚਾ ਹੈ, ਕਿਸੇ ਵੱਡੇ ਕਾਜ ਵਿਆਹ ਆਦਿਕ ਵਿੱਚ ਮਾਸ ਇਕੱਠਾ ਹੁੰਦਾ ਹੈ।

ਜਦ ਗੁਰੂ ਨਾਨਕ ਜੀ ਨਾਲ ਪਾਂਡਿਆਂ ਦੀ ਬਹਿਸ ਚਰਚਾ ਹੋਈ, ਤਾਂ ਗੁਰੂ ਜੀ ਨੇ ਫੁਰਮਾਇਆ-ਪਾਂਡੇ ਤੂੰ ਜਾਣੇ ਹੀ ਨਾਹੀ ਕਿਥੋਂ ਮਾਸ ਉਪੰਨਾ॥ ਤੋਇਹੁ ਅੰਨ ਕਮਾਦ ਕਪਾਹਾ ਤੋਇਹੁ ਤ੍ਰਿਭਵਨ ਗੰਨਾ॥ (੧੨੯੦) ਤੋਆ ਨਾਮ ਪਾਣੀ ਦਾ ਹੈ-ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਹੀ ਸਭੁ ਖਾਹਿ॥ (੧੨੪੦) ਹੋਰ ਫੁਰਮਾਨ ਹੈ- ਜੇਤੇ ਦਾਣੇ ਅੰਨ ਕੇ ਜੀਆਂ ਬਾਝੁ ਨ ਕੋਇ॥ (੪੭੨) ਮੁਕਦੀ ਗੱਲ-ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (੪੭੨) ਅਖੌਤੀ ਜੀਵ ਹੱਤਿਆ ਤੋਂ ਤਾਂ ਜੀਵ ਬਚ ਹੀ ਨਹੀਂ ਸਕਦਾ, ਕਿਉਂਕਿ ਪਾਣੀ ਅਤੇ ਅੰਨ ਸਭ ਹੀ ਖਾ-ਪੀ ਰਿਹਾ ਹੈ। ਸਾਹ ਰਾਹੀਂ ਵੀ ਸੂਖਮ ਜੀਵ ਅੰਦਰ ਜਾ ਰਹੇ ਹਨ। ਦਹੀਂ ਵਿੱਚ ਵੀ ਬੈਕਟੀਰੀਆ

(ਬਾਕੀ ਸਫਾ 11 ਤੇ)

## ਅਲੋਪ ਹੋ ਗਿਆ ਰੱਸੀਆਂ ਵੱਟਣ ਵਾਲਾ 'ਢੇਰਨਾ'



ਤਸਵਿੰਦਰ ਸਿੰਘ ਬੜੈਚ
91-98763-22677

ਜੇਕਰ ਅਸੀਂ ਅੱਜ ਦੇ ਪਿੰਡਾਂ ਦੀ ਤੁਲਨਾ ਪੁਰਾਣੇ ਪਿੰਡਾਂ ਨਾਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਬਹੁਤ ਛੋਟੇ-ਛੋਟੇ ਘਰੇਲੂ ਧੰਦੇ, ਜਿਨ੍ਹਾਂ ਵਿਚ ਜੁੱਤੀਆਂ ਬਣਾਉਣਾ, ਕੱਪੜਾ ਬੁਣਨਾ, ਰੱਸੀਆਂ ਵੱਟਣੀਆਂ ਆਦਿ ਧੰਦੇ ਇਕ-ਇਕ ਕਰਕੇ ਖ਼ਤਮ ਹੁੰਦੇ ਜਾ ਰਹੇ ਹਨ। ਜਿੱਥੇ ਇਹ ਧੰਦੇ ਖਤਮ ਹੋ ਰਹੇ ਹਨ, ਉਥੇ ਇਨ੍ਹਾਂ ਧੰਦਿਆਂ 'ਚ ਇਸਤੇਮਾਲ ਹੋਣ ਵਾਲੇ ਪੁਰਾਤਨ ਸੰਦ ਵੀ ਅਲੋਪ ਹੁੰਦੇ ਜਾ ਰਹੇ ਹਨ। ਕੋਈ ਸਮਾਂ ਸੀ, ਜਦੋਂ ਮੰਜੇ-ਪੀੜ੍ਹੀਆਂ ਬੁਣਨ ਲਈ, ਪਸ਼ੂਆਂ ਨੂੰ ਬੰਨਣ ਲਈ ਅਤੇ ਹੋਰ ਕੰਮਾਂ ਵਾਸਤੇ ਰੱਸੇ-ਰੱਸੀਆਂ ਢੇਰਨੇ ਨਾਲ ਵੱਟੀਆਂ ਜਾਂਦੀਆਂ ਸਨ। ਢੇਰਨਾ ਰੱਸੀ ਵੱਟਣ ਵਾਲੇ ਲੱਕੜ ਦੇ ਬਣੇ ਜੰਤਰ ਨੂੰ ਕਹਿੰਦੇ ਹਨ। ਢੇਰਨੇ ਨਾਲ ਰੱਸੀ ਬੰਦੇ ਵੱਟਦੇ ਹੁੰਦੇ ਸਨ। ਢੇਰਨੇ ਨਾਲ ਰੱਸੀ ਖੜ੍ਹੇ ਹੋ ਕੇ ਵੱਟੀ ਜਾਂਦੀ ਸੀ। ਰੱਸੀ ਸੂਤ, ਸਣ ਆਦਿ ਦੀ ਵੱਟੀ ਜਾਂਦੀ ਸੀ। ਢੇਰਨਾ ਚਲਾਉਣ ਵਾਲਾ ਬੰਦਾ ਕੁਝ ਸੂਤ ਜਾਂ ਸਣ ਨੂੰ ਦੋਹਰਾ ਕਰਕੇ ਢੇਰਨੇ ਦੇ ਹੇਠਲੇ ਹਿੱਸੇ ਨਾਲ ਜੋੜ ਦਿੰਦਾ ਸੀ ਤੇ ਉਸ ਨੂੰ ਵੱਟ ਚਾੜ੍ਹਦਾ। ਜਿਉਂ-ਜਿਉਂ ਵੱਟ ਚੜ੍ਹਦਾ ਰੱਸੀ ਲੰਮੀ ਹੁੰਦੀ ਜਾਂਦੀ ਤੇ ਢੇਰਨਾ ਚਲਾਉਣ ਵਾਲਾ ਬੰਦਾ ਆਪਣੇ ਮੋਢੇ ਉੱਤੇ ਰੱਖੀ ਸੂਤ ਜਾਂ ਸਣ ਵਿਚੋਂ ਹੋਰ ਧਾਗੇ, ਢਾਈਆਂ ਲਾਈ ਜਾਂਦਾ। ਜਦੋਂ ਰੱਸੀ ਥੋੜ੍ਹੀ ਕੁ ਲੰਬੀ ਹੋ ਜਾਂਦੀ ਤਾਂ ਇਸ ਨੂੰ ਢੇਰਨੇ ਉੱਪਰ ਲਪੇਟ ਦਿੱਤਾ ਜਾਂਦਾ ਸੀ। ਖੱਬੇ ਹੱਥ ਵਿਚ ਢੇਰਨੇ ਦੀ ਰੱਸੀ ਨੂੰ ਫੜਿਆ ਜਾਂਦਾ ਸੀ ਤੇ ਸੱਜੇ ਹੱਥ ਨਾਲ ਢੇਰਨਾ ਘੁਮਾਇਆ ਜਾਂਦਾ ਸੀ। ਢੇਰਨਾ ਪੰਜਾਬੀ ਸਭਿਆਚਾਰ ਦਾ ਅਨਖਿੱੜਵਾਂ ਅੰਗ ਰਿਹਾ ਹੈ। ਤਾਹੀਓ ਤਾਂ ਢੇਰਨੇ ਦਾ ਜਿਕਰ ਲੋਕ ਗੀਤਾਂ ਤੇ ਛੰਦਾਂ ਵਿਚ ਆਉਂਦਾ ਹੈ-



ਛੰਦ ਪਰਾਂਗੇ ਆਈਏ-ਜਾਈਏ,
ਛੰਦ ਪਰਾਂਗੇ ਢੇਰਨਾ।
ਵਿਆਹ ਮੁਕਲਾਵਾ ਕੱਠਾ ਦੇ ਦਿਉ,
ਘੜੀ-ਘੜੀ ਨਾ ਫੇਰਨਾ।

ਹੁਣ ਮੈਂ ਤੁਹਾਨੂੰ ਢੇਰਨੇ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ। ਢੇਰਨੇ ਦੋ ਤਰ੍ਹਾਂ ਦੇ ਹੁੰਦੇ ਸਨ। ਛੋਟਾ ਢੇਰਨਾ ਅਤੇ ਵੱਡਾ ਢੇਰਨਾ। ਛੋਟਾ ਢੇਰਨਾ 8 ਕੁ ਇੰਚ ਦੀ ਲੱਕੜੀ ਦਾ ਬਣਿਆ ਹੁੰਦਾ ਸੀ, ਜਿਸ ਦੇ ਵਿਚਾਲੇ ਰੱਸੀ ਬੰਨ੍ਹ ਕੇ ਘੁਮਾਇਆ ਜਾਂਦਾ ਸੀ। ਇਹ ਢੇਰਨਾ 4-5 ਇੰਚ ਮੋਟਾ ਅਤੇ 8 ਕੁ ਇੰਚ ਚੋੜਾ ਹੁੰਦਾ ਸੀ। ਜਿਸ ਦੇ ਦੋਵੇਂ ਸਿਰਿਆਂ ਨੂੰ ਥੋੜਾ-ਥੋੜਾ ਘੜਿਆ ਹੁੰਦਾ ਸੀ, ਖੇਡਣ ਵਾਲੀ ਗੁੱਲੀ ਵਾਂਗ। ਵੱਡਾ ਢੇਰਨਾ 8 ਕੁ ਇੰਚ ਲੰਮੀ, ਦੋ ਕੁ ਇੰਚ ਚੌੜੀ ਤੇ ਦੋ ਕੁ ਇੰਚ ਮੋਟੀ ਲੱਕੜ ਦੇ ਦੋ ਟੁਕੜਿਆਂ ਦਾ ਬਣਾਇਆ ਜਾਂਦਾ ਸੀ। ਢੇਰਨਾ ਬਣਾਉਣ ਲਈ ਦੋਵੇਂ ਟੁਕੜਿਆਂ ਨੂੰ ਮਧਾਣੀ ਜੁੱਟ ਜੋੜਿਆ ਜਾਂਦਾ ਸੀ। ਪਹਿਲੇ ਦੋਵੇਂ ਟੁਕੜਿਆਂ ਨੂੰ ਰੰਦੇ ਨਾਲ ਚੰਗੀ ਤਰ੍ਹਾਂ ਰੰਦ ਕੇ ਗੋਲ ਕੀਤਾ ਜਾਂਦਾ ਸੀ। ਫਿਰ ਮਧਾਣੀ ਜੁੱਟ ਜੋੜੇ ਥਾਂ 'ਤੇ ਇਕ ਹੋਰ ਗੋਲ ਕੀਤੀ ਹੋਈ ਕੋਈ ਡੇਢ ਕੁ ਫੁੱਟ ਦੀ ਲੰਬੀ ਲੱਕੜ ਨੂੰ ਲਾਇਆ ਜਾਂਦਾ ਸੀ। ਇਸ ਗੋਲ ਕੀਤੀ ਲੰਬੀ ਲੱਕੜ ਨੂੰ ਡੰਡਾ ਕਹਿੰਦੇ ਸਨ। ਡੰਡੇ ਦੇ ਦੂਜੇ ਸਿਰੇ ਤੋਂ ਥੋੜ੍ਹਾ ਕੁ ਥੱਲੇ ਇਕ ਛੋਟੀ ਜਿਹੀ ਕੀਲੀ ਲਾਈ ਜਾਂਦੀ ਸੀ। ਇਸ ਕੀਲੀ ਦਾ ਸਾਈਜ 4 ਕੁ ਇੰਚ ਦਾ ਹੁੰਦਾ ਸੀ। ਬੱਸ, ਇਹੀ ਢੇਰਨੇ ਦੀ ਬਣਤਰ ਹੁੰਦੀ ਸੀ। ਢੇਰਨੇ ਨੂੰ ਚਲਾਉਣਾ ਹਰੇਕ ਦੇ ਵਸ ਦਾ ਕੰਮ ਨਹੀਂ ਸੀ। ਇਸ ਨੂੰ ਹੁਨਰਮੰਦ ਬੰਦੇ ਹੀ ਚਲਾਉਂਦੇ ਹੁੰਦੇ ਸਨ। ਆਮ ਆਦਮੀ ਢੇਰਨਾ ਨਹੀਂ ਚਨਾ ਸਕਦਾ। ਢੇਰਨੇ ਨੂੰ ਚਲਾਉਣ ਦਾ ਵੀ ਢੰਗ ਹੁੰਦਾ ਸੀ। ਹੁਣ ਤਾਂ ਲੋਕਾਂ ਨੂੰ ਇਸ ਜੰਤਰ ਦੀ ਵਰਤੋਂ ਅਤੇ ਪਹਿਚਾਣ ਕਰਨੀ ਵੀ ਔਖੀ ਹੋ ਗਈ ਹੈ। ਅੱਜਕੱਲ੍ਹ ਨਾ ਢੇਰਨਾ ਰਿਹਾ ਨਾ ਢੇਰਨੇ ਚਲਾਉਣ ਵਾਲੇ। ਅੱਜ ਦੀ ਬਹੁਤੀ ਪੀੜ੍ਹੀ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਇਹ ਢੇਰਨਾ ਕੀ ਹੁੰਦਾ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਆਈ ਕ੍ਰਾਂਤੀ ਨੇ ਪੁਰਾਤਨ ਵਿਰਸੇ ਨੂੰ ਭੁਲਾ ਕੇ ਰੱਖ ਦਿੱਤਾ ਹੈ। ਭਾਵੇਂ ਕਿ ਮਸ਼ੀਨਰੀ ਯੁੱਗ 'ਚ ਕੰਮ ਕਰਨ ਵਿਚ ਭਾਰੀ ਰਾਹਤ ਮਿਲੀ ਹੈ, ਪਰ ਹੱਡ-ਭੰਨਵੀਂ ਮਿਹਨਤ ਨਾ ਕਰਨ ਕਾਰਨ ਰਵਾਇਤੀ ਸੰਦਾਂ ਨੂੰ ਪਿਛਾਂਹ ਸੁੱਟਣ ਕਾਰਨ ਲੋਕ ਬਿਮਾਰੀਆਂ ਦੀ ਜਕੜ 'ਚ ਅਤੇ ਕਰਜ਼ਿਆਂ ਦੀ ਪੰਡ ਹੇਠਾਂ ਦੱਬੇ ਜਾ ਰਹੇ ਹਨ। ਹਰੇਕ ਇਨਸਾਨ ਆਪਣੇ ਐਸ਼ੋ-ਆਰਾਮ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਕਰਜੇ 'ਤੇ ਆਧੁਨਿਕ ਸੰਦ ਲੈ ਕੇ ਕਰਜੇ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ ਅਤੇ ਹੱਡ-ਭੰਨਵੀਂ ਮਿਹਨਤ ਕਰਨ ਤੋਂ ਕੰਨੀ ਕਤਰਾ ਰਿਹਾ ਹੈ। ਪੁਰਾਣੇ ਵੇਲਿਆ 'ਚ ਜਦੋਂ ਸਾਰਾ ਕੰਮ ਲੋਕ ਹੱਥੀ ਕਰਦੇ ਸਨ ਤਾਂ ਉਨ੍ਹਾਂ ਦੇ ਸਰੀਰ ਨਰੋਏ ਵੀ ਸਨ ਤੇ ਤੰਦਰੁਸਤ ਵੀ ਰਹਿੰਦੇ ਸਨ। ਕੰਮ ਬਹਾਨੇ ਵਰਜਿਸ਼ ਹੁੰਦੀ ਰਹਿੰਦੀ ਸੀ। ਅੱਜ ਦਾ ਤਕਰੀਬਨ ਹਰ ਕੰਮ ਮਸੀਨੀਕਰਨ ਵਿਚ ਬਦਲ ਚੁੱਕਾ ਹੈ। ਹੁਣ ਬਹੁਤ ਸਾਰਾ ਕੰਮ ਮਸ਼ੀਨਾਂ ਰਾਹੀਂ ਹੁੰਦਾ ਹੈ। ਸਭ ਕੰਮਕਾਰ ਹੁਣ ਹੱਥੀਂ ਨਹੀਂ ਕੀਤੇ ਜਾਂਦੇ ਜਿਵੇਂ ਪਹਿਲਾ ਕੀਤੇ ਜਾਂਦੇ ਸਨ। ਹੱਥੀ ਕਿਰਤ ਕਮਾਈ ਦੀ ਸਿੱਖਿਆ ਜੋ ਸਾਡੇ ਗੁਰੂਆਂ ਨੇ ਦਿੱਤੀ ਹੈ ਉਸ ਨੂੰ ਸਾਡੇ ਪੁਰਾਤਨ ਸੱਭਿਆਚਾਰ ਨੇ ਬਾਖੂਬੀ ਨਿਭਾਇਆ ਹੈ। ਸਮੇਂ ਦੀ ਬਦਲੀ ਤੋਰ ਨੇ ਬੰਦੇ ਨੂੰ ਕਿਰਤ ਤੇ ਸਾਦ-ਮੁਰਾਦੀ ਜੀਵਨ ਜਾਚ ਤੋਂ ਵੀ ਦੂਰ ਕਰ ਦਿੱਤਾ ਹੈ। ਮਸ਼ੀਨੀਕਰਨ ਆਉਂਣ ਕਰਕੇ ਹੁਣ ਲੋਕੀਂ ਰੱਸੀਆਂ ਵੱਟਣ ਵਾਲੇ ਆਹਰ ਤੋਂ ਮੁਕਤ ਹੋ ਗਏ ਹਨ। ਹੁਣ ਰੱਸੀਆਂ ਮਸ਼ੀਨਾਂ ਨਾਲ ਵੱਟੀਆਂ ਜਾਂਦੀਆਂ ਹਨ। ਅਜੋਕੇ ਸਮੇਂ ਵਿਚ ਮਸ਼ੀਨੀਕਰਨ ਦੀ ਐਸੀ ਹਨੇਰੀ ਵੱਗ ਪਈ ਹੈ ਕਿ ਢੇਰਨੇ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਬੰਦੇ ਵੀ ਸਮੇਂ ਦੀ ਧੂੜ ਵਿਚ ਪਤਾ ਨਹੀਂ ਕਿਧਰ ਗਵਾਚ ਗਏ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਧਾ ਸਵਾਮੀ ਰਸੀਲਾ ਸਤਿਸੰਗ ਸੈਂਟਰ ਫਰਿਜ਼ਨੋ ਵਿਖੇ ਮਹੀਨਾਵਾਰ ਸਤਿਸੰਗ 'ਚ ਲੱਗੀਆਂ ਰੌਣਕਾਂ





**ਫਰਿਜ਼ਨੋ (ਡੀ. ਡੀ. ਬੀ.)–** ਡੇਰਾ ਬਾਬਾ ਤੇਜਾ ਸਿੰਘ ਜੀ ਸੈਦੋਪੁਰ (ਅੰਮ੍ਰਿਤਸਰ) ਦੇ ਗੱਦੀ ਨਸ਼ੀਨ ਸੰਤ ਰਸੀਲਾ ਰਾਮ ਜੀ ਦੀ ਸਰਪ੍ਰਸਤੀ 'ਚ ਸ਼ੁਰੂ ਕੀਤੇ ਗਏ ਰਾਧਾ ਸਵਾਮੀ ਰਸੀਲਾ ਸਤਿਸੰਗ ਸੈਂਟਰ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਵੈਸੇ ਤਾਂ ਸੰਗਤ ਹਰ ਐਤਵਾਰ ਪਹੁੰਚਦੀ ਹੈ ਪਰ ਵੱਡਾ ਸਤਿਸੰਗ ਹਰੇਕ ਮਹੀਨੇ ਦੇ ਆਖਰੀ ਐਤਵਾਰ ਨੂੰ ਕੀਤਾ ਜਾਂਦਾ ਹੈ। ਇਸ ਵਾਰ ਫਰਵਰੀ ਮਹੀਨੇ ਦਾ ਸਤਿਸੰਗ 26 ਤਾਰੀਖ ਦਿਨ ਐਤਵਾਰ ਨੂੰ ਕੀਤਾ ਗਿਆ, ਜਿਸ ਵਿਚ ਫਰਿਜ਼ਨੋ ਤੋਂ ਇਲਾਵਾ ਦੂਰ-ਦੁਰਾਡਿਓਂ ਸਤਿਸੰਗੀ ਇਕੱਤਰ ਹੋਏ।

ਇਸ ਵਾਰ ਸਤਿਸੰਗ 'ਚ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਰਾਮ ਲੁਭਾਇਆ ਪਾਠੀ ਜੀ ਨੇ ਸ਼ਬਦ ਪੜ੍ਹਿਆ-

**ੴ ਸਤਿਗੁਰ ਪ੍ਰਸਾਦਿ॥**
**ਗਾਉੜੀ ਬੈਰਾਗਣ ਰਵਿਦਾਸ ਜੀਉ**
**ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥**

ਉਪਰੋਕਤ ਸ਼ਬਦ ਦੀ ਅੰਤਰੀਵ ਵਿਚਾਰ-ਵਿਧਾਨ ਵਿਆਖਿਆ ਸ੍ਰੀ ਪ੍ਰੇਮ ਪਾਲ ਜੀ ਨੇ ਬਹੁਤ ਵਧੀਆ ਢੰਗ ਨਾਲ ਕੀਤੀ। ਜਿਸ ਨੂੰ ਇਕੱਤਰ ਹੋਏ ਸਤਿਸੰਗੀਆਂ ਨੇ ਮਨਚਿਤ ਲਾ ਕੇ ਸਰਵਣ ਕੀਤਾ। ਸ੍ਰੀ ਪ੍ਰੇਮ ਪਾਲ ਜੀ ਨੇ ਬੜੇ ਹੀ ਨਿਸ਼ਚਿਤ ਸਮੇਂ ਅੰਦਰ ਗੁਰਬਾਣੀ ਸ਼ਬਦ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਉਪਰੰਤ ਸਟੇਜ ਸਕੱਤਰ ਸ੍ਰੀ ਜਸਵੰਤ ਮਹਿਮੀ ਜੀ ਨੇ ਸਮੂਹ ਸੰਗਤਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਤੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਅਗਲਾ ਸਤਿਸੰਗ 26 ਮਾਰਚ ਨੂੰ ਹੋਵੇਗਾ।

*******

# ਜ਼ਿਲ੍ਹਾ ਸੰਗਰੂਰ 'ਚ ਗੱਤਕਾ ਲਹਿਰ ਚਲਾਉਣ ਦਾ ਫੈਸਲਾ

**ਧੂਰੀ/ਸੰਗਰੂਰ–** ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਅੱਜ ਇਥੇ ਮਡਾਹਰ ਪਾਵਰ ਕੰਟਰੋਲਜ਼ ਕੱਕੜਵਾਲ ਵਿਖੇ ਇੱਕ ਮੀਟਿੰਗ ਦੌਰਾਨ ਜ਼ਿਲ੍ਹੇ ਦੀਆਂ ਵੱਖ-ਵੱਖ ਗੁਰਮਤਿ ਸੰਸਥਾਵਾਂ ਨਾਲ ਜੁੜੇ ਨੁਮਾਇੰਦਿਆਂ ਨਾਲ ਵਿਚਾਰਾਂ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਆਪਣੀ ਬੋਲੀ, ਵਿਰਾਸਤ ਤੇ ਸੱਭਿਆਚਾਰ ਨਾਲ ਜੋੜਨ, ਸਵੈ-ਰੱਖਿਆ ਦੇ ਗੁਣ ਪੈਦਾ ਕਰਨ, ਮਾੜੀਆਂ ਕੁਰਿਹਤਾਂ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਗੱਤਕੇ ਵਰਗੀ ਸਸਤੀ ਤੇ ਵਿਰਾਸਤੀ ਖੇਡ ਨੂੰ ਪਿੰਡਾਂ ਵਿੱਚ ਪ੍ਰਫੁੱਲਤ ਕਰਕੇ ਘਰ-ਘਰ ਦੀ ਖੇਡ ਬਣਾਉਣ ਦੀ ਲੋੜ ਹੈ ਜਿਸ ਲਈ ਸਮੂਹ ਪੰਚਾਇਤਾਂ, ਪਿੰਡਾਂ ਦੀਆਂ ਗੁਰਦਵਾਰਾ ਕਮੇਟੀਆਂ, ਸਮਾਜਿਕ, ਧਾਰਮਿਕ ਤੇ ਖੇਡ ਸੰਸਥਾਵਾਂ ਨੂੰ ਗੱਤਕਾ ਖਿਡਾਰੀਆਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਸ. ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵੀ ਹਨ, ਨੇ ਕਿਹਾ ਕਿ ਗੱਤਕਾ ਖੇਡ ਨੂੰ ਨੈਸ਼ਨਲ ਸਕੂਲ ਖੇਡਾਂ ਅਤੇ ਯੂਨੀਵਰਸਿਟੀ ਖੇਡਾਂ 'ਚ ਸ਼ਾਮਲ ਕਰਵਾਉਣ ਪਿੱਛੋਂ ਪੰਜਾਬ ਸਰਕਾਰ ਤੋਂ ਇਸ ਦੀ ਗਰੇਡੇਸ਼ਨ ਕਰਵਾਈ ਜਾ ਚੁੱਕੀ ਹੈ ਜਿਸ ਕਰਕੇ ਗੱਤਕਾ ਖਿਡਾਰੀਆਂ ਦਾ ਭਵਿੱਖ ਉੱਜਲ ਹੈ ਜਿਸ ਸਦਕਾ ਉਹ ਵਿੱਦਿਅਕ ਸੰਸਥਾਵਾਂ 'ਚ ਦਾਖਲੇ ਸਮੇਂ ਅਤੇ ਸਰਕਾਰੀ ਨੌਕਰੀ 'ਚ ਭਰਤੀ ਵੇਲੇ ਖਿਡਾਰੀ ਕੋਟੇ ਦਾ ਤਿੰਨ ਫੀਸਦ ਲਾਭ ਲੈ ਸਕਦੇ ਹਨ। ਗੱਤਕਾ ਪ੍ਰੋਮੋਟਰ ਗਰੇਵਾਲ ਨੇ ਕਿਹਾ ਕਿ ਗੱਤਕੇ ਦੀ ਉਚ ਮਿਆਰੀ ਸਿਖਲਾਈ ਅਤੇ ਖੋਜ ਲਈ ਇੱਕ ਰਿਹਾਇਸ਼ੀ ਗੱਤਕਾ ਅਕੈਡਮੀ ਖੋਲੀ ਜਾਵੇਗੀ ਜਿੱਥੇ ਗੱਤਕੇਬਾਜਾਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਹੋਣਗੀਆਂ। ਉਨਾਂ ਕਿਹਾ ਕਿ ਗੱਤਕੇ ਦੀ ਪ੍ਰਫੁੱਲਤਾ ਲਈ ਪੰਜਾਬ ਦੇ ਸਮੂਹ ਪਿੰਡਾਂ 'ਚ ਗੱਤਕਾ ਅਖਾੜੇ ਖੋਲੇ ਜਾਣਗੇ ਜਿਥੇ ਮੁਫ਼ਤ ਸਿਖਲਾਈ ਦੇ ਨਾਲ-ਨਾਲ ਸ਼ਸ਼ਤਰ ਵੀ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ ਗੱਤਕਾ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਿੱਚ ਦੇਸ਼-ਵਿਦੇਸ਼ 'ਚ ਚਲਦੇ ਵੱਖ-ਵੱਖ ਗੱਤਕਾ ਅਖਾੜਿਆਂ ਦਾ ਪੂਰਾ ਵੇਰਵਾ ਹੋਵੇਗਾ। ਇਸ ਮੀਟਿੰਗ ਦੌਰਾਨ ਮਡਾਹਰ ਪਾਵਰ ਕੰਟਰੋਲਜ਼ ਦੇ ਮਾਲਕ ਜੈ ਸਿੰਘ ਮਡਾਹਰ, ਹਰਜੀਤ ਸਿੰਘ ਗਰੇਵਾਲ, ਮਾਸਟਰ ਕਰਮਜੀਤ ਸਿੰਘ ਅਤੇ ਭੁਪਿੰਦਰ ਸਿੰਘ ਗਰੇਵਾਲ ਅਕਾਲ ਕੌਂਸਲ ਮਸਤੂਆਣਾ ਸਮੇਤ ਵੱਖ-ਵੱਖ ਪ੍ਰਚਾਰਕਾਂ ਅਤੇ ਸਿੱਖ ਚਿੰਤਕਾਂ ਨੇ ਬੱਚਿਆਂ ਨੂੰ ਗੁਰਸਿੱਖੀ ਮਾਰਗ ਨਾਲ ਜੋੜਨ ਲਈ ਤਜਵੀਜਾਂ ਪੇਸ਼ ਕਰਦਿਆਂ ਜਿੱਥੇ ਜ਼ਿਲ੍ਹਾ ਸੰਗਰੂਰ ਅੰਦਰ ਗੱਤਕਾ ਲਹਿਰ ਚਲਾਉਣ ਦਾ ਫੈਸਲਾ ਕੀਤਾ, ਉਥੇ ਇਨਸਾਨੀ ਜੀਵਨ 'ਚ ਪਾਣੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਜਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਰੋਕਣ ਅਤੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਗੰਭੀਰਤਾ ਨਾਲ ਯਤਨ ਕਰਨ 'ਤੇ ਜੋਰ ਦਿੱਤਾ। ਜ਼ਿਲ੍ਹੇ ਅੰਦਰ ਬੇਰੋਜ਼ਗਾਰਾਂ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਮਡਾਹਰ ਪਾਵਰ ਕੰਟਰੋਲਜ਼ ਵਿਖੇ ਮੁਫਤ ਕਿੱਤਾ ਸਿਖਲਾਈ ਦਿਵਾਉਣ ਦਾ ਫੈਸਲਾ ਵੀ ਕੀਤਾ। ਮੀਟਿੰਗ ਦੌਰਾਨ ਜ਼ਿਲ੍ਹੇ ਅੰਦਰ ਗੁਰਮਤਿ ਚੇਤਨਾ ਲਈ ਸੰਗਠਨਾਤਿਮਕ ਗਤੀਵਿਧੀਆਂ ਚਲਾਉਣ ਖਾਤਰ ਸਾਂਝੀ ਤਾਲਮੇਲ ਕਮੇਟੀ ਦਾ ਗਠਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਵਿਆਹ-ਸ਼ਾਦੀਆਂ ਅਤੇ ਸਮਾਜਿਕ ਰਸਮਾਂ 'ਤੇ ਫਜ਼ੂਲ ਖਰਚੇ ਬੰਦ ਕਰਕੇ ਸਮਾਜਿਕ ਬੁਰਾਈਆਂ ਦੇ ਖਾਤਮੇ 'ਤੇ ਵੀ ਜ਼ੋਰ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਐਸ.ਡੀ.ਓ.ਟੈਲੀਫੋਨਜ਼, ਗੁਰਮੀਤ ਸਿੰਘ ਗੰਗੜਪੁਰ, ਅਜੈਬ ਸਿੰਘ ਮਸਤੂਆਣਾ, ਕੁਲਵਿੰਦਰ ਸਿੰਘ ਛਿੰਦਟਾਂ, ਗੁਰਮੇਲ ਸਿੰਘ ਚੱਠੇ ਸੇਖਵਾਂ, ਗੁਰਜੀਤ ਸਿੰਘ ਦੁੱਗਾਂ, ਸੁੱਚਾ ਸਿੰਘ ਖਨਾਲ ਅਤੇ ਰਾਜਵਿੰਦਰ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ।



# ਭਾਜਪਾ ਅਤੇ ਬਸਪਾ ਮਿਲਾ ਸਕਦੇ ਹਨ ਉਤਰ ਪ੍ਰਦੇਸ਼ ਵਿਚ ਹੱਥ

**ਗਾਜ਼ੀਆਬਾਦ–** ਇਸੇ ਮਹੀਨੇ ਖਤਮ ਹੋਣ ਵਾਲੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਸੰਕੇਤ ਆਉਣੇ ਆਰੰਭ ਹੋ ਗਏ ਹਨ। 11 ਮਾਰਚ ਨੂੰ ਨਿਕਲਣ ਜਾ ਰਹੇ ਨਤੀਜਿਆਂ ਵਿਚ ਲਟਕਵੀ ਵਿਧਾਨ ਸਭਾ ਦੀ ਸਥਿਤੀ ਹੋ ਉਭਰ ਕੇ ਸਾਹਮਣੇ ਆਵੇਗੀ। ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਨਿੱਜੀ ਪ੍ਰਭਾਵ ਦੇ ਕਾਰਨ ਪੂਰਬੀ ਉਤਰ ਪ੍ਰਦੇਸ਼ ਵਿਚ ਤਾਂ ਪਹਿਲਾਂ ਤੋਂ ਹੀ ਸਪਾ ਦਾ ਦਬਦਬਾ ਸਪਸ਼ਟ ਨਜ਼ਰ ਆ ਰਿਹਾ ਸੀ ਪਰ ਕਾਂਗਰਸ ਦੇ ਨਾਲ ਹੋਏ ਗੱਠਜੋੜ ਤੋਂ ਬਾਅਦ ਪੱਛਮੀ ਉਤਰ ਪ੍ਰਦੇਸ਼ ਵਿਚ ਵੀ ਸਮੀਕਰਨ ਕਾਫੀ ਤੇਜ਼ੀ ਨਾਲ ਬਦਲੇ ਹਨ।

ਇਹਨਾਂ ਦੋਵੇਂ ਨੌਜਵਾਨ ਲੀਡਰਾਂ ਦੇ ਇਕੱਠੇ ਚੋਣ ਪ੍ਰਚਾਰ ਵਿਚ ਉਤਰਨ ਨਾਲ ਨੌਜਵਾਨ ਵੋਟਰ ਕਾਫੀ ਪ੍ਰਭਾਵਿਤ ਨਜ਼ਰ ਆ ਰਹੇ ਹਨ ਅਤੇ ਗੱਠਜੋੜ ਦੀ ਸਥਿਤੀ ਔਸਤਨ ਜ਼ਿਆਦਾ ਮਜ਼ਬੂਤ ਬਣਦੀ ਜਾ ਰਹੀ ਹੈ।

ਗੱਠਜੋੜ ਦੀ ਇਸੇ ਸਾਂਝੀ ਤਾਕਤ ਕਾਰਨ ਬਦਲੇ ਸਮੀਕਰਨਾਂ ਤੋਂ ਮੁਸਲਿਮ ਵੋਟਰ ਕਾਫੀ ਉਤਸ਼ਾਹਿਤ ਹੈ ਅਤੇ ਭਾਜਪਾ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਦੇ ਲਈ ਇਹ ਇਸੇ ਗੱਠਜੋੜ ਨੂੰ ਹੀ ਮਜ਼ਬੂਤ ਵਿਕਲਪ ਮੰਨ ਰਿਹਾ ਹੈ। ਇਹਨਾਂ ਪ੍ਰਸਥਿਤੀਆਂ ਵਿਚ ਬਹੁਜਨ ਸਮਾਜ ਪਾਰਟੀ ਜੋ ਇਸ ਵਾਰ ਚੋਣਾਂ ਵਿਚ ਆਪਣਾ ਭਵਿੱਖ ਮੁਸਲਿਮ ਵੋਟਰਾਂ ਨਾਲ ਜੋੜ ਕੇ ਚੱਲ ਰਹੀ ਸੀ, ਉਹ ਹੁਣ ਕਾਫੀ ਪੱਛੜੀ ਸਥਿਤੀ ਵਿਚ ਨਜ਼ਰ ਆ ਰਹੀ ਹੈ। ਇਹਨਾਂ ਬਦਲਦੇ ਸਮੀਕਰਨਾਂ ਕਾਰਨ ਭਾਰਤੀ ਜਨਤਾ ਪਾਰਟੀ ਵੀ ਕਾਫੀ ਪ੍ਰੇਸ਼ਾਨ ਹੈ ਅਤੇ ਉਹ ਸੱਤਾ ਵਿਚ ਆਉਣ ਦੇ ਲਈ ਨਵੇਂ ਹੱਥਕੰਡੇ ਅਤੇ ਨਵੇਂ ਰਸਤੇ ਲੱਭ ਰਹੀ ਹੈ।

ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਲਟਕਵੀਂ ਆ ਸਕਦੀ ਹੈ। ਇਸ ਹੰਗ ਅਸੈਂਬਲੀ ਦੀ ਔਸਤਨ ਸਥਿਤੀ ਬਣਨ ਤੇ ਕੋਈ ਹੋਰ ਵਿਕਲਪ ਨਾ ਬਣ ਸਕਣ ਦੀ ਸਥਿਤੀ ਵਿਚ ਭਾਜਪਾ ਅਤੇ ਬਸਪਾ ਆਪਸ ਵਿਚ ਮਿਲ ਕੇ ਸਰਕਾਰ ਬਣਾ ਸਕਦੀਆਂ ਹਨ। ਬਸਪਾ ਮੁਖੀ ਮਾਇਆਵਤੀ ਹਾਰ ਜਾਣ ਦੀ ਸਥਿਤੀ ਵਿਚ ਇਹ ਮੰਨਦੇ ਹੋਏ ਕਿ ਵ੍ਹਹਨਾਂ ਦਾ ਆਖਰੀ ਮੌਕਾ ਹੈ, ਇਸ ਕਰਕੇ ਉਹ ਆਪਣਾ ਮੁਸਲਿਮ ਮੋਹ ਭੰਗ ਕਰਕੇ ਭਾਜਪਾ ਨਾਲ ਹੱਥ ਵੀ ਮਿਲਾ ਸਕਦੀ ਹੈ। ਭਾਜਪਾ ਦੇ ਲਈ ਵੀ ਅਜਿਹੀਆਂ ਪ੍ਰਸਥਿਤੀਆਂ ਵਿਚ ਬਸਪਾ ਤੋਂ ਇਲਾਵਾ ਕੋਈ ਹੋਰ ਵਿਕਲਪ ਰਹਿ ਵੀ ਨਹੀਂ ਜਾਂਦਾ। ਹਾਲਾਂਕਿ ਪਹਿਲਾਂ ਇਹਨਾਂ ਦੋਵੇਂ ਪਾਰਟੀਆਂ ਦਾ ਆਪਸ ਵਿਚ ਮਿਲ ਕੇ ਸਰਕਾ ਚਲਾਉਣ ਦਾ ਤਜਰਬਾ ਕਾਫੀ ਕੌੜਾ ਰਿਹਾ ਹੈ।

ਪਰ ਮਜ਼ਬੂਰੀਆਂ ਵਿਚ ਕੋਈ ਹੋਰ ਵਿਕਲਪ ਨਾ ਹੋਣ ਤੇ ਇਕ ਇਹੀ ਰਸਤਾ ਦੋਵਾਂ ਦੇ ਕੋਲ ਬਾਕੀ ਰਹਿ ਜਾਂਦਾ ਹੈ। ਜੇਕਰ ਸਪਾ-ਬਸਪਾ ਦਾ ਗੱਠਜੋੜ, ਜਿਸਨੂੰ ਹੁਣ ਤੱਕ 175-185 ਸੀਟਾਂ ਮਿਲਦੀਆਂ ਨਜ਼ਰ ਆ ਰਹੀਆਂ ਹਨ, ਜੇਕਰ ਹੋਰ ਜ਼ਿਆਦਾ ਵਾਧਾ ਲੈ ਕੇ 203 ਦਾ ਅੰਕੜਾ ਪਾਰ ਨਾ ਕਰ ਸਕਿਆ ਤਾਂ ਉਤਰ ਪ੍ਰਦੇਸ਼ ਦੀ ਭਾਜਪਾ ਅਤੇ ਬਸਪਾ ਦੀ ਮਿਲੀ-ਜੁਲੀ ਸਰਕਾਰ ਦੀ ਵਿਵਸਥਾ ਵਿਚ ਹੀ ਚੱਲਣਾ ਹੋਵੇਗਾ। ਵੈਸੇ ਵੀ ਮਾਇਆਵਤੀ ਦੇ ਕੋਲ ਸੀ. ਬੀ. ਆਈ. ਤੋਂ ਬਚਣ ਦੇ ਲਈ ਭਾਜਪਾ ਦੇ ਨਾਲ ਰਹਿਣ ਤੋਂ ਇਲਾਵਾ ਦੂਜਾ ਰਸਤਾ ਨਹੀਂ ਹੈ।

# ਜਰਨੈਲ ਸਿੰਘ ਸਰਬਸੰਮਤੀ ਨਾਲ ਪ੍ਰਧਾਨ ਐਲਾਨਿਆ

**ਪਟਿਆਲਾ–** ਸਰਵ ਭਾਰਤੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਰੇਲਵੇ ਕਰਮਚਾਰੀ ਸੰਗਠਨ ਸਭਾ ਦੀ ਬੈਠਕ ਸੰਗਠਨ ਦੇ ਦਫਤਰ ਵਿਚ ਸੰਪੰਨ ਹੋਈ, ਜਿਸ ਵਿਚ ਅਗਲੇ 3 ਸਾਲਾਂ ਦੇ ਕਾਰਜਕਾਲ ਲਈ ਸਰਬਸੰਮਤੀ ਨਾਲ ਸੰਗਠਨ ਦੇ ਮੁੱਖ ਅਧਿਕਾਰੀਆਂ ਦੀ ਚੋਣ ਕੀਤੀ ਗਈ। ਜਿਸ ਵਿਚ ਜੋਨਲ ਪ੍ਰਧਾਨ ਜਰਨੈਲ ਸਿੰਘ ਜੋਨਲ ਕਾਰਜਕਾਰੀ ਪ੍ਰਧਾਨ, ਅਰੁਣ ਕੁਮਾਰ ਗੌਤਮ ਜੋਨਲ ਸਕੱਤਰ, ਰਾਮਮੂਰਤੀ ਜੋਨਲ ਵਧੀਕ ਸਕੱਤਰ, ਬਨਵਾਰੀ ਲਾਲ ਮੀਣਾ ਜੋਨਲ ਖਜਾਨਚੀ, ਸੁਖਦੇਵ ਰਾਜ ਸੰਗਠਨ ਦੇ ਪ੍ਰਧਾਨ ਥਾਪੇ ਗਏ। ਜਰਨੈਲ ਸਿੰਘ ਨੇ ਸਭਾ ਵਿਚ ਹਾਜ਼ਰ ਸਾਰੇ ਸੰਗਠਨ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਨਵੀਂ ਕਾਰਜਕਾਰਨੀ ਵਿਚ ਚੁਣੇ ਜਾਣ ਲਈ ਧੰਨਵਾਦ ਕੀਤਾ। ਸਾਰੀ ਕਾਰਜਕਾਰਨੀ ਦੇ ਨਾਂ ਗਰਦਾਨੇ ਅਹੁਦੇਦਾਰਾਂ ਨੇ ਆਪਣੇ ਰਿਜ਼ਰਵ ਵਰਗਾਂ ਦੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਬੀ. ਐਮ. ਡਬਲਿਊ ਰੇਲ ਕੋਚ ਪਟਿਆਲਾ ਨੂੰ ਬੁਲੰਦੀ ਤੱਕ ਪਹੁੰਚਾਉਣ ਲਈ ਤਨ ਮਨ ਧਨ ਅਤੇ ਇਕੱਠੇ ਹੋ ਕੇ ਭਾਰਤੀ ਰੇਲਵੇ ਨੂੰ ਅੱਗੇ ਵਧਾਉਣ ਲਈ ਨਿਰੰਤਰ ਕੰਮ ਕਰਦੇ ਰਹਿਣਗੇ।



## ਵਿਆਹ ਦੀ ਵਰ੍ਹੇਗੰਢ ਮੁਬਾਰਕ



ਅਮਰਿੰਦਰ ਸਿੰਘ ਚਹਿਲ ਅਤੇ ਬਰਜਿੰਦਰ ਕੌਰ ਚਹਿਲ ਵਾਸੀ ਪਿੰਡ ਭਾਦੜਾ ਤਹਿ.ਬੁਢਲਾਡਾ ਜਿਲਾ ਮਾਨਸਾ ਨੇ ਅਪਣੇ ਵਿਆਹ ਦੀ ਪਹਿਲੀ ਵਰੇਗੰਢ ਮਨਾਈ।



ਸ੍ਰੀ ਸ਼ਾਮ ਕੁਮਾਰ ਪਰਾਸ਼ਰ ਤੇ ਰਮਾਂ ਪਰਾਸ਼ਰ ਵਾਸੀ ਬਟਾਲਾ ਨੂੰ 27 ਵੀ ਵਰੇਗੰਢ ਦੀਆ ਬਹੁਤ ਬਹੁਤ ਮੁਬਾਰਕਾਂ

## ਨੇਤਰਦਾਨ ਸਮਿਤੀ ਰਜਿ: ਬਰੇਟਾ ਦੀ ਪ੍ਰੇਰਨਾ ਦੀ ਸਦਕਾ ਨੇਤਰਦਾਨ ਕੀਤੇ

**ਬਰੇਟਾ (ਦੀਪ)–** ਬੀਤੇ ਦਿਨੀ ਸੁਨਾਮ ਨਿਵਾਸੀ ਨੇਤਰਦਾਨੀ ਸ੍ਰੀ ਵਿਨੋਦ ਕੁਮਾਰ ਪੁੱਤਰ ਨਰੈਣ ਦਾਸ ਦੇ ਅਚਾਨਕ ਦੇਹਾਂਤ ਤੋਂ ਬਾਅਦ ਪਰਿਵਾਰ ਵੱਲੋਂ ਮ੍ਰਿਤਕ ਦੀਆਂ ਅੱਖਾਂ ਉਸਦੀ ਇੱਛਾ ਅਨੁਸਾਰ ਭਾਰਤ ਵਿਕਾਸ ਪ੍ਰੀਸ਼ਦ ਬਰੇਟਾ ਵੱਲੋਂ ਚਲਾਈ ਜਾ ਰਹੀ ਨੇਤਰਦਾਨ ਸਮਿਤੀ ਰਜਿ: ਬਰੇਟਾ ਦੀ ਪ੍ਰੇਰਣਾ ਨਾਲ ਪੁਨਰਜੋਤ ਆਈ ਬੈਂਕ, ਲੁਧਿਆਣਾ ਨੂੰ ਦਾਨ ਕੀਤੀਆਂ।

ਨੇਤਰਦਾਨ ਸਮਿਤੀ ਬਰੇਟਾ ਦੇ ਆਗੂ ਹਰਬੰਸ ਲਾਲ ਬਾਂਸਲ, ਸੰਜੇ ਬਾਂਸਲ ਅਤੇ ਬਾਬੂ ਰਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਾਨ ਕੀਤੀਆਂ ਅੱਖਾਂ ਨਾਲ ਦੋ ਵਿਅਕਤੀਆਂ ਦੀ ਹਨੇਰੀ ਦੁਨੀਆਂ ਵਿੱਚ ਰੌਸ਼ਨੀ ਆਵੇਗੀ।

## ਗੁਜਰਾਤ ਮੁਲਕ ਦਾ ਪਹਿਲਾ ਰਾਜ ਜਿੱਥੇ ਰਿਜ਼ਰਵੇਸ਼ਨ ਪੂਰੀ ਤਰ੍ਹਾਂ ਹਟਾ ਦਿੱਤੀ ਗਈ

**ਗਾਂਧੀਨਗਰ–** ਗੁਜਰਾਤ ਭਾਰਤ ਦਾ ਪਹਿਲਾ ਰਾਜ ਬਣ ਗਿਆ ਹੈ, ਜਿੱਥੇ ਰਿਜ਼ਰਵੇਸ਼ਨ ਨੂੰ ਪੂਰਨ ਤੌਰ ਤੇ ਹਟਾ ਦਿੱਤਾ ਗਿਆ ਹੈ। ਸਰਕਾਰੀ ਨੌਕਰੀ ਹੋਵੇ ਜਾਂ ਪੜ੍ਹਾਈ ਸਾਰਿਆਂ ਵਿਚ ਰਿਜ਼ਰਵੇਸ਼ਨ ਨੂੰ ਪੂਰਨ ਤੌਰ ਤੇ ਖਤਮ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਹੁਣ ਗੁਜਰਾਤ ਅਗਲੇ 25 ਸਾਲਾਂ ਤੱਕ ਰੇਲਵੇ ਵਿਚ ਸਫਰ, ਬੱਸਾਂ ਵਿਚ ਸਫਰ, ਫਿਲਮ, ਹੋਟਲ ਬੁਕਿੰਗ, ਪੜ੍ਹਾਈ ਵਿਚ, ਸਰਕਾਰੀ ਨੌਕਰੀ ਵਿਚ, ਤਰੱਕੀ ਵਿਚ 25 ਸਾਲਾਂ ਤੱਕ ਰਿਜ਼ਰਵੇਸ਼ਨ ਲਾਗੂ ਨਹੀਂ ਕਰੇਗਾ।

**ਗੁਜਰਾਤ ਹਾਈ ਕੋਰਟ ਦਾ ਫੈਸਲਾ**

ਹੁਣ ਜਨਰਲ ਕੈਟੇਗਰੀ ਵਿਚ ਕੋਈ ਹੋਰ ਵਰਗ ਦਾ (ਓ. ਬੀ. ਸੀ., ਐਸ. ਸੀ., ਐਸ. ਟੀ.) ਹੁਣ ਨੌਕਰੀ ਜਾਂ ਕਾਲਜ ਵਿਚ ਅਪਲਾਈ ਨਹੀਂ ਕਰ ਸਕਦਾ। ਮਤਲਬ ਉਹ ਲੋਕ ਆਪਣੀ ਹੀ ਕੈਟੇਗਰੀ ਵਿਚ ਅਪਲਾਈ ਕਰਨਗੇ। ਗੁਜਰਾਤ ਵਿਚ ਸਵਰਣਾਂ ਦੀ ਪਹਿਲੀ ਜਿੱਤ ਹੋਈ ਹੈ। ਹੁਣ ਗੁਜਰਾਤ ਹਾਈਕੋਰਟ ਦਾ ਫੈਸਲਾ ਆਇਆ ਹੈ ਅਤੇ ਫੈਸਲਾ ਦਿੱਤਾ ਹੈ ਕਿ ਰਿਜ਼ਰਵ ਵਰਗ ਦੇ ਵਿਅਕਤੀਆਂ ਨੂੰ ਸਿਰਫ ਰਿਜ਼ਰਵੇਸ਼ਨ ਉਹਨਾਂ ਦੇ ਵਰਗ ਵਿਚ ਹੀ ਮਿਲੇਗੀ, ਚਾਹੇ ਉਸਦਾ ਮੈਰਿਟ ਵਿਚ ਕਿੰਨਾ ਹੀ ਉਚਾ ਸਥਾਨ ਹੋਵੇ। ਜੇਕਰ ਕੋਈ ਜਾਤੀ ਸਰਟੀਫਿਕੇਟ ਦੰਦਿਾ ਹੈ ਤਾਂ ਉਸਨੂੰ ਰਿਜ਼ਰਵ ਖੇਤਰ ਵਿਚ ਹੀ ਜਗ੍ਹਾ ਮਿਲੇਗੀ ਅਤੇ ਉਹ ਗੈਰ ਰਿਜ਼ਰਵ ਕੋਟੇ ਵਿਚ ਜਗ੍ਹਾ ਨਹੀਂ ਬਣਾ ਸਕਦਾ। ਗੁਜਰਾਤ ਬ੍ਰਾਹਮਣ ਸਮਾਜ ਨੇ ਰੋਯਗਾਰ ਪ੍ਰਣਾਲੀ ਦੇ ਤਹਿਤ ਮੁਕੱਦਮਾ ਕੀਤਾ ਸੀ ਅਤੇ ਉਹ ਲੋਕ ਜੇਤੂ ਹੋਏ।

'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਰਜਿ.ਸੂੰਢ ਵਲੋਂ ਪ੍ਰਵਾਸੀ ਭਾਰਤੀਆਂ ਦੇ ਸਨਮਾਨ ਵਿਚ ਸਮਾਗਮ ਆਯੋਜਿਤ

## ਮਿਉਜ਼ਿਅਮ ਲਈ ਆਰਥਕ ਸਹਾਇਤਾ ਦਾ ਦਿੱਤਾ ਭਰੋਸਾ, ਸਕੂਲ ਨੂੰ ਵਾਟਰ ਕੂਲਰ ਭੇਂਟ





**ਫਗਵਾੜਾ (ਰੱਤੂ)–** ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਰਜਿ. ਪੰਜਾਬ ਵਲੋਂ ਕਮੇਟੀ ਪ੍ਰਧਾਨ ਐਮ.ਐਸ. ਪਰਮਾਰ ਅਤੇ ਜਨਰਲ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਹੇਠ ਇੱਥੋਂ ਦੇ ਨਜਦੀਕੀ ਪਿੰਡ ਸੂੰਢ ਸਥਿਤ ਡਾ. ਅੰਬੇਡਕਰ ਬੁਧਿਸਟ ਰਿਸੋਰਸ ਸੈਂਟਰ ਵਿਖੇ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਪ੍ਰਵਾਸੀ ਭਾਰਤੀ ਮਹਿੰਦਰ ਭੱਟੀ ਜਰਮਨ, ਡਾ. ਕਿਰਨਦੀਪ ਕੌਰ, ਡਾ. ਅਮਨਦੀਪ ਕੌਰ, ਰਾਮ ਪਾਲ ਜੱਖੂ ਤੋਂ ਇਲਾਵਾ ਸਤਨਾਮ ਸਿੰਘ ਕਲਸੀ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਮਹਿੰਦਰ ਭੱਟੀ ਵਲੋਂ ਰਿਸੋਰਸ ਸੈਂਟਰ ਵਿਖੇ ਚਲ ਰਹੇ ਵਿਦਿਅਕ ਅਦਾਰੇ ਨੂੰ ਇਕ ਵਾਟਰ ਕੂਲਰ ਭੇਂਟ ਕੀਤਾ ਗਿਆ। ਡਾ. ਕਿਰਨਦੀਪ ਅਤੇ ਡਾ. ਅਮਨਦੀਪ ਕੌਰ ਵਲੋਂ ਮਿਊਜ਼ਿਅਮ ਦੇ ਰੱਖ ਰਖਾਵ ਲਈ ਮਾਲੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਉਹਨਾਂ ਬਾਬਾ ਸਾਹਿਬ ਨੂੰ ਸਮਰਪਿਤ ਮਿਊਜ਼ਿਅਮ ਜੋ ਕਿ ਪੰਜਾਬ ਦਾ ਪਹਿਲਾ ਅਤੇ ਇਕਲੌਤਾ ਮਿਊਜ਼ਿਅਮ ਹੈ ਦੀ ਸ਼ਲਾਘਾ ਕੀਤੀ ਅਤੇ ਸਕੂਲ ਵਿਚ ਬੱਚਿਆਂ ਨੂੰ ਦਿੱਤੀ ਜਾ ਰਹੀ ਮਿਆਰੀ ਸਿੱਖਿਆ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕੀਤਾ। ਕਮੇਟੀ ਵਲੋਂ ਉਕਤ ਪ੍ਰਵਾਸੀ ਭਾਰਤੀਆਂ ਵਲੋਂ ਦਿੱਤੇ ਸਹਿਯੋਗ ਲਈ ਬਾਬਾ ਸਾਹਿਬ ਦੀ ਤਸਵੀਰ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਓਮ ਸਿੰਘ ਤੋਮਰ, ਸ੍ਰੀਮਤੀ ਰਚਨਾ ਦੇਵੀ, ਮੋਹਨ ਲਾਲ ਸੁਮਨ, ਇੰਦਰਜੀਤ ਅਟਾਰੀ, ਅਮਰ ਚੰਦ ਅਟਾਰੀ, ਬਲਵੀਰ ਸੰਧੀ ਆਦਿ ਤੋਂ ਇਲਾਵਾ ਹੋਰ ਪਤਵੰਤੇ ਅਤੇ ਸਕੂਲ ਸਟਾਫ ਵੀ ਹਾਜਰ ਸੀ।

# ਪ੍ਰਿੰਸੀਪਲ ਮਿੱਤਰ ਦੀ ਪ੍ਰਧਾਨਗੀ ਹੇਠ ਹੋਈ ਅੰਬੇਦਕਰ ਮਿਸਨ ਸੋਸਾਇਟੀ ਖੰਨਾ ਦੀ ਮੀਟਿੰਗ

**ਖੰਨਾ–** ਡਾ. ਅੰਬੇਦਕਰ ਮਿਸਨ ਸੋਸਾਇਟੀ (ਰਜਿ.) ਪੰਜਾਬ ਖੰਨਾ ਦੀ ਇਕ ਵਿਸੇਸ ਮੀਟਿੰਗ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਦੀ ਪ੍ਰਧਾਨਗੀ ਹੇਠ ਡਾ. ਅੰਬੇਦਕਰ ਭਵਨ ਖੰਨਾ ਵਿਖੇ ਹੋਈ। ਇਸ ਮੀਟਿੰਗ ਵਿੱਚ ਵੱਖ–ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਅਤੇ ਸੋਸਾਇਟੀ ਦੇ ਮੈਂਬਰਾ ਨੇ ਭਾਰੀ ਗਿਣਤੀ ਵਿੱਚ ਭਾਗ ਲਿਆ।



ਮੀਟਿੰਗ ਵਿੱਚ 14 ਅਪ੍ਰੈਲ ਨੂੰ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਨੂੰ ਵਿਸੇਸ ਰੂਪ ਵਿਚ ਮਨਾਉਣ ਅਤੇ ਉਹਨਾਂ ਵੱਲੋਂ ਭਾਰਤੀ ਸਮਾਜ ਨੂੰ ਤਰੱਕੀ ਵੱਲ ਲੈ ਜਾਣ ਵਾਲੇ ਉਪਰਾਲਿਆਂ ਬਾਰੇ ਚਰਚਾ ਕੀਤੀ ਗਈ। ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਨੇ ਕਿਹਾ ਕਿ ਸਾਰੀਆਂ ਜਥੇਬੰਦੀਆਂ ਨੂੰ ਰਲ ਕੇ ਉਹਨਾਂ ਦਾ ਜਨਮ ਦਿਨ ਮਨਾਉਣਾ ਚਾਹੀਦਾ ਹੈ। ਇਸ ਮੀਟਿੰਗ ਵਿੱਚ ਲੋਕ ਭਲਾਈ ਚੇਤਨਾ ਮੰਚ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਅਤੇ ਹਰਨੇਕ ਸਿੰਘ, ਐਸ.ਸੀ ਬੀ ਸੀ ਯੂਨੀਅਨ ਤੋ ਬਲਜੀਤ ਸਿੰਘ ,ਤਰਕਸੀਲ ਸੁਸਾਇਟੀ ਦੇ ਪ੍ਰਧਾਨ ਜਰਨੈਲ ਸਿੰਘ, ਗੁਰੂ ਰਵਿਦਾਸ ਸਭਾ ਖੰਨਾ ਦੇ ਪ੍ਰਧਾਨ ਧਰਮਵੀਰ, ਆਲ ਇੰਡੀਆ ਕੌਮੀ ਏਕਤਾ ਦੇ ਪ੍ਰਧਾਨ ਜਨਾਬ ਰਸੀਦ ਖਾਨ, ਬੀ.ਆਰ ਅੰਬੇਦਕਰ ਸੋਸਾਇਟੀ ਦੇ ਪ੍ਰਧਾਨ ਸੰਦੀਪ ਸਿੰਘ,ਰਾਜਵੀਰ ਸਿੰਘ ਲਿਬੜਾ, ਬੀਬੀ ਸੰਕੁਤਲਾ ਪ੍ਰਧਾਨ ਮਨੁੱਖੀ ਅਧਿਕਾਰ ਮੰਚ, ਹਰਭਜਨ ਸਿੰਘ ਜੱਲੋਵਾਲ ਤੋਨ ਇਲਾਵਾ ਹਰਿੰਦਰ ਸਿੰਘ ਹੈਰੀ, ਚਰਨ ਸਿੰਘ, ਸੁਰਿੰਦਰ ਕੁਮਾਰ, ਗੁਰਮੀਤ ਕੌਰ, ਸੋਸਾਇਟੀ ਦੇ ਜਨਰਲ ਸਕੱਤਰ ਅੱਛਰਾ ਸਿੰਘ ਲਾਪਰਾਂ, ਟੇਕ ਚੰਦ, ਗੁਰਨਾਮ ਸਿੰਘ, ਮਹਿੰਦਰ ਸਿੰਘ ਮਾਨੂੰਪੁਰ, ਜਸਵੀਰ ਸਿਮਗ, ਸਵਰਨ ਸਿੰਘ, ਰਾਮਪਾਲ, ਰਾਮ ਸਿੰਘ ਆਦਿ ਹਾਜਿਰ ਸਨ। ਇਸ ਮੌਕੇ ਰਾਸਿਦ ਖਾਨ ਨੇ 1000 ਰੁ: ਸੋਸਾਇਟੀ ਨੂੰ ਦਾਨ ਵੱਜੋ ਦਿੱਤੇ ਅਤੇ ਸੰਦੀਪ ਸਿੰਘ ਰੁਪਾਲੋਂ ਨੇ 14 ਅਪ੍ਰੈਲ ਨੂੰ ਲੰਗਰ ਲਗਾਉਣ ਦੀ ਜਿੰਮੇਵਾਰੀ ਵੀ ਲਈ।

# ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਜਨਮ ਦਿਨ ਤੇ ਸੰਗਤਾਂ ਨੇ ਚਲਾਇਆ ਸਫਾਈ ਅਭਿਆਨ


**ਗੁਰਾਇਆ (ਨਿਰਮਲ ਗੁੜਾ)–** ਨਜਦੀਕੀ ਕਸਬਾ ਅੱਪਰਾ ਵਿਖੇ ਸੰਤ ਨਿੰਰਕਾਰੀ ਸਤਸੰਗ ਭਵਨ ਬ੍ਰਾਂਚ ਅੱਪਰਾ ਦੇ ਸੇਵਾ ਦੱਲ ਵਲੋਂ ਸੰਗਤਾਂ ਦੇ ਸਹਿਯੋਗ ਨਾਲ਼ ਸਤਿਗੁਰ ਬਾਬਾ ਹਰਦੇਵ ਸਿੰਘ ਜੀ ਮਹਾਂਰਾਜ ਦੀਆਂ ਸਿਖਿਆਵਾਂ ਤੇ ਚਲਦਿਆਂ ਉਹਨਾਂ ਦੇ ਜਨਮ ਦਿਨ ਤੇ ਗੁਰੂ ਪੂਜਾ ਵਜੋਂ ਸਫਾਈ ਅਭਿਆਨ ਚਲਾਇਆ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਸੰਤ ਨਿਰੰਕਾਰੀ ਭਵਨ ਅਪਰਾ ਦੇ ਮੁਖੀ ਕੁਲਦੀਪ ਸਿੰਘ ਨੇ ਦੱਸਿਆ ਕਿ ਹਰ ਸਾਲ ਇਹ ਸਫਾਈ ਅਭਿਆਨ ਚਲਾਇਆ ਜਾਂਦਾ ਹੈ ਤਾਂ ਕਿ ਮਨੁੱਖ



ਆਪਣੇ ਅੰਦਰ ਅਤੇ ਬਾਹਰ ਦੋਨਾਂ ਨੂੰ ਸਵੱਛ ਰੱਖ ਸਕੇ। ਉਹਨਾਂ ਦੱਸਿਆ ਕਿ ਇਸ ਦਿਨ ਸੰਸਾਰ ਭਰ ਵਿੱਚ ਸੇਵਾਦਾਰਾਂ ਵਲੋਂ ਰੇਲਵੇ ਸਟੇਸ਼ਨ, ਬਸ ਸਟੈਂਡ, ਡਿਸਪੈਂਸਰੀਆਂ ਅਤੇ ਰਸਤਿਆਂ ਦੀ ਸਫਾਈ ਕੀਤੀ ਜਾਂਦੀ ਹੈ ਤਾਂ ਜੋ ਵਾਤਾਵਰਣ ਨੂੰ ਸ਼ੁੱਧ ਰੱਖਿਆ ਜਾ ਸਕੇ। ਇਸ ਮੌਕੇ ਕੁਲਦੀਪ ਸਿੰਘ, ਰਣਜੀਤ ਕੁਮਾਰ, ਮੱਖਣ ਸਿੰਘ, ਹਰਮੇਸ਼, ਪ੍ਰਮਿੰਦਰ ਸਿੰਘ, ਰਾਜ ਕੁਮਾਰ, ਹਰਜਿੰਦਰ ਸੰਧੂ, ਕਮਲਜੀਤ ਝੱਲੀ, ਕਿਰਪਾਲ ਸਿੰਘ, ਅਮਰਜੀਤ ਬੰਗਾ ਅਤੇ ਸੰਗਤ ਨੇ ਬੜੀ ਸ਼ਰਧਾ ਨਾਲ਼ ਸੇਵਾ ਕੀਤੀ।

# ਯਾਦਾਂ ਦੇ ਝਰੋਖੇ 'ਚੋਂ

– ਪ੍ਰੇਮ ਕੁਮਾਰ ਚੁੰਬਰ



Jai Bheem

Jai Bharat

Dear Sir,

Dr. B. R. Ambedkar Study Circle, Jullundur Celebrates 90th birth anniversary of Baba Sahib Dr. Ambedkar on 13th April 1981, at Budh Vihar's site, behind Pioneer Sports, Ramdaspura, (Butan Mandi) Jullundur-3 at 8.00 P M. Sharp.

Auyshuman Prof. M.K. DHONGRE
Vice Principal
Dr. Ambekar College, Nagpur.

has kindly consented to attend the function as Chief Guest.

You are requested to grace the occasion by your kind presence.

Organiser.

ਸਾਡੇ ਮਾਣਯੋਗ ਲੇਖਕ, ਪਾਠਕ ਅਤੇ ਸਹਿਯੋਗੀ ਸਾਥੀਆਂ ਨਾਲ ਫੋਨ ਜਾਂ ਵਟਸਅਪ, ਟੈਕਸਟ ਮੈਸੇਜ ਅਤੇ ਈਮੇਲ ਰਾਹੀਂ ਤਾਂ ਅਕਸਰ ਮੇਲ–ਮਿਲਾਪ ਹੁੰਦਾ ਰਹਿੰਦਾ ਹੈ। ਇਸ ਤੋਂ ਇਲਾਵਾ ਖੁਦ ਜਾ ਕੇ ਵੀ ਪੇਪਰ ਪ੍ਰਤੀ ਵਿਚਾਰਾਂ ਕਰ ਲਈਦੀਆਂ। ਇਕ ਦਿਨ ਇਸੇ ਤਰ੍ਹਾਂ ਆਪਣੇ ਬੀਤੀ ਜ਼ਿੰਦਗੀ ਦੀਆਂ ਗੱਲਾਂ ਕਰਦਾ ਸੀ ਤਾਂ ਉਨ੍ਹਾਂ ਕਿਹਾ ਕਿ ਉਸ ਬਾਰੇ ਵੀ ਕੁਝ ਲਿਖਿਆ ਕਰੋ। ਮੈਨੂੰ ਇਹ ਵਿਚਾਰ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਈ ਕਿ ਉਨ੍ਹਾਂ ਕੋਈ ਆਪਣਾ ਕੀਮਤੀ ਸੁਝਾਅ ਦਿੱਤਾ। ਪਰ ਮੈਂ ਆਪਣੇ ਆਪ ਆਪਣੇ ਬਾਰੇ ਨਹੀਂ ਲਿਖਣਾ ਚਾਹੁੰਦਾ, ਹਾਂ ਪਰ ਉਨਾ ਜ਼ਰੂਰ ਲਿਖਾਂਗਾ ਜਿਸ ਬਾਰੇ ਮੇਰੀ ਨਾਮਾਤਰ ਸ਼ਮੂਲੀਅਤ ਹੋਵੇ। ਪਰ ਵੱਧ ਤੋਂ ਵੱਧ ਮਹਾਂਪੁਰਸ਼ਾਂ ਜਾਂ ਉਨ੍ਹਾਂ ਦੇ ਪੈਰੋਕਾਰਾਂ ਦੀ ਜ਼ਰੂਰ ਲਿਖਾਂਗਾ। ਜਦੋਂ ਦਾ ਮੈਂ ਇਸ ਧਰਤੀ (ਅਮਰੀਕਾ) ਤੇ ਆਇਆ ਹਾਂ ਤਾਂ ਤਿੰਨ ਵਾਰ ਆਪਣੇ ਵਤਨ ਜਾਣ ਦਾ ਮੌਕਾ ਮਿਲਿਆ, ਜਿਹਨਾਂ 'ਚੋਂ ਇਕ ਵਾਰ ਤਾਂ ਸਿਰਫ ਤੇ ਸਿਰਫ ਸਭ ਨੂੰ ਮਿਲਣ, ਦੂਜੀ ਵਾਰ ਆਪਣੀ ਪਿਆਰੀ ਬੇਟੀ ਦੀ ਸ਼ਾਦੀ ਕਰਨ ਤੇ ਤੀਜੀ ਵਾਰ ਆਪਣੇ ਅਤੀ ਸਤਿਕਾਰਯੋਗ ਵੱਡੇ ਵੀਰ ਸ੍ਰੀ ਸੀ. ਐਲ. ਚੁੰਬਰ ਜੀ ਦੇ ਸਦੀਵੀ ਵਿਛੋੜੇ ਸਮੇਂ।

ਵੱਡੇ ਭਾਈ ਸਾਹਿਬ ਨਾਲ ਰਹਿ ਕੇ ਬਹੁਤ ਕੁਝ ਸਿੱਖਿਆ। ਜਦ ਕਦੇ ਵੀ ਉਨ੍ਹਾਂ ਕਿਤੇ ਜਾਣ ਲਈ ਜਾਂ ਕੋਈ ਵੀ ਕੰਮ ਕਰਨ ਨੂੰ ਕਹਿਣਾ, ਕਦੇ ਵੀ ਨਾਂਹ, ਨਾਂ ਦਾ ਸ਼ਬਦ ਮੂੰਹੋਂ ਨਿਕਲਦਾ ਹੀ ਨਾ। ਇਸੇ ਤਰ੍ਹਾਂ ਮਾਰਚ 1981 'ਚ ਹੀ ਮੈਨੂੰ 13 ਅਪ੍ਰੈਲ ਨੂੰ ਉਨ੍ਹਾਂ ਨਾਲ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਨ ਮਨਾਉਣ ਮੌਕੇ ਜਾਣ ਲਈ ਤਿਆਰ ਰਹਿਣ ਲਈ ਕਿਹਾ। ਉਸ ਦਿਨ ਡਾ. ਅੰਬੇਡਕਰ ਕਾਲਿਜ ਨਾਗਪੁਰ (ਮਹਾਰਾਸ਼ਟਰ) ਤੋਂ ਮਾਣਯੋਗ ਪ੍ਰੋਫੈਸਰ ਐਮ. ਕੇ. ਢੌਂਗਰੇ ਜੀ ਨੇ ਬਤੌਰ ਮੁੱਖ ਮਹਿਮਾਨ ਸਮਾਗਮ ਨੂੰ ਸੰਬੋਧਨ ਕਰਨਾ ਸੀ।

ਸੋ ਵੱਡੇ ਵੀਰ ਸ੍ਰੀ ਸੀ. ਐਲ. ਚੁੰਬਰ ਜੀ ਨਾਲ ਜਾਣ ਵਕਤ ਜੋ ਸੱਦਾ ਪੱਤਰ ਮਿਲਿਆ ਸੀ, ਉਹ ਅਤੇ ਹੋਰ ਯਾਦਾਂ ਵਜੋਂ ਜੋ ਮੇਰੇ ਆਪਣੇ ਘਰ ਮੌਜੂਦ ਸਨ, ਸਮੇਂ ਅਨੁਸਾਰ ਮੈਂ ਆਪਣੇ ਨਾਲ ਲੈ ਆਇਆ। ਉਹਨਾਂ ਵਿਚੋਂ ਇਕ ਅੱਜ ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ।

ਦੋਸਤੋ, ਮੇਰਾ ਇਹ ਜਾਣਕਾਰੀ ਸਾਂਝੀ ਕਰਨ ਦਾ ਇਕੋ–ਇਕ ਮਕਸਦ ਇਹ ਹੈ ਕਿ ਆਪਾਂ ਸਭ ਚੰਗੇ ਮੌਕੇ ਕਦੇ ਵੀ ਗੁਆਈਏ ਨਾ ਤੇ ਉਨ੍ਹਾਂ ਪਲਾਂ ਤੋਂ ਕੁਝ ਸਿੱਖਣਾ ਵੀ ਹੈ ਤੇ ਉਸਨੂੰ ਆਪਣੇ ਵਿਰਸੇ ਤੇ ਵਾਰਸਾਂ ਲਈ ਸੰਭਾਲ ਕੇ ਵੀ ਰੱਖਣਾ ਹੈ। ਸੋ, ਅੱਜ ਇਹ ਦੇਖਣ ਨੂੰ ਇਕ ਛੋਟਾ ਜਿਹਾ ਸੱਦਾ ਪੱਤਰ ਹੈ ਪਰ ਇਕ ਲੇਖਕ/ ਇਤਿਹਾਸਕਾਰ/ ਖੋਜੀ ਲਈ ਅਜਿਹੇ ਪਲ ਪਲਾਂ ਦੀ ਦਾਸਤਾਨ ਤੇ ਲਿਖਤਾਂ ਬੜੀਆਂ ਵਡਮੁੱਲੀਆਂ ਹੋਇਆ ਕਰਦੀਆਂ ਹਨ ਤੇ ਸਾਨੂੰ ਉਹਨਾਂ ਨੂੰ ਸੰਭਾਲ ਕੇ ਜ਼ਰੂਰ ਰੱਖਣਾ ਚਾਹੀਦਾ ਹੈ। ਇਸਦਾ ਮੈਨੂੰ ਵੀ ਅੱਜ ਬੜਾ ਅਹਿਸਾਸ ਹੋਇਆ ਜਦੋਂ ਮੈਂ ਆਪਣੇ ਪਾਸ 36 ਸਾਲ ਪੁਰਾਣਾ ਸੱਦਾ ਪੱਤਰ ਦੇਖਿਆ।

ਚਾਹੋ ਤਾਂ ਆਪ ਵੀ ਇਸ ਤਰ੍ਹਾਂ ਦੀ ਜਾਣਕਾਰੀ 'ਦੇਸ਼ ਦੁਆਬਾ' 'ਚ ਛਪਾਕੇ ਪਾਠਕਾਂ ਨਾਲ ਸਾਂਝੀ ਕਰ ਸਕਦੇ ਹੋ। ਆਪ ਸਭ ਨੂੰ ਖੁੱਲ੍ਹਾ ਹਾਰਦਿਕ ਸੱਦਾ ਹੈ।

# ਸ਼ਰਤਾਂ ਨਰਮ ਕਰਨ ਨਾਲ ਪਾਸਪੋਰਟ ਬਣਵਾਉਣ ਵਾਲਿਆਂ ਦੀਆਂ ਭੀੜਾਂ

**ਜਲੰਧਰ (ਬਿਊਰੋ) –** ਕੇਂਦਰ ਸਰਕਾਰ ਵੱਲੋਂ ਪਾਸਪੋਰਟ ਬਣ–ਾਉਣ ਸਬੰਧੀ ਨਰਮ ਕੀਤੀਆਂ ਸ਼ਰਤਾਂ ਕਾਰਨ ਪਾਸਪੋਰਟ ਬਣਵਾਉਣ ਵਾਲਿਆਂ ਦੀ ਗਿਣਤੀ 'ਚ ਪਿਛਲੇ ਸਮੇਂ ਦੌਰਾਨ ਕਾਫੀ ਵਾਧਾ ਹੋਇਆ ਹੈ ਤੇ ਪਾਸਪੋਰਟ ਦਫਤਰਾਂ 'ਚ ਭੀੜ ਕਾਫੀ ਵੱਧ ਗਈ ਹੈ । ਲੋਕਾਂ ਨੂੰ ਪਾਸਪੋਰਟ ਦਫਤਰ ਵੱਲੋਂ ਕਰੀਬ ਇਕ–ਇਕ ਮਹੀਨੇ ਦੀ ਤਰੀਕ ਦਿੱਤੇ ਜਾਣ ਕਾਰਨ, ਜਿਨ੍ਹਾਂ ਲੋਕਾਂ ਨੂੰ ਜਲਦੀ ਪਾਸਪੋਰਟ ਦੀ ਲੋੜ ਹੈ, ਉਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਪਾਸਪੋਰਟ ਦਫਤਰ ਛੁੱਟੀ ਵਾਲੇ ਦਿਨ ਵੀ ਕੰਮ ਕਰ ਰਹੇ ਹਨ ਤੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ 'ਚ ਪਾਸਪੋਰਟ ਬਣਾਏ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਦਫਤਰਾਂ 'ਚ ਭੀੜ ਘੱਟ ਨਹੀਂ ਹੋ ਰਹੀ । ਜਾਣਕਾਰੀ ਅਨੁਸਾਰ ਸਰਕਾਰ ਵਲੋਂ ਪਾਸਪੋਰਟ ਬਣਵਾਉਣ ਲਈ ਵਿਆਹੇ ਵਿਅਕਤੀ ਦੇ ਪ੍ਰਮਾਣ ਵਜੋਂ ਵਿਆਹ ਦਾ ਸਰਟੀਫਿਕੇਟ ਪੇਸ਼ ਕਰਨਾ ਜ਼ਰੂਰੀ ਸੀ ਤੇ ਇਸੇ ਤਰ੍ਹਾਂ ਜਨਮ ਤਰੀਕ ਸਬੰਧੀ ਵੀ ਜਨਮ ਦਾ ਸਰਟੀਫਿਕੇਟ ਹੀ ਇੱਕੋ–ਇੱਕ ਤਸਦੀਕੀ ਦਸਤਾਵੇਜ਼ ਮੰਨਿਆ ਜਾਂਦਾ ਸੀ ਪਰ ਹੁਣ ਸਰਕਾਰ ਵਲੋਂ ਵਿਆਹ ਤੇ ਜਨਮ ਦੇ ਸਰਟੀਫਿਕੇਟ ਦੇ ਮਾਮਲੇ 'ਚ ਲੋਕਾਂ ਨੂੰ ਛੋਟ ਦਿੰਦੇ ਹੋਏ ਪਹਿਲੀਆਂ ਸ਼ਰਤਾਂ ਨੂੰ ਕਾਫੀ ਨਰਮ ਕਰ ਦਿੱਤਾ ਹੈ । ਹੁਣ ਲੋਕ ਆਪਣੇ ਵਿਆਹ ਅਤੇ ਜਨਮ ਦੇ ਸਰਟੀਫਿਕੇਟ ਦੀ ਥਾਂ ਕੋਈ ਹੋਰ ਮੰਨਣਯੋਗ ਸਬੂਤ ਵੀ ਪੇਸ਼ ਕਰ ਸਕਦੇ ਹਨ । ਇਸ ਦੇ ਨਾਲ ਹੀ ਲੋਕਾਂ 'ਚ ਇਹ ਵੀ ਡਰ ਪਾਇਆ ਜਾ ਰਿਹਾ ਹੈ ਕਿ ਸ਼ਾਇਦ ਇਹ ਨਰਮ ਸ਼ਰਤਾਂ ਥੋੜ੍ਹੇ ਸਮੇਂ ਲਈ ਹਨ ਤੇ ਸਰਕਾਰ ਮੁੜ ਸਖ਼ਤ ਸ਼ਰਤਾਂ ਨਾ ਲਾਗੂ ਕਰ ਦੇਵੇ। ਖੇਤਰੀ ਪਾਸਪੋਰਟ ਦਫਤਰਾਂ ਨੇ ਲੋਕਾਂ ਦੀ ਸਹੂਲਤ ਲਈ ਛੁੱਟੀ ਵਾਲੇ ਦਿਨ ਵੀ ਸੇਵਾਵਾਂ ਦੇਣ ਦਾ ਫੈਸਲਾ ਕੀਤਾ ਹੈ ਤੇ ਪਿਛਲੇ ਕਰੀਬ ਇਕ ਮਹੀਨੇ ਤੋਂ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਕੰਮ ਕੀਤਾ ਜਾ ਰਿਹਾ ਹੈ ।

**ਹੁਣ ਚੋਣਵੇਂ ਸ਼ਹਿਰਾਂ ਦੇ ਡਾਕਘਰਾਂ ਤੋਂ ਪਾਸਪੋਰਟ ਲਈ ਅਰਜ਼ੀ ਦਿੱਤੀ ਜਾ ਸਕੇਗੀ**

ਭਾਰਤ ਵਿੱਚ ਅਗਲੇ ਮਹੀਨੇ ਤੋਂ ਚੋਣਵੇਂ ਸ਼ਹਿਰਾਂ ਦੇ ਲੋਕ ਪਾਸਪੋਰਟ ਬਣਵਾਉਣ ਲਈ ਡਾਕਘਰਾਂ ਵਿੱਚ ਅਰਜ਼ੀ ਦੇ ਸਕਣਗੇ। ਇਹ ਵਿਦੇਸ਼ ਮੰਤਰਾਲੇ ਦੀ ਮਹੱਤਵ ਪੂਰਨ ਯੋਜਨਾ ਦੇ ਤਹਿਤ ਕੀਤਾ ਜਾ ਰਿਹਾ ਹੈ।

ਇਸ ਦਾ ਮਕਸਦ ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਸੌਖੀ ਕਰਨਾ ਤੇ ਦੇਸ਼ ਦੇ ਪਾਸਪੋਰਟ ਦਫਤਰਾਂ ਦਾ ਬੋਝ ਘੱਟ ਕਰਨਾ ਹੈ, ਜਿਸ ਦੇ ਕੋਲ ਵੱਡੀ ਗਿਣਤੀ ਵਿੱਚ ਅਰਜ਼ੀਆਂ ਆਉਂਦੀਆਂ ਹਨ।ਵਿਦੇਸ਼ ਮੰਤਰਾਲੇ ਦੀ ਇਸ ਯੋਜਨਾ ਦੇ ਪਹਿਲੇ ਪੜਾਅ ਦੇ ਦੌਰਾਨ ਰਾਜਸਥਾਨ, ਪੱਛਮੀ ਬੰਗਾਲ, ਤਮਿਲ ਨਾਡੂ, ਕਰਨਾਟਕ ਅਤੇ ਝਾਰਖੰਡ ਸਮੇਤ ਕੁਝ ਰਾਜਾਂ ਦੇ ਚੋਣਵੇਂ ਡਾਕਘਰਾਂ ਵਿੱਚ ਪਾਸਪੋਰਟ ਸੇਵਾ ਹਾਸਲ ਹੋਵੇਗੀ। ਪਾਸਪੋਰਟ ਜਾਰੀ ਕਰਨ ਵਾਲਾ ਵਿਦੇਸ਼ ਮੰਤਰਾਲਾ ਮਾਰਚ ਦੇ ਪਹਿਲੇ ਪੰਦਰਵਾੜੇ ਤੱਕ ਕੁਝ ਚੋਣਵੇਂ ਸ਼ਹਿਰਾਂ ਤੋਂ ਯੋਜਨਾ ਸ਼ੁਰੂ ਕਰਨ ਦੇ ਸਾਰੇ ਪ੍ਰਬੰਧ ਕਰ ਰਿਹਾ ਹੈ। ਇਸ ਵੇਲੇ ਸਾਰੇ ਦੇਸ਼ ਵਿੱਚ 38 ਪਾਸਪੋਰਟ ਦਫਤਰਾਂ ਦੀਆਂ ਐਕਸਟੈਨਸ਼ਨ ਯੂਨਿਟਾਂ ਦੇ ਰੂਪ ਵਿੱਚ 89 ਪਾਸਪੋਰਟ ਸੇਵਾ ਕੇਂਦਰ ਕੰਮ ਕਰ ਰਹੇ ਹਨ।

# ਨੋਟਬੰਦੀ: ਭਾਰਤੀ ਅਰਥ ਵਿਵਸਥਾ ਸੁਧਰਨ ਨੂੰ ਇੱਕ ਸਾਲ ਲੱਗੇਗਾ

**ਨਵੀਂ ਦਿੱਲੀ–** ਭਾਰਤ ਦੇ ਉਦਯੋਗ ਸੰਗਠਨ ਐਸੋਚੈਮ ਦੇ ਨਵੇਂ ਚੁਣੇ ਮੁਖੀ ਤੇ ਵੱਖ–ਵੱਖ ਖੇਤਰਾਂ ਵਿੱਚ ਕਾਰੋਬਾਰ ਕਰਨ ਵਾਲੀ ਮੋਨੇਟ ਗਰੁੱਪ ਦੇ ਮੁਖੀ ਸੰਦੀਪ ਜਾਜੋੜੀਆ ਨੇ ਕਿਹਾ ਕਿ ਅਰਥ ਵਿਵਸਥਾ ਨੂੰ ਨੋਟਬੰਦੀ ਤੋਂ ਪਹਿਲਾਂ ਦੀ ਸਥਿਤੀ ਵਿੱਚ ਵਾਪਸ ਆਉਣ ਵਿੱਚ ਹੋਰ ਇੱਕ ਸਾਲ ਲੱਗੇਗਾ। ਜਾਜੋੜੀਆ ਨੇ ਐਸੋਚੈਮ ਮੁਖੀ ਦੇ ਰੂਪ ਵਿੱਚ ਪਹਿਲੀ ਪ੍ਰੈੱਸ ਕਾਨਫਰੰਸ ਵਿੱਚ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਕਿਹਾ ਕਿ ਦਿਹਾਤੀ ਇਲਾਕਿਆਂ ਦੀ ਸਥਿਤੀ ਕਾਫੀ ਖਰਾਬ ਹੈ। ਉਥੇ ਨਕਦੀ ਦੀ ਕਾਫੀ ਘਾਟ ਹੈ ਤੇ



ਸਭ ਕੁਝ ਨਾਰਮਲ ਹੋਣ ਵਿੱਚ ਵਕਤ ਲੱਗੇਗਾ। ਇਸ ਤੋਂ ਪਹਿਲਾਂ ਵਿੱਤ ਮੰਤਰੀ ਅਰੁਣ ਜੇਤਲੀ ਦਾਅਵਾ ਕਰ ਚੁੱਕੇ ਹਨ ਕਿ ਤਿੰਨ ਮਹੀਨੇ ਵਿੱਚ ਅਰਥ ਵਿਵਸਥਾ ਵਿੱਚ ਸਥਿਤੀ ਪੂਰੀ ਤਰ੍ਹਾਂ ਨਾਰਮਲ ਹੋ ਜਾਵੇਗੀ। ਸਰਕਾਰ ਵੱਲੋਂ ਖਪਤਕਾਰੀ ਨੂੰ ਹੱਲਾਸ਼ੇਰੀ ਦੇਣ ਦੇ ਉਪਾਅ ਕਰਨ, ਟੈਕਸ ਦਾਤਾਵਾਂ ਅਤੇ ਦੇਸ਼ ਲਈ ਵੈਲਥ ਬਣਾਉਣ ਵਾਲੇ ਉਦਯੋਗ ਜਗਤ 'ਤੇ ਭਰੋਸਾ ਕਰਨ ਅਤੇ 'ਟੈਕਸ ਅੱਤਵਾਦ ਤੇ ਡਰ ਦਾ ਮਾਹੌਲ ਨਾ ਪੈਦਾ ਕਰਨ' ਦੀ ਅਪੀਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਕੈਸ਼ਲੈੱਸ ਸਕੀਮਾਂ ਨੂੰ ਅਪਨਾਉਣ ਵਿੱਚ ਸਮਾਂ ਲੱਗੇਗਾ। ਜਦ ਤੱਕ ਉਹ ਇਸ ਦੇ ਆਦੀ ਨਹੀਂ ਹੋ ਜਾਂਦੇ, ਤਦ ਤੱਕ ਸਥਿਤੀ ਨਾਲ ਸਾਵਧਾਨੀ ਪੂਰਵਕ ਨਿਪਟਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦਾ ਮਕਸਦ ਚੰਗਾ ਹੈ, ਪਰ ਉਸ ਨੂੰ ਲੋਕਾਂ ਦੇ ਖਰਚ ਜਾਂ ਖਪਤ ਨੂੰ ਸੀਮਿਤ ਕਰਨ ਵਾਲੇ ਕਦਮਾਂ ਤੋਂ ਬਚਣਾ ਚਾਹੀਦਾ ਹੈ। ਜਾਜੋੜੀਆ ਨੇ ਕਿਹਾ ਕਿ ਤਿੰਨ ਲੱਖ ਰੁਪਏ ਤੋਂ ਵੱਧ ਦੀ ਨਕਦ ਖਰੀਦ 'ਤੇ ਟ੍ਰਾਂਜੈਕਸ਼ਨ ਦੇ ਸਮੇਂ ਟੈਕਸ ਲਾਉਣ ਦੇ ਐਕਟ 'ਤੇ ਸਰਕਾਰ ਨੂੰ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੇ ਸਿਰਫ 1.8 ਫੀਸਦੀ ਲੋਕ ਇਨਕਮ ਟੈਕਸ ਦੇਂਦੇ ਹਨ, ਜੋ ਹੈਰਾਨੀ ਜਨਕ ਹੈ।

# ਲੋਕ ਕ੍ਰਾਂਤੀ ਦੀ ਲਟ ਲਟ ਬਲ਼ਦੀ ਮਿਸ਼ਾਲ ਬੁਝੀ

## ਅਧਿਆਪਕ, ਲੇਖਕ, ਕਵੀ, ਨਿਰਦੇਸ਼ਕ, ਰੰਗ-ਕਰਮੀ, ਜਥੇਬੰਦਕ ਸੰਘਰਸ਼ਾਂ ਦੇ ਰਾਹੀ ਮੱਖਣ ਕ੍ਰਾਂਤੀ ਦਾ ਸਦੀਵੀ ਵਿਛੋੜਾ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਸਮਾਜਿਕ ਪਰਿਵਰਤਨ, ਦੱਬੇ ਕੁਚਲੇ ਵਰਗ ਦੇ ਉਥਾਨ ਲਈ ਆਪਣੀ ਸੋਚ ਦੀ ਪ੍ਰਚੰਡ ਲੋਅ ਬਾਲਣ ਦੇ ਸਾਰਥਿਕ ਅਤੇ ਅਮਲੀ ਯਤਨ ਤਨਦੇਹੀ ਨਾ.ਲ ਕਰਨ ਵਾਲੇ ਯੋਧੇ ਅਧਿਆਪਕ, ਲੇਖਕ, ਕਵੀ, ਨਿਰਦੇਸ਼ਕ, ਰੰਗ–ਕਰਮੀ, ਜਥੇਬੰਦਕ ਸੰਘਰਸ਼ਾਂ ਦਾ ਰਾਹੀ ਮੱਖਣ ਕ੍ਰਾਂਤੀ 27 ਫਰਵਰੀ ਨੂੰ ਇੱਕ ਦਰਦਨਾਕ ਸੜਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਗਿਆ। ਲੋਕ ਚੇਤਨਾ ਦੀ ਮਿਸ਼ਾਲ ਜਗਾ ਕੇ ਚਾਨਣ ਕਰਨ ਵਾਲੇ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਸਿਪਾਹੀ ਦੋਨੋ ਭਰਾ ਮੱਖਣ ਕ੍ਰਾਂਤੀ ਅਤੇ ਸੋਢੀ ਰਾਣਾ ਆਰੰਭੇ ਸੰਘਰਸ਼ ਦੀ ਲੜੀ ਦੀ ਮਾਲਵੇ ਦੀ ਇਕਾਈ ਇੱਕ ਮੀਟਿੰਗ ਵਿੱਚ ਭਾਗ ਲੈਣ ਉਪਰੰਤ ਆ ਰਹੇ ਸਨ ਕਿ ਉਹਨਾਂ ਨਾ.ਲ ਇਹ ਹਾਦਸਾ ਵਾਪਰ ਗਿਆ ਜਿਸ ਵਿੱਚ ਮੱਖਣ ਕ੍ਰਾਂਤੀ ਮੌਕੇ ਤੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਨੇ ਪੰਜਾਬ ਅਤੇ ਹੋਰ ਸੂਬਿਆਂ ਵਿਚ ਜਾ ਕੇ ਆਪਣੇ ਨਾਟਕਾਂ, ਕੋਰਿਓਗ੍ਰਾਫੀਆਂ ਅਤੇ ਵਿਚਾਰਾਂ ਨਾ.ਲ ਸਮਾਜ ਵਿੱਚ ਜਾਗ੍ਰਿਤੀ ਦੀ ਨਵੀਂ ਰੂਹ ਫੂਕਣ ਦਾ ਕਾਰਜ ਨਿਰੰਤਰ ਕਰਦੇ ਆ ਰਹੇ ਸਨ। ਪਿੰਡਾਂ ਸ਼ਹਿਰਾਂ ਦੀਆਂ


ਤਸਵੀਰ- ਨਿਰਮਲ ਗੁੜਾ

ਸਿਰਮੌਰ ਸੰਸਥਾਵਾਂ ਵਲੋਂ ਉਨ੍ਹਾਂ ਦੀ ਟੀਮ ਨੂੰ ਵਿਸ਼ੇਸ਼ ਤੌਰ ਤੇ ਬੁਲਾ ਕੇ ਲੋਕ ਚੇਤਨਤਾ ਨੂੰ ਪ੍ਰਫੁੱਲਤ ਕਰਨ ਦੇ ਯਤਨ ਕੀਤੇ ਜਾਂਦੇ ਸਨ। ਪੰਜਾਬੀ ਪੇਂਡੂ ਅਤੇ ਸ਼ਹਿਰੀ ਇਕਾਈਆਂ ਦੀਆਂ ਰੰਗ ਮੰਚ ਦੀਆਂ ਟੀਮਾਂ ਦੇ ਅਸਮਾਨ ਇੱਕ ਬੁਲੰਦ ਸਿਤਾਰਾ, ਚਮਕਦਾ ਸੂਰਜ ਅਤੇ ਚੰਦਰਮਾ ਵਰਗੀ ਠੰਡੀ ਲੋਅ ਵੰਡਦਾ ਹੋਇਆ ਖਲਾਅ ਵਿੱਚ ਰਲ਼ ਕੇ ਖਲਾਅ ਪੈਦਾ ਕਰ ਗਿਆ। ਆਪਣੇ



ਪਰਿਵਾਰ, ਪਿੰਡ, ਵਿਦਿਆਰਥੀਆਂ, ਦੋਸਤਾਂ–ਮਿੱਤਰਾਂ ਸਾਥੀਆਂ ਨੂੰ ਅਚਾਨਕ ਸਦਮੇ ਦੇ ਸਾਗਰ ਵਿੱਚ ਗੋਤਾ ਦੇ ਗਿਆ। ਕ੍ਰਾਂਤੀ ਦੀ ਚਲੇ ਜਾਣ ਤੇ ਸਾਰਾ ਆਲਮ ਉਦਾਸ ਹੈ। ਸਭ ਦੀਆਂ ਅੱਖਾਂ ਰੋਈਆਂ, ਦਿਲ ਰੋਏ ਤੇ ਸਰੀਰ ਸਕਤੇ ਵਿੱਚ ਆ ਗਏ। ਅੱਜ ਮੱਖਣ ਕ੍ਰਾਂਤੀ ਦੇ ਪਿੰਡ ਵਿੱਚ ਹਜ਼ਾਰਾਂ ਸੇਜਲ ਅੱਖਾਂ ਤੇ ਉਦਾਸ ਮਨਾਂ ਨਾ.ਲ ਉਸ ਦੇ ਸਨੇਹੀਆਂ ਨੇ ਕ੍ਰਾਂਤੀ ਨੂੰ ਅਲਵਿਦਾ ਕਿਹਾ। ਪਿੰਡ ਲਾਂਦੜਾ ਵਿਖੇ ਮੱਖਣ ਕ੍ਰਾਂਤੀ ਦਾ ਅੰਤਿਮ ਸਸਕਾਰ ਕੀਤਾ ਗਿਆ। ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਵਲੋਂ ਮੱਖਣ ਕ੍ਰਾਂਤੀ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੁੱਖਦਾਇਕ ਸਮੇਂ ਮੱਖਣ ਕ੍ਰਾਂਤੀ ਨੂੰ ਵਿਚਾਰਕ ਸਾਂਝ ਮੰਚ ਮੁਕੰਦਪੁਰ, ਸਮਾਜਿਕ ਸਾਂਝ ਸੰਸਥਾ ਬੰਗਾ, ਮੁਕੰਦਪੁਰ ਮੀਡੀਆ ਵਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਦਿਲਾਸਾ ਦਿੰਦੇ ਹੋਏ ਕ੍ਰਾਂਤੀ ਦੀ ਸੋਚ ਤੇ ਰਹਿੰਦੇ ਕਾਰਜਾਂ ਨੂੰ ਪੂਰਾ ਕਰਨ ਲਈ ਬਣਦਾ ਯੋਗਦਾਨ ਪਾਉਣ ਦਾ ਅਹਿਦ ਲਿਆ।

# ਮੱਖਣ ਦੀ ਕ੍ਰਾਂਤੀ ਦੇ ਜੈਕਾਰਿਆਂ ਨਾ.ਲ ਗੂੰਜਿਆ ਪਿੰਡ ਲਾਂਦੜਾ

## ਹਜਾਰਾਂ ਲੋਕਾਂ ਨੇ ਨਮ ਅੱਖਾਂ ਨਾ.ਲ ਦਿਤੀ ਵਿਦਾਇਗੀ, ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਸਨ ਨਿਰਦੇਸ਼ਕ

**ਗੁਰਾਇਆ (ਨਿਰਮਲ ਗੁੜਾ)–** ਦੁਆਬੇ ਦੀ ਸਿਰਮੌਰ ਥੀਏਟਰ ਸੰਸਥਾ 'ਪ੍ਰਗਤੀ ਕਲਾ ਕੇਂਦਰ ਲਾਂਦੜਾ' ਦੇ ਨਿਰਦੇਸ਼ਕ ਮੱਖਣ ਕ੍ਰਾਂਤੀ ਦੀ ਸੜਕ ਹਾਦਸੇ 'ਚ ਮੌਤ ਹੋਣ ਦਾ ਸਮਾਚਾਰ ਮਿਲਦਿਆਂ ਦੀ ਜਿਥੇ ਇਲਾਕੇ ਭਰ ਵਿੱਚ ਸੋਗ ਦੀ ਲਹਿਰ ਦੌੜ ਉਠੀ ਉਥੇ ਹੀ ਸੋਸ਼ਲ ਮੀਡੀਆ ਤੇ ਦੇਸਾਂ ਪ੍ਰਦੇਸਾਂ ਵਿੱਚ ਹਾਹਾਕਾਰ ਮਚ ਗਈ। ਪਤਾ ਲੱਗਿਆ ਕਿ ਮੱਖਣ ਕ੍ਰਾਂਤੀ ਅਤੇ ਵੱਡਾ ਭਰਾ ਸੋਢੀ ਰਾਣਾ ਮੋਟਰਸਾਇਕਲ ਤੇ ਸਵਾਰ ਲੁਧਿਆਣਾ ਵਾ.ਲੀ ਸਾਇਡ ਤੋਂ ਵਾਪਸ ਆ ਰਹੇ ਸਨ ਅਤੇ ਲੌਂਦੂਵਾ.ਲ ਦੇ ਨੇੜੇ ਕਿਸੇ ਵਹੀਕਲ ਨਾ.ਲ ਟੱਕਰ ਵੱਜਣ ਨਾ.ਲ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਜਿਹਨਾਂ ਨੂੰ ਡੀ. ਐਮ. ਸੀ. ਹਸਪਤਾ.ਲ ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ। ਜਿਥੇ ਮੱਖਣ ਕ੍ਰਾਂਤੀ ਦੀ ਮੌਤ ਹੋ ਗਈ। ਮੱਖਣ ਕ੍ਰਾਂਤੀ ਸਰਕਾਰੀ ਸਕੂਲ ਨਗਰ ਵਿਖੇ ਅਧਿਆਪਕ ਵਲੋਂ ਸੇਵਾਵਾਂ ਨਿਭਾ ਰਹੇ ਸਨ।

ਮੱਖਣ ਕ੍ਰਾਂਤੀ ਦੀ ਮੌਤ ਤੇ ਸਮਾਜ ਨੂੰ ਨਾ ਪੂਰਾ ਹੋਣ ਵਾ.ਲਾ ਘਾਟਾ ਪਿਆ ਹੈ। ਪੰਜਾਬ ਭਰ ਦੀਆਂ ਸਮਾਜਿਕ ਸੰਸਥਾਵਾਂ ਨੇ ਇਸ ਅਸਹਿ ਘਟਨਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਮੱਖਣ ਕ੍ਰਾਂਤੀ ਅਤੇ ਸੋਢੀ ਰਾਣਾ ਦੋਵਾਂ ਭਰਵਾਂ ਦੀ ਅਗਵਾਈ ਵਿੱਚ ਚਲਾਈ ਜਾ ਰਹੀ ਨਾਟਕ ਟੀਮ 'ਪ੍ਰਗਤੀ ਕਲਾ ਕੇਂਦਰ ਲਾਂਦੜਾ' ਵਲੋਂ ਲਮੇ ਸਮੇ ਤੋਂ ਸਮਾਜਿਕ ਕੁਰੀਤੀਆਂ ਅਤੇ ਭੈੜੇ ਸਿਸਟਮ ਤੋਂ ਸਮਾਜ ਨੂੰ ਨਿਯਾਤ ਦੁਆਉਣ ਲਈ ਬੀੜਾ ਚੁੱਕਿਆ ਹੋਇਆ।

ਜਿਹਨਾਂ ਦਿਨ ਰਾਤ ਔਕੜਾਂ ਦੀ ਪ੍ਰਵਾਹ ਕੀਤੇ ਬਿਨਾਂ ਚਲਦਿਆਂ ਕਦੇ ਪਿਛੇ ਮੁੜਕੇ ਨਹੀਂ ਦੇਖਿਆ। ਮੱਖਣ ਕ੍ਰਾਂਤੀ


ਤਸਵੀਰਾਂ– ਜਸਵੀਰ ਸਿੰਘ, ਗੜੀ ਕਾਨੂੰਗੋ

ਨਾਟਕਾਂ ਰਾਹੀਂ ਚਿੰਤਾ ਕਰਦਾ ਸੀ ਕਿ ਜਿਹੜੇ ਨਸ਼ਿਆਂ ਦੀ ਦਲਦਲ ਵਿੱਚ ਫਸਕੇ ਮਾਂਵਾਂ ਦੇ ਲਾਡਲੇ ਗੱਭਰੂ ਪੁੱਤ ਚਿੱਟੇ ਕੱਫਣਾਂ ਵਿੱਚ ਲਿਪਟ ਕੇ ਸਿਵਿਆਂ ਦੇ ਰਾਹ ਜਾ ਰਹੇ ਹਨ। ਪਰ ਉਸ ਕੀ ਪਤਾ ਸੀ ਉਸ ਦਾ ਬੁਲਾਵਾ ਵੀ ਜਲਦੀ ਆ ਜਾਵੇਗਾ ਤੇ ਇਸੇ ਰਸਤੇ ਬਹੁਤ ਜਲਦ ਜਾਣਾ ਪਵੇਗਾ।




ਮੱਖਣ ਕ੍ਰਾਂਤੀ ਕਦੇ ਧੀਆਂ ਦੀ ਪੱਤ ਦੀ ਚਿੰਤਾ ਕਰਦਾ ਸੀ ਅਤੇ ਕਦੇ ਬੇਰੁਗਾਰ ਨੌਜਵਾਨਾਂ ਦੀ ਗਲ ਕਰਦਾ ਸੀ, ਕਦੇ ਭ੍ਰਿਸ਼ਟਾਚਾਰ ਦੀ ਗੱਲ ਕਰਦਾ ਸੀ ਤੇ ਕਦੇ ਸਮੇ ਸਮੇ ਤੇ ਲੁੱਟਪੁੱਟ ਹੁੰਦੇ ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦਾ ਸੀ ਤੇ ਸਮਾਜ ਦੇ ਪਰਿਵਰਤਨ ਦੀ ਗਲ ਕਰਦਾ ਸੀ। ਮੱਖਣ ਕ੍ਰਾਂਤੀ ਦੇ ਵਿਛੋੜੇ ਦੇ ਕਾਰਣ ਜਿਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾ.ਲਾ ਘਾਟਾ ਪਿਆ ਹੈ ਉਥੇ ਸਮਾਜ ਨੂੰ ਬੇ ਅਥਾਹ ਘਾਟਾ ਪਿਆ ਹੈ ਅਤੇ ਮੱਖਣ ਕ੍ਰਾਂਤੀ ਦੀ ਮੌਤ ਤੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਇਸ ਮੌਕੇ ਰਿਸ਼ਤੇਦਾਰ, ਸਕੇ ਸੰਬੰਧੀਆਂ ਤੋਂ ਇਲਾਵਾ ਦੂਰ ਦੁਰਾਡੇ ਤੋਂ ਲੋਕਾਂ ਨੇ ਪਹੁੰਚਕੇ ਮੱਖਣ ਕ੍ਰਾਂਤੀ ਨੂੰ ਨਮ ਅੱਖਾਂ ਨਾ.ਲ ਵਿਦਾਇਗੀ ਦਿਤੀ ਅਤੇ ਪਰਿਵਾਰ ਨਾ.ਲ ਦੁੱਖ ਸਾਂਝਾ ਕੀਤਾ। ਇਸ ਮੌਕੇ ਲੋਕ ਇੰਨਕਲਾਬ ਜਿੰਦਾਵਾਦ ਦੇ ਨਾਹਰੇ ਲਗਾ ਰਹੇ ਸਨ।

ਸਸਕਾਰ ਵੇਲੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਕਾਂਗਰਸ ਆਗੂ ਸਰਵਣ ਸਿੰਘ ਫਿਲੌਰ, ਆਮ ਆਦਮੀ ਪਾਰਟੀ ਦੇ ਆਗੂ ਜਰਨੈ.ਲ ਨੰਗ.ਲ, ਡਾ. ਅੰਬੇਡਕਰ ਸੈਨਾ ਦੇ ਆਗੂ, ਡਾ. ਅੰਬੇਡਕਰ ਅਵੇਅਰਨੈਸ ਫੋਰਮ ਫਗਵਾੜਾ, ਉਘੇ ਸ਼ਾਇਰ ਸੋਹਣ ਸਹਿਜਲ, ਤਰਕਸ਼ੀਲ ਸੁਸਾਇਟੀ ਦੇ ਆਗੂ, ਗੌਰਮਿੰਟ ਟੀਚਰ ਯੂਨੀਅਨ, ਅਜਾਦ ਰੰਗ ਮੰਚ ਨਾਟਕ ਟੀਮ ਦੇ ਮੈਂਬਰ, ਮਾਨਵਤਾ ਕਲਾ ਮੰਚ ਨਗਰ ਦੇ ਮੈਂਬਰ, ਲੋਕ ਮੋਰਚਾ ਪੰਜਾਬ ਦੇ ਆਗੂ, ਲੋਕ ਦਰਪਣ ਦੇ ਆਗੂ, ਕਹਾਣੀਕਾਰ ਮੋਹਣ ਲਾਲ ਫਿਲੌਰੀਆ, ਹਰਬੰਸ ਲਾਲ ਵਿਰਦੀ ਯੂ ਕੇ, ਸੰਤ ਆਤਮਾ ਦਾਸ, ਡੇਰਾ ਸੰਤ ਟਹਿਲ ਦਾਸ ਜੀ ਲੁਧਿਆਣਾ ਵੱਖ ਵੱਖ ਧਾਰਮਿਕ ਆਗੂ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੇ ਮੋਹਤਵਾਰ ਵਿਅਕਤੀ ਅਤੇ ਲੋਕ ਮੌਜੂਦ ਸਨ।

## ਧਰਤੀ ਦੇ ਆਕਾਰ ਵਰਗੇ ਸੱਤ ਨਵੇਂ ਗ੍ਰਹਿ ਲੱਭੇ




**ਹਿਊਸਟਨ–** ਨਾਸਾ ਨੇ ਧਰਤੀ ਦੇ ਆਕਾਰ ਵਰਗੇ 7 ਨਵੇਂ ਗ੍ਰਹਿ ਲੱਭਣ ਦਾ ਦਾਅਵਾ ਕੀਤਾ ਹੈ। ਖਗੋਲ ਵਿਗਿਆਨੀਆਂ ਨੇ ਪਹਿਲੀ ਵਾਰ ਧਰਤੀ ਦੇ ਆਕਾਰ ਵਰਗੇ ਲੱਭੇ ਇਨ੍ਹਾਂ ਸੱਤ ਗ੍ਰਹਾਂ 'ਤੇ ਜੀਵਨ ਦੀ ਸੰਭਾਵਨਾ ਪ੍ਰਗਟਾਈ ਹੈ। ਨਾਸਾ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ। ਨਾਸਾ ਨੇ ਲਿਖਿਆ ਕਿ ਸਾਡੇ ਸੌਰ ਮੰਡਲ ਦੇ ਬਾਹਰ ਇਕ ਤਾਰੇ ਦੇ ਆਲੇ–ਦੁਆਲੇ ਧਰਤੀ ਦੇ ਆਕਾਰ ਦੇ ਸੱਤ ਨਵੇਂ ਗ੍ਰਹਿ ਮਿਲੇ ਹਨ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਸਪਿਟਜਰ ਸਪੇਸ ਟੈਲੀਸਕੋਪ ਅਨੁਸਾਰ ਇਹ ਗ੍ਰਹਿ ਆਕਾਰ ਵਿਚ ਧਰਤੀ ਜਿੰਨੇ ਵੱਡੇ ਹਨ। ਨਾਸਾ ਨੇ ਆਪਣੇ ਸਾਂਝੇਦਾਰਾਂ ਨਾਲ ਮਿਲ ਕੇ ਇਸ ਨਵੇਂ ਸੋਲਰ ਸਿਸਟਮ ਦੀ ਖੋਜ ਕੀਤੀ ਹੈ। ਇਨ੍ਹਾਂ ਗ੍ਰਹਾਂ ਵਿਚ ਤਿੰਨ ਅਜਿਹੇ ਹਨ ਜਿਨ੍ਹਾਂ ਦੀ ਸਤ੍ਹਹ 'ਤੇ ਪਾਣੀ ਹੋ ਸਕਦਾ ਹੈ। ਯੂਨੀਵਰਸਿਟੀ ਆਫ ਲੀਗ ਬੈਲਜੀਅਮ ਦੇ ਪ੍ਰਮੁੱਖ ਰਿਸਰਚਰ ਮਾਈਕਲ ਜੀਲਨ ਨੇ ਦੱਸਿਆ ਕਿ ਇਥੇ ਕੁਝ ਤਰਲ ਪਾਣੀ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਇਥੇ ਜੀਵਨ ਦੀ ਸੰਭਾਵਨਾ ਹੈ। ਇਹ ਪਹਿਲੀ ਵਾਰ ਹੈ ਕਿ ਧਰਤੀ ਦੇ ਆਕਾਰ ਦੇ ਸੱਤ ਗ੍ਰਹਿ ਲੱਭੇ ਹੋਣ। ਗ੍ਰਹਾਂ ਨੇੜੇ ਇਕ ਗਿੱਠਾ ਤਾਰਾ ਚੱਕਰ ਹੈ, ਜਿਸਦਾ ਨਾਮ ਟ੍ਰੈਪਪਿਸਟ–1 ਹੈ, ਜੋ ਕਿ 39 ਪ੍ਰਕਾਸ਼ ਸਾਲ ਦੂਰ ਹੈ। ਜੋ ਜੁਪੀਟਰ ਗ੍ਰਹਿ ਤੋਂ ਥੋੜਾ ਕੁ ਵੱਡਾ ਹੈ, ਤਾਰਾ ਚੱਕਰ ਕਮਜ਼ੋਰ ਰੋਸ਼ਨੀ ਨਾਲ ਚਮਕ ਰਿਹਾ ਹੈ, ਜੋ ਧਰਤੀ ਦੇ ਸੂਰਜ ਦੀ ਰੋਸ਼ਨੀ ਤੋਂ 2000 ਸਮਾ ਧੁੰਦਲੀ ਹੈ।

## ਭਾਰਤ ਵਿੱਚ 1750 ਮਗਰੋਂ 2016 ਰਿਹਾ ਸਭ ਤੋਂ ਵੱਧ ਗਰਮ

### ਦਰੱਖਤਾਂ ਦੀ ਲਗਾਤਾਰ ਕਟਾਈ ਕਾਰਨ ਕਾਰਬਨ ਡਾਇਆਕਸਾਈਡ ਦੀ ਮਾਤਰਾ ਵਧੀ

**ਚੰਡੀਗੜ੍ਹ –** ਦੇਸ਼ ਦੇ ਮੌਸਮ ਵਿਗਿਆਨੀ ਵੱਧ ਰਹੀ ਗਰਮੀ ਨੂੰ ਲੈ ਕੇ ਚਿੰਤਾ ਵਿਚ ਹਨ। ਵਿਗਿਆਨੀਆਂ ਨੇ ਦੱਸਿਆ ਹੈ ਕਿ ਜਲਵਾਯੂ ਵਿਚ ਆਈ ਤਬਦੀਲੀ ਕਾਰਨ ਲਗਾਤਾਰ ਤਪਸ਼ ਵੱਧਦੀ ਜਾ ਰਹੀ ਹੈ। ਇਸ ਮੌਸਮੀ ਬਦਲਾਅ ਕਾਰਨ ਸੰਨ 1750 ਤੋਂ ਲੈ ਕੇ ਹੁਣ ਤੱਕ ਸਾਲ 2016 ਸਭ ਤੋਂ ਗਰਮ ਸਾਲ ਦਰਜ ਕੀਤਾ ਗਿਆ ਹੈ। ਇਸ ਦਾ ਸਿੱਧਾ ਅਸਰ ਫ਼ਸਲਾਂ ਦੀ ਪੈਦਾਵਾਰ 'ਤੇ ਵੀ ਪੈ ਰਿਹਾ ਹੈ। ਸਾਲ 2001 ਤੋਂ ਲੈ ਕੇ 2010 ਸਭ ਤੋਂ ਗਰਮ ਦਹਾਕਾ ਤੇ 2011 ਤੋਂ ਲੈ 2015 ਇਕੀਵੀਂ ਸਦੀ ਦੇ ਸਭ ਤੋਂ ਵੱਧ ਗਰਮ ਪੰਜ ਸਾਲ ਰਹੇ ਹਨ। ਸਾਲ 2015 ਵਿਚ ਸਾਰੇ ਸੰਸਾਰ ਵਿਚ .76 ਡਿਗਰੀ ਸੈਲਸੀਅਸ ਦੀ ਦਰ ਨਾਲ ਤਾਪਮਾਨ ਵਿਚ ਗਰਮੀ ਵਧੀ ਹੈ, ਜਦਕਿ ਸਾਲ 2016 ਵਿਚ ਇਹ ਵਾਧਾ .83 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਸਾਰੇ ਸੰਸਾਰ ਦੇ ਨਾਲ–ਨਾਲ ਭਾਰਤ 'ਚ ਵੀ ਗਰਮੀ ਵਧੀ ਹੈ, ਜਿਸ ਤਹਿਤ 21ਵੀਂ ਸਦੀ ਹੁਣ ਤੱਕ ਦੀ ਸਭ ਤੋਂ ਗਰਮ ਸਦੀ ਹੈ। ਇਹ ਜਾਣਕਾਰੀ ਮੌਸਮ ਵਿਗਿਆਨ ਵਿਭਾਗ ਨਵੀਂ ਦਿਲੀ ਦੇ ਡਿਪਟੀ ਡਾਇਰੈਕਟਰ ਡਾ. ਐਸ.ਬੀ. ਅੱਤਰੀ ਨੇ ਪੱਤਰਕਾਰ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ ਦਰਖਤਾਂ ਨੂੰ ਕੱਟਣ ਅਤੇ ਪ੍ਰਦੂਸ਼ਣ ਦੇ ਕਾਰਨ ਗਰੀਨ ਹਾਊਸ ਗੈਸਾਂ ਬਣਦੀਆਂ ਹਨ। ਇਨ੍ਹਾਂ ਵਿਚ ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟਰਸ ਓਕਸਾਈਡ ਗੈਸਾਂ ਮੁੱਖ ਹਨ। ਇਨ੍ਹਾਂ ਵਿਚ ਸਭ ਨਾਲੋਂ ਜ਼ਿਆਦਾ ਮਾਤਰਾ ਕਾਰਬਨ ਡਾਇਓਕਸਾਈਡ ਦੀ ਹੈ। ਇਹ ਵਾਤਾਵਰਨ ਵਿਚ 65 ਫੀਸਦੀ ਸ਼ਾਮਲ ਹੈ। ਪਿਛਲੇ 6 ਲੱਖ 50 ਹਜ਼ਾਰ ਸਾਲਾਂ 'ਚ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਸਭ ਤੋਂ ਜ਼ਿਆਦਾ ਹੁਣ ਹੈ। ਇਸ ਨਾਲ ਸਿਹਤ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਕੁਝ ਸਮੇਂ ਤੋਂ



ਬਰਸਾਤ ਇੱਕੋ ਸਮੇਂ ਬਹੁਤ ਜ਼ਿਆਦਾ ਹੋ ਰਹੀ ਹੈ, ਜਦਕਿ ਅਗਲੇ ਸਾਲ ਘੱਟ ਹੁੰਦੀ ਹੈ, ਜਿਸ ਕਾਰਨ ਜ਼ਮੀਨ ਨੂੰ ਨਮੀ ਜਾਂ ਤਾਂ ਲੋੜ ਨਾਲੋਂ ਵੱਧ ਜਾਂ ਘੱਟ ਮਿਲਦੀ ਹੈ। ਇਸ ਸਭ ਦਾ ਕਾਰਨ ਮੌਸਮ ਵਿਚ ਆਈ ਤਬਦੀਲੀ ਹੈ। ਜ਼ਿਆਦਾ ਬਰਸਾਤਾਂ ਨਾਲ ਹੜ੍ਹ ਆਉਣ ਦਾ ਕਾਰਨ ਬਣ ਰਿਹਾ ਹੈ ਤੇ ਘੱਟ ਬਰਸਾਤ ਕਾਰਨ ਸੋਕੇ ਦੀ ਸਥਿਤੀ ਪੈਦਾ ਹੋ ਰਹੀ ਹੈ। ਬਰਸਾਤਾਂ ਦੇ ਜ਼ਿਆਦਾ ਜਾਂ ਘੱਟ ਹੋਣ ਕਾਰਨ ਫ਼ਸਲਾਂ ਦੀ ਪੈਦਾਵਾਰ 'ਤੇ ਵੀ ਬਹੁਤ ਅਸਰ ਪੈਂਦਾ ਹੈ, ਜੇਕਰ ਤਾਪਮਾਨ ਵਿਚ ਦੋ ਫੀਸਦੀ ਹੋਰ ਵਾਧਾ ਹੋ ਜਾਂਦਾ ਹੈ ਤਾਂ ਦੁਨੀਆਂ ਭਰ ਵਿਚ ਗਲੇਸ਼ੀਅਰਾਂ ਦੇ ਪਿਘਲਣ ਦਾ ਖ਼ਤਰਾ ਪੈਦਾ ਹੋ ਜਾਵੇਗਾ। ਇਸ ਤੋਂ ਬਚਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਵਾਤਾਵਰਨ ਨੂੰ ਬਚਾਉਣ ਲਈ ਅਗਲੇ ਦਸ ਸਾਲਾਂ ਵਿਚ ਗੈਰ ਰਵਾਇਤੀ ਊਰਜਾ ਨੂੰ 135 ਗੀਗਾ ਹਾਟ ਤੋਂ ਵਧਾ ਕੇ 175 ਤੱਕ ਲਿਜਾਣਾ ਹੈ।

## ਲੋਕ ਜਾਗ੍ਰਿਤੀ ਲਈ ਰੰਗਮੰਚ ਨੂੰ ਪਿੰਡ ਤੋਂ ਦੇਸ਼ ਭਰ 'ਚ ਲਿਜਾਣ ਲਈ ਸੰਘਰਸ਼ਸ਼ੀਲ

# ਪ੍ਰਗਤੀ ਕਲਾ ਕੇਂਦਰ ਲਾਂਦੜਾ (ਜਲੰਧਰ) ਦੇ ਸਿਪਾਹਸਿਲਾਰ ਸੋਢੀ ਰਾਣਾ ਤੇ ਮੱਖਣ ਕ੍ਰਾਂਤੀ

ਸਮਾਜਿਕ ਪਰਿਵਰਤਨ, ਦੱਬੇ ਕੁਚਲੇ ਵਰਗ ਦੇ ਉਥਾਨ ਲਈ ਆਪਣੀ ਸੋਚ ਦੀ ਪ੍ਰਚੰਡ ਲੋਅ ਬਾਲਣ ਦੇ ਸਾਰਥਿਕ ਅਤੇ ਅਮਲੀ ਯਤਨ ਤਨਦੇਹੀ ਨਾਲ਼ ਕਰਨ ਵਾਲੇ ਯੋਧੇ ਅਧਿਆਪਕ, ਲੇਖਕ, ਕਵੀ, ਨਿਰਦੇਸ਼ਕ, ਰੰਗ-ਕਰਮੀ, ਜਥੇਬੰਦਕ ਸੰਘਰਸ਼ਾਂ ਦਾ ਰਾਹੀ ਮੱਖਣ ਕ੍ਰਾਂਤੀ 27 ਫਰਵਰੀ ਨੂੰ ਇੱਕ ਦਰਦਨਾਕ ਸੜਕ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਗਿਆ। ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਮਹਾਂਨਿਰਦੇਸ਼ਕ ਦੋਵਾਂ ਭਰਾਵਾਂ ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਦੇ ਸੰਘਰਸ਼ ਦੀ ਦਾਸਤਾਨ ਨੂੰ ਇੱਕ ਆਰਟੀਕਲ ਰਾਹੀਂ ਰੇਸ਼ਮ ਕਰਨਾਣਵੀ ਵਲੋਂ "ਅੰਬੇਦਕਰ ਟਾਈਮਜ਼" ਦੇ ਨਵੰਬਰ 2011 ਦੇ ਅੰਕ ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ। ਜਿਸ ਨੂੰ ਹੁਣ ਫਿਰ ਤੋਂ ਮੱਖਣ ਕ੍ਰਾਂਤੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦੇ ਹੋਏ ਛਾਪ ਰਹੇ ਹਾਂ। ਦੁੱਖ ਦੀ ਘੜੀ ਵਿੱਚ ਸ਼ਾਮਲ ਅਦਾਰਾ "ਦੇਸ਼ ਦੁਆਬਾ", " "ਅੰਬੇਦਕਰ ਟਾਈਮਜ਼"। **-ਸੰਪਾਦਕ**



-ਰੇਸ਼ਮ ਕਰਨਾਣਵੀ
98158-80104

ਵਿਗਿਆਨਕ ਨਜ਼ਰੀਆ ਹੈ ਕਿ ਸਪਰਿੰਗ ਨੂੰ ਜਿੰਨਾ ਜ਼ਿਆਦਾ ਦਬਾਓਗੇ ਉਨ੍ਹਾਂ ਜ਼ਿਆਦਾ ਉਸ ਵਿੱਚ ਉਛਾਲ ਪੈਦਾ ਹੋਵੇਗਾ। ਦੁਨੀਆਂ ਵਿੱਚ ਗਰੀਬਾਂ, ਗੁਲਾਮਾਂ ਨੂੰ ਜਿੰਨਾ ਜ਼ਿਆਦਾ ਦਬਾਇਆ ਗਿਆ ਉੱਨਾ ਹੀ ਪ੍ਰਚੰਡ ਰੂਪ 'ਚ ਉਹ ਲੋਕ-ਹਿੱਤ 'ਚ ਉਠੀਆਂ ਲਹਿਰਾਂ ਦੀ ਅਗਵਾਈ ਕਰਨ ਦੇ ਸਮਰੱਥ ਹੋਏ ਹਨ। ਸਦੀਆਂ ਤੋਂ ਹਨ੍ਹੇਰਾ ਢੋਂਦੇ ਲੋਕਾਂ ਵਿੱਚ ਬਹੁਤ ਸਾਰੇ ਰੌਸ਼ਨ ਦਿਮਾਗ਼, ਯੁੱਧ ਪੁਰਸ਼ ਹੋਏ ਹਨ, ਜਿਨ੍ਹਾਂ ਨੇ ਹਨ੍ਹੇਰਿਆਂ ਵਿੱਚ ਰੌਸ਼ਨੀ ਦੀਆਂ ਮਿਸ਼ਾਲਾਂ ਨੂੰ ਲਟ-ਲਟ ਬਾਲਿਆ ਹੈ ਤੇ ਲੋਕਾਂ ਨੂੰ ਲਾਮਬੰਦ ਕਰਕੇ ਹਮੇਸ਼ਾ ਜ਼ੁਲਮ ਦੇ ਖਿਲਾਫ਼ ਲਲਕਾਰ ਕੇ ਖੜ੍ਹੇ ਹੋਣ ਲਈ ਪ੍ਰੇਰਿਆ ਹੈ। ਆਮ ਲੋਕਾਈ ਤੋਂ ਵੱਖਰੇ ਪਿੰਡਾਂ ਦੇ ਬਾਹਰ ਆਮ ਕਰਕੇ ਲਹਿੰਦੇ ਪਾਸੇ ਵਸਦੇ ਹਨ੍ਹੇਰੇ ਘੁਰਨਿਆਂ ਵਰਗੇ ਕੱਚੇ-ਪੱਕੇ ਘਰਾਂ, ਛੋਟੀਆਂ ਲੰਬੀਆਂ ਗਲੀਆਂ 'ਚ ਹਨ੍ਹੇਰਾ ਢੋਂਦੇ, ਮਿਹਨਤ ਮੁਸ਼ੱਕਤ ਕਰਦੇ ਹੀ ਗਰੀਬ ਦੇ ਗਰੀਬ ਤੇ ਲਤਾੜੇ ਲੋਕਾਂ ਵਿੱਚੋਂ ਹੀ ਰੌਸ਼ਨੀ ਦੀ ਮਿਸ਼ਾਲ ਬਾਲ਼ ਕੇ ਸੂਹੀ ਸਵੇਰ ਦੀ ਆਮਦ ਲਈ ਸੰਘਰਸ਼ ਕਰਨ, ਗਰੀਬੀ ਨੂੰ ਹੀ ਗਦਾ ਬਣਾ ਕੇ ਚੱਲਣ ਵਾਲੇ ਨਿਧੜਕ ਯੋਧੇ ਸਮਿਆਂ ਦੇ ਸਿਰਨਾਵੇਂ ਬਣਦੇ ਹਨ, ਜੋ ਜਾਗ੍ਰਿਤੀ ਲਈ ਆਪਾ ਵਾਰਦੇ ਹਨ।

ਮੰਜ਼ਿਲ ਦਰ ਮੰਜ਼ਿਲ ਸਰ ਕਰਦੇ ਇਹੋ ਜਿਹੇ ਸ਼ਖਸ ਬਹੁਤ ਸਾਰੇ ਵਿਰੋਧਾਂ ਦੇ ਬਾਵਜੂਦ ਵੀ ਆਪਣੀ ਮਸਤ ਚਾਲੇ ਤੁਰੇ ਜਾਂਦੇ ਹਨ। ਪ੍ਰਗਤੀ ਕਲਾ ਕੇਂਦਰ ਲਾਂਦੜਾ (ਜਲੰਧਰ) ਰਜਿ: ਕੰਗ ਮੰਚ ਦੇ ਸੰਚਾਲਕ, ਨਿਰਦੇਸ਼ਕ, ਨਾਟਕਕਾਰ, ਕਲਾਕਾਰ ਦੋ ਸਕੇ ਭਰਾ ਸੋਢੀ ਰਾਣਾ ਤੇ ਮੱਖਣ ਕ੍ਰਾਂਤੀ ਵੀ ਗੁਰਬੱਤ ਦਾ ਨਰਕ ਭੋਗਦੇ ਦਲਿਤ, ਲਤਾੜੇ ਸਮਾਜ ਦੇ ਹਨੇਰੇ ਕੱਚੇ ਘਰਾਂ ਦੇ ਜੰਮਪਲ ਹਨ, ਜਿਨ੍ਹਾਂ ਨੇ ਆਪ ਜਾਗ ਕੇ ਲੋਕਾਂ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਤੇ ਉਹ ਲਗਾਤਾਰ 17 ਸਾਲ ਤੋਂ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਮੰਚ ਤੋਂ ਮੁਹੱਲੇ-ਮੁਹੱਲੇ, ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਣ, ਜਗੀਰਦਾਰੀ ਸ਼ੋਸ਼ਣ, ਭ੍ਰਿਸ਼ਟ ਰਾਜਨੀਤੀ, ਧਾਰਮਿਕ ਕੱਟੜਤਾ, ਸੱਭਿਆਚਾਰਕ ਨਿਘਾਰ, ਸਾਮਾਜਿਕ ਨਾ ਬਰਾਬਰਤਾ, ਜਾਤ-ਪਾਤ ਭੇਦਭਾਵ ਦੇ ਵਿਰੁੱਧ ਲਾਮਬੰਦ ਕਰਨ ਲਈ ਨਿਰੰਤਰ ਕਾਫ਼ਲੇ ਦੇ ਰੂਪ ਵਿੱਚ ਚੱਲ ਰਹੇ ਹਨ। ਪੰਜਾਬੀ ਪੇਂਡੂ ਰੰਗ ਮੰਚ ਦੇ ਬਾਬਾ ਬੋਹੜ ਭਾਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੀ ਸਰਪ੍ਰਸਤੀ ਪ੍ਰੇਰਨਾ ਅਤੇ ਨਿੱਘੇ ਸਾਥ 'ਤੇ ਮਿਹਰ ਭਰੇ ਵਰਤਾਅ ਕਰਕੇ ਪ੍ਰਗਤੀ ਕਲਾ ਕੇਂਦਰ ਨੂੰ ਹੋਰ ਵੀ ਹੁਲਾਰਾ ਮਿਲਿਆ, ਉਹ ਆਪਣੀ ਮੰਜ਼ਿਲੇ-ਮਕਸੂਦ ਤੱਕ ਪੁੱਜਣ ਲਈ ਹੋਰ ਵੀ ਉਤਾਵਲੀ ਤੋਰੇ ਤੁਰੇ ਹਨ। ਪੰਜਾਬ ਵਿੱਚ ਰੰਗਮੰਚ ਦੀ ਦੁਨੀਆਂ ਦੇ ਸਥਾਪਿਤ ਨਾਵਾਂ 'ਚ ਮੋਹਰੀ ਹੋ ਕੇ ਵਿਚਰ ਰਹੇ ਹਨ।

ਸੋਢੀ ਰਾਣਾ ਤੇ ਮੱਖਣ ਕ੍ਰਾਂਤੀ ਵੀ ਪਿੰਡੋਂ ਬਾਹਰ ਵਸੀ ਚਮਾਰਲੀ ਦੀਆਂ ਦੋ ਤਿੰਨ ਫੁੱਟ ਚੌੜੀਆਂ, ਲੰਬੀਆਂ ਗਲੀਆਂ 'ਚ ਛੋਟੇ ਕੱਚੇ ਘਰਾਂ ਵਿੱਚ ਜਨਮੇ ਹਨ। ਜੋ ਘਰ ਕਦੇ ਉਨ੍ਹਾਂ ਦੇ ਬਾਪ-ਦਾਦੇ ਦੇ ਨਾਂ ਅੱਜ ਤੱਕ 'ਕਾਗਜ਼ਾਂ' 'ਚ ਨਹੀਂ ਬੋਲੇ। ਮਿਹਨਤੀ ਸਿਰੜੀ ਪਰਿਵਾਰ ਵਿੱਚ ਪਿਤਾ ਰਾਊ ਰਾਮ, ਮਾਤਾ ਮਹਿੰਦਰ ਕੌਰ ਦੇ ਘਰ ਜਨਮੇ ਵੱਡੇ ਭਰਾ ਸੱਤਪਾਲ, ਭੈਣ ਸੱਤਿਆ ਦੇਵੀ, ਸੋਢੀ ਰਾਣਾ, ਕਮਲਾ ਦੇਵੀ ਅਤੇ ਮੱਖਣ ਕ੍ਰਾਂਤੀ ਹੋਰੀਂ ਪੰਜ ਭੈਣ-ਭਰਾ ਹਨ। ਦਾਦਾ ਜੀ, ਪਿਤਾ ਜੀ ਤੇ ਤਾਏ, ਚਾਚੇ, ਵੱਡਾ ਭਰਾ ਪਿੰਡ ਵਿੱਚ ਬਣਦੀਆਂ ਟੋਕਾ ਮਸ਼ੀਨਾਂ ਦੇ ਕਾਰਖਾਨੇ 'ਚ ਕੰਮ ਕਰਦੇ ਸਨ। ਮਾਤਾ ਮਹਿੰਦਰ ਕੌਰ ਤੇ ਭੈਣ ਸੱਤਿਆ ਦੇਵੀ ਵੀ ਹੋਰ ਦਲਿਤ ਔਰਤਾਂ ਵਾਂਗ ਖੇਤਾਂ 'ਚੋਂ ਪੱਠੇ ਲਿਆ ਕੇ ਪਸ਼ੂ ਪਾਲਦੀਆਂ ਸਨ। ਗਰੀਬੀ ਢੋਂਦੇ ਪਰਿਵਾਰ ਤੇ ਹੋਰ ਗਰੀਬੀ ਆ ਗਈ ਜਦੋਂ 36 ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਰਾਊ ਰਾਮ ਨੂੰ ਅਧਰੰਗ ਹੋ ਗਿਆ। ਸੋਢੀ ਰਾਣਾ ਤੇ ਮੱਖਣ ਕ੍ਰਾਂਤੀ ਦਾ ਬਚਪਨ ਹੋਰ ਔਖੇ ਹਾਲਾਤਾਂ 'ਚ ਬੀਤਿਆ। ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਦਿਹਾੜੀਆਂ ਵੀ ਕਰਨੀਆਂ ਪਈਆਂ ਅਤੇ ਸਥਾਪਤੀ ਲਈ ਸੰਘਰਸ਼ ਕੀਤਾ। ਸੋਢੀ ਰਾਣਾ ਨਕਸਲੀ ਲਹਿਰ ਦੇ ਪ੍ਰਭਾਵ 'ਚ ਦਰਸ਼ਨ ਖਟਕੜ ਗਰੁੱਪ ਦੇ ਲੀਡਰ ਅਜਮੇਰ ਸਿੰਘ ਸਮਰਾਏ ਸੀ. ਪੀ. ਆਈ. (ਐਮ. ਐਲ.) ਦੀ ਅਗਵਾਈ 'ਚ ਇਨਕਲਾਬੀ ਸਾਹਿਤ ਨਾਲ ਜੁੜੇ ਤੇ ਉਸੇ ਮਾਹੌਲ ਦਾ ਅਸਰ ਮੱਖਣ 'ਤੇ ਵੀ ਪਿਆ। ਉਹ ਵੀ ਬਚਪਨ ਵਿੱਚ ਇਨਕਲਾਬੀ ਗੀਤ ਗਾਉਣ 'ਚ ਮੋਹਰੀ ਰਿਹਾ। ਇਸੇ ਕਰਕੇ ਅਧਿਆਪਕਾਂ ਨੇ ਉਸ ਨੂੰ "ਕ੍ਰਾਂਤੀ" ਤਖ਼ੱਲਸ ਦੇ ਦਿੱਤਾ। ਪਰਿਵਾਰਕ ਅਤੇ ਸਾਮਾਜਿਕ ਘੋਲ ਦੀ ਚਲਦੀ ਚਾਲੇ ਸੋਢੀ ਰਾਣਾ ਦਾ ਵਿਆਹ ਕੁਲਵਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਜਨਮੀ ਲੜਕੀ ਅਮ੍ਰਿਤਾ ਰਾਣੀ ਨੇ ਐਮ. ਏ. ਇੰਗਲਿਸ਼ ਕੀਤੀ ਹੈ ਤੇ ਰੰਗ ਮੰਚ ਕਲਾਕਾਰ ਵੀ ਹੈ ਤੇ ਟੀਮ ਵਿੱਚ ਹੀ ਕੰਮ ਕਰ ਰਹੀ ਹੈ।

ਲੜਕਾ ਪੱਲਪ੍ਰੀਤ ਰਾਣਾ ਬੈਚਲਰ ਆਫ਼ ਫਾਈਨ ਆਰਟਸ ਜੰਮੂ 'ਚ ਤੀਜੇ ਸਾਲ ਦਾ ਵਿਦਿਆਰਥੀ ਹੈ। ਸਰਕਾਰੀ ਹਾਈ ਸਕੂਲ ਗੜ੍ਹੀ ਮਹਾਂਸਿੰਘ (ਜਲੰਧਰ) ਵਿੱਚ ਅਧਿਆਪਕ ਮੱਖਣ ਕ੍ਰਾਂਤੀ ਦੀ ਪਤਨੀ ਪ੍ਰੋਮਿਲਾ ਦੇਵੀ ਅਤੇ ਕ੍ਰਾਂਤੀ ਆਪਣੇ ਬੱਚਿਆਂ-ਬੇਟੇ ਸੁਸ਼ੀਲ ਕੁਮਾਰ, ਬੇਟੀ ਸਿਮਰਨਜੀਤ ਕੌਰ, ਛੋਟੇ ਬੇਟੇ ਅਰਸ਼ਜੀਤ ਆਸ਼ੂ ਨੂੰ ਜਿੱਥੇ ਚੰਗੀ ਪੜ੍ਹਾਈ ਕਰਵਾ ਰਹੇ ਹਨ, ਉੱ ਉਹ ਨਾਟਕ ਟੀਮ ਦੇ ਸਰਗਰਮ ਕਲਾਕਾਰ ਵੀ ਹਨ।

ਜਿੱਥੇ ਬੋਲਾਂ 'ਚ ਗੜ੍ਹਕ, ਵਿਚਾਰਾਂ 'ਚ ਤਰਕ, ਨਿਧੜਕ ਭਾਸ਼ਣ, ਗੀਤਕਾਰ, ਨਿਰਦੇਸ਼ਨ ਮਾਹਿਰ, ਕਿਰਦਾਰ 'ਚ ਢਲਣ ਵਾਲਾ ਅਦਾਕਾਰ, ਚੀਤੇ ਵਰਗੀਆਂ ਬੇਖੌਫ਼ ਡੂੰਘੀਆਂ ਅੱਖਾਂ ਹੱਕ ਸੱਚ ਦੇ ਹਿੱਤ 'ਚ ਖਾਧੇ ਫੱਟਾਂ ਨਿਸ਼ਾਨਾਂ ਵਾਲਾ ਗੋਲ ਮਟੋਲ ਚਿਹਰਾ ਸੋਢੀ ਰਾਣਾ ਦੀ ਸ਼ਖ਼ਸੀਅਤ ਦਾ ਸੱਚ ਹੈ, ਤਰਕਸ਼ੀਲ ਵਿਚਾਰਾਂ ਦਾ ਧਾਰਨੀ, ਗੀਤ, ਗਜ਼ਲ ਰਾਹੀਂ ਸਾਹਿਤਕ ਹਾਜ਼ਰੀ ਲਗਵਾਉਣ ਵਾਲੇ, ਰੰਗ ਮੰਚ ਦੇ ਕਲਾਕਾਰ ਨਿਰਦੇਸ਼ਕ, ਨਿਰਛਲ ਮੋਹਣੀ ਮੁਸਕਾਨ ਵਾਲੇ ਸੰਵਾਰੇ ਖ਼ਤ ਵਾਲੇ ਤੇ ਸ਼ਕਲੋਂ ਸੂਰਤੋਂ ਹੀ ਮਾਸਟਰ ਲੱਗਣ ਵਾਲੇ ਬੀਬੇ ਚਿਹਰੇ ਦਾ ਮਾਲਕ ਮੱਖਣ ਕ੍ਰਾਂਤੀ ਵੀ ਆਪਣੀ ਸ਼ਖ਼ਸੀਅਤ ਦਾ ਅਨੁਵਾਦ ਹੈ।

ਦੋਵਾਂ ਭਰਾਵਾਂ ਤੇ ਪਿੰਡਾਂ ਹੁੰਦੀਆਂ ਰਾਸਾਂ, ਨਕਲਾਂ ਅਤੇ ਖ਼ਾਸ ਕਰਕੇ ਮਾਸਟਰ ਮਲੂਕ ਚੰਦ ਜਾਡਲੇ ਵਾਲਿਆਂ ਦੇ ਡਰਾਮਿਆਂ ਦਾ ਡੂੰਘਾ ਪ੍ਰਭਾਵ ਪਿਆ। ਨਕਸਲੀ ਲਹਿਰ ਦਾ ਇਨਕਲਾਬੀ ਰੰਗ ਵੀ ਚੜ੍ਹਿਆ, ਜਿਸ ਕਰਕੇ ਉਨ੍ਹਾਂ ਨੇ ਆਪਣੇ ਰੰਗ ਮੰਚ ਦੇ ਕਾਰਜ ਖੇਤਰ ਵਿੱਚ ਥੋੜ੍ਹੇ ਸਮੇਂ 'ਚ ਵੱਡੀਆਂ ਮੱਲਾਂ ਮਾਰੀਆਂ। ਸ਼ੁਰੂ ਵਿੱਚ ਔਕੜਾਂ ਮੁਸ਼ਕਲਾਂ ਆਈਆਂ ਫਿਰ ਵੀ ਪਿੰਡ ਦੀ ਇਕਾਈ ਤੋਂ ਉਠਾ ਕੇ ਪੂਰੇ ਪੰਜਾਬ ਵਿੱਚ ਆਪਣੀ ਕਲਾ ਤੇ ਕਲਾ ਕੇਂਦਰ ਦਾ ਨਾਂ ਚਮਕਾਇਆ। ਟੀਮ ਲਈ ਕਲਾਕਾਰ ਵੀ ਪਿੰਡਾਂ ਵਿੱਚੋਂ ਹੀ ਤਿਆਰ ਕੀਤੇ। ਉਨ੍ਹਾਂ ਨੂੰ ਵਿਚਾਰਧਾਰਕ ਤੌਰ 'ਤੇ ਅਤੇ ਸਾਹਿਤ ਨਾਲ ਸਾਂਝ ਪੁਆ ਕੇ ਮਨੋਬਲ ਵਧਾਇਆ। (ਪਹਿਲਾਂ ਪਹਿਲ ਫਿਲਮਾਂ ਬਣਾਉਣ ਦੇ 'ਭੂਤ' ਨੂੰ ਉਸਤਾਦ ਗੁਰਦਿਆਲ ਰੌਸ਼ਨ ਦੀ ਸੁਚੱਜੀ ਅਗਵਾਈ ਤੇ ਨੇਕ ਸਲਾਹ ਨਾਲ ਉਨ੍ਹਾਂ ਦੇ 'ਸਿਰੋਂ" ਲਾਹਿਆ ਤੇ ਰੰਗ ਮੰਚ 'ਤੇ ਹੀ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਆ। ਹੁਣ ਤੱਕ ਇਹ ਹੀ ਰਾਹ 'ਤੇ ਸਫ਼ਰ ਚੁਣਿਆ ਤੇ ਕਾਮਯਾਬੀ ਪਾਈ) ਕਲਾ ਕੇਂਦਰ ਵਿੱਚ ਕੰਮ ਕਰਨ ਵਾਲੇ ਗਰੀਬ ਪਰਿਵਾਰਾਂ ਦੇ ਕਲਾਕਾਰ ਕਲਾ ਕੇਂਦਰ ਦੇ ਨਾਮਵਰ ਅਦਾਕਾਰ ਬਣੇ ਹਨ।







ਇਹ ਬੜੀ ਮੁਸ਼ੱਕਤ ਦਾ ਕੰਮ ਸੀ। ਪਹਿਲਾਂ- ਪਹਿਲਾਂ ਐਸ ਡੀ. ਪੀ. ਸਕੂਲ ਫਿਲੌਰ ਵਿੱਚ ਨਾਟਕਾਂ ਦੀ ਤਿਆਰੀ ਤੇ ਰਿਹਰਸਲਾਂ ਕਰਦੇ ਰਹੇ ਫਿਰ ਘਰ ਤੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਵੀ ਤੇ ਬਾਅਦ ਵਿੱਚ ਕ੍ਰਾਂਤੀ ਪਬਲਿਕ ਸਕੂਲ' ਪਾਲਕਦੀਮ ਵਿੱਚ ਇਹ ਸਿਲਸਿਲਾ ਸ਼ੁਰੂ ਕੀਤਾ ਜੋ ਹੁਣ ਤੱਕ ਜਾਰੀ ਹੈ। ਟੀਮ ਵਿੱਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਕਲਾਕਾਰ ਜਿਨ੍ਹਾਂ 'ਚੋਂ ਬਹੁਤੇ ਉਨ੍ਹਾਂ ਖ਼ੁਦ ਤਿਆਰ ਕੀਤੇ ਸਮੇਂ ਦੇ ਹਿਸਾਬ 'ਚ ਆਉਂਦੇ-ਜਾਂਦੇ ਰਹੇ। ਰੇਲ ਗੱਡੀ ਦੇ ਸਫ਼ਰ ਵਾਂਗ ਕਈ ਮੁਸਾਫ਼ਰ ਨਵੇਂ ਚੜ੍ਹੇ ਤੇ ਪੁਰਾਣੇ ਉੱ ਪਰ ਫਿਰ ਵੀ ਗੱਡੀ ਲੀਹ 'ਤੇ ਚੱਲ ਰਹੀ ਹੈ। ਸ਼ੁਰੂ ਵਿੱਚ ਹਰਮੇਸ਼ ਜੱਸਲ ਤੇ ਬੀ. ਕੇ. ਗਾਮਾ ਦੇ ਸਹਿਯੋਗ ਨਾਲ ਪ੍ਰਗਤੀ ਕਲਾ ਮੰਚ ਫਿਲੌਰ 'ਚ ਸਰਗਰਮੀਆਂ ਜਾਰੀ ਕੀਤੀਆਂ, ਪਰ ਬਾਅਦ ਵਿੱਚ ਕਲਾਕਾਰਾਂ ਦੀ ਕਮੀ ਕਰਕੇ ਮੁੱਖ ਦਫ਼ਤਰ ਪਿੰਡ ਬਣਾ ਕੇ 'ਪ੍ਰਗਤੀ ਕਲਾ ਕੇਂਦਰ ਲਾਂਦੜਾ' ਬਣਾਇਆ। ਉਸ ਵਿੱਚ ਸੋਢੀ ਰਾਣਾ, ਮੱਖਣ ਕ੍ਰਾਂਤੀ, ਜਸਵਿੰਦਰ ਪੱਪੀ, ਜਸਵਿੰਦਰ ਤੋਤੀ, ਹਰਜਿੰਦਰ ਸ਼ਰਮਾ, ਲਾਲ ਚੰਦ ਲਾਲੀ, ਚਰਨਜੀਤ ਚੰਨੀ ਬਲਜੀਤ ਬੱਬੀ ਸ਼ਾਮਲ ਹਨ। ਫਿਰ ਜਿੰਦਰ ਛੋਕਰਾਂ, ਜੀਤੀ ਛੋਕਰਾਂ, ਮੋਹਨ ਬਬਲਾ, ਰਣਯੋਧ ਗਿੱਲ ਹੋਰੀਂ ਟੀਮ ਦੇ ਮੈਂਬਰ ਬਣੇ ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਫਿਰ ਪਲਵਿੰਦਰ ਪਿੰਦਾ, ਪਰਵਿੰਦਰ, ਮਨਦੀਪ, ਜਸਵੀਰ ਦੁੱਗਲ, ਗਮਨੂੰ ਬਾਂਸਲ, ਮੰਗਤ ਗੰਗਾ, ਹਰਪ੍ਰੀਤ, ਸਿਮਰਜੀਤ ਕੌਰ, ਤੂਫਾਨ, ਚਿਰੰਜੀਵ, ਅਮਨਦੀਪ ਕੌਰ ਕਟਾਣਾ ਨੇ ਵੀ ਟੀਮ 'ਚ ਕੰਮ ਕੀਤਾ। ਇਹਨਾਂ ਵਿੱਚੋਂ ਜਸਵਿੰਦਰ ਪੱਪੀ ਤੇ ਲੜਕੀ ਬਲਜੀਤ ਬੱਬੀ ਟੀਮ ਦੇ ਸਮਰਪਿਤ ਤੇ ਲੰਬਾ ਸਮਾਂ ਮੈਂਬਰ ਰਹੇ। ਫਿਰ ਟੀਮ 'ਚ ਹੋਰ ਮੈਂਬਰ ਤੇ ਕਲਾਕਾਰ ਮੁਸ਼ਤਾਕ ਅਲੀ, ਸੁਖਜਿੰਦਰ ਚੀਮਾ, ਗੁਰਿੰਦਰ ਕਟਾਣਾ, ਸੁਖਵਿੰਦਰ ਕੌਰ ਚੀਮਾ, ਰਮਨਜੀਤ ਕੌਰ ਹੋਰੀਂ ਆਏ ਆਪਣਾ ਯੋਗਦਾਨ ਪਾਇਆ। ਹੁਣ ਦੀ ਟੀਮ ਵਿੱਚ ਸੁਨੀਲ ਯੋਧਾ, ਗੁਰਪ੍ਰੀਤ ਕੌਰ ਲੋਹਗੜ੍ਹ, ਅਮ੍ਰਿਤਾ ਰਾਣੀ, ਸਿਮਰਨਜੀਤ ਕੌਰ, ਅਰਸ਼ਮੀਤ ਆਸ਼ੂ, ਬੰਦਨਾ ਕੁਮਾਰੀ, ਗੁਰਦੀਪ, ਸੰਨੀ ਕੁਮਾਰ ਲੋਹਗੜ੍ਹ, ਪ੍ਰੀਤੀ ਕਟਾਣਾ, ਸੰਦੀਪ ਕੌਰ, ਵਿਸ਼ਾਲ, ਮਨਪ੍ਰੀਤ ਚੀਮਾ ਬਤੌਰ ਕਲਾਕਾਰ ਕੰਮ ਕਰ ਰਹੇ ਹਨ।

ਰੰਗਮੰਚ ਦੇ ਸਫ਼ਰ 'ਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੇ ਕਲਾਕਾਰ ਤੇ ਫਿਲਮੀ ਅਦਾਕਾਰ ਬਲਰਾਜ ਸਾਹਨੀ ਦੀ ਯਾਦ ਵਿੱਚ ਨਵਜੋਤ ਸਾਹਿਤ ਸੰਸਥਾ ਔੜ ਦੇ ਪ੍ਰਧਾਨ ਗੁਰਦਿਆਲ ਰੌਸ਼ਨ, ਸਕੱਤਰ ਸੰਧੂ ਵਰਿਆਣਵੀ ਦੀ ਰਹਿਨੁਮਾਈ 'ਚ ਨਾਟਕ ਮੇਲਿਆਂ ਦਾ ਆਯੋਜਨ ਸ਼ੁਰੂ ਕੀਤਾ। ਰੰਗਮੰਚ ਨੂੰ ਯੂਨੀਵਰਸਿਟੀਆਂ, ਥੀਏਟਰਾਂ ਤੋਂ ਪਿੰਡ ਵੱਲ ਲਿਆਉਣ ਦਾ ਯਤਨ ਕੀਤਾ। ਇਸ ਕਾਰਜ ਵਿੱਚ ਨਾਟਕਕਾਰ, ਨਿਰਦੇਸ਼ਕ, ਰੰਗਕਰਮੀ ਭਾਜੀ ਗੁਰਸ਼ਰਨ ਸਿੰਘ ਹੋਰੀਂ ਮੋਢੀ ਭੂਮਿਕਾ ਅਦਾ ਕੀਤੀ। ਹੁਣ ਇਹ ਮੇਲਾ ਪ੍ਰਗਤੀ ਕਲਾ ਕੇਂਦਰ ਵੱਲੋਂ ਹਰ ਸਾਲ ਕਰਵਾਇਆ ਜਾ ਰਿਹਾ ਹੈ। ਪਹਿਲਾਂ ਵੱਖ-ਵੱਖ ਪਿੰਡ 'ਚ ਹੋਰ ਵੀ ਮੇਲੇ ਕਰਵਾਏ। ਹੁਣ ਤੱਕ ਸਤਾਰਾਂ ਮੇਲੇ ਲਗਾਏ ਜਾ ਚੁੱਕੇ ਹਨ। ਜਿਨ੍ਹਾਂ ਵਿੱਚ ਰੰਗਮੰਚ ਦੀਆਂ ਸ਼ਖ਼ਸੀਅਤਾਂ ਗੁਰਸ਼ਰਨ ਸਿੰਘ, ਜੋਗਿੰਦਰ ਬਾਹਰਲਾ, ਬੀਬਾ ਕੁਲਵੰਤ, ਡਾ. ਹਰਚਰਨ ਸਿੰਘ, ਜਸਵੰਤ ਖਟਕੜ, ਹੰਸਾ ਸਿੰਘ, ਅਜਮੇਰ ਔਲਖ, ਬਲਦੇਵ ਸਿੰਘ ਮੋਗਾ, ਪਾਲੀ ਭੁਪਿੰਦਰ, ਡਾ. ਸਤੀਸ਼ ਵਰਮਾ, ਡਾ. ਦੇਵਿੰਦਰ ਕੁਮਾਰ ਨਵਾਂਸ਼ਹਿਰ, ਸੰਜੀਵਨ ਸਿੰਘ, ਗੁਰਦੀਪ ਭੁੱਲਰ, ਡਾ. ਆਤਮਜੀਤ, ਨਿਰਮਲ ਰਿਸ਼ੀ, ਹਰਭਜਨ ਜੱਬਲ੍ਹ ਅਤੇ ਸੈਮੂਅਲ ਜੌਹਨ ਨੂੰ ਬਲਰਾਜ ਸਾਹਨੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਆ ਜਾ ਚੁੱਕਾ ਹੈ। ਕਲਾ ਕੇਂਦਰ ਵੱਲੋਂ ਕਈ ਪਿੰਡਾਂ 'ਚ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ. ਭੀਮ ਰਾਓ ਅੰਬੇਦਕਰ ਅਤੇ ਸੰਤ ਰਾਮ ਉਦਾਸੀ ਦੀ ਯਾਦ ਵਿੱਚ ਨਾਟਕ ਮੇਲੇ ਲਗਵਾਏ ਜਾ ਚੁੱਕੇ ਹਨ।

ਪ੍ਰਗਤੀ ਕਲਾ ਕੇਂਦਰ ਲਾਂਦੜਾ ਵੱਲੋਂ ਤਮਾਸ਼ਾ-ਏ-ਹਿੰਦੋਸਤਾਨ (ਗੁਰਸ਼ਰਨ ਸਿੰਘ), ਸਾੜ੍ਹਸਤੀ (ਮਾਸਟਰ ਤਰਲੋਚਨ), ਟੋਆ (ਜਤਿੰਦਰ ਬਰਾੜ), ਝੱਲ ਕਿੱਥੇ ਜਾਵੇ (ਸ਼ਾਹਿਦ ਨਦੀਮ), ਨਾਕਾ ਘੁੱਦੂ ਦਾ (ਸੋਢੀ ਰਾਣਾ), ਮਿੱਟੀ ਰੁਦਨ ਕਰੇ (ਬਲਦੇਵ ਸਿੰਘ ਮੋਗਾ), ਕੰਮੀਆਂ ਦਾ ਵਿਹੜਾ (ਗੁਰਸ਼ਰਨ ਸਿੰਘ), ਮੋਚੀ ਦਾ ਪੁੱਤ (ਗੁਰਸ਼ਰਨ ਸਿੰਘ), ਐਸਾ ਚਾਹੂੰ ਰਾਜ ਮੈਂ (ਸੋਢੀ ਰਾਣਾ), ਮਿੱਟੀ ਦਾ ਬੋਝ (ਸੋਢੀ ਰਾਣਾ, ਕਹਾਣੀ ਮੋਹਨ ਲਾਲ ਫਿਲੌਰੀਆ) ਸਮਾਜ (ਗੁਰਸ਼ਰਨ ਸਿੰਘ), ਓਪੇਰਾ ਭੀਮ ਮਹਾਨ, ਓਪੇਰਾ ਸ਼ਹੀਦ ਭਗਤ ਸਿੰਘ, ਓਪੇਰਾ ਜੱਗ ਦੀ ਜਨਮਦਾਤੀ ਦੀਆਂ ਅਣਗਿਣਤ ਪੇਸ਼ਕਾਰੀਆਂ ਸਮੇਤ ਨਾਚ ਨਾਟਕ ਅਤੇ ਕੋਰੀਓਗ੍ਰਾਫ਼ੀਆਂ ਰਾਹੀਂ ਲੋਕ ਮਨਾਂ ਨੂੰ ਟੁੰਬਿਆ, ਹਲੂਣਿਆ ਤੇ ਜਾਗ੍ਰਿਤੀ ਦੀ ਚਿਣਗ ਬਾਲੀ। ਤਿੰਨ ਸਾਲ ਤੱਕ ਤ੍ਰੈਮਾਸਿਕ 'ਲੋਕ ਨਾਇਕ' ਮੈਗਜ਼ੀਨ ਵੀ ਕੱਢਿਆ।

ਕਲਾ ਕੇਂਦਰ ਦੇ ਕਲਾਕਾਰਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ ਨਾਲ ਸੰਬੰਧਿਤ ਦੋ ਫਿਲਮਾਂ 'ਜਪੁ ਗੁਰੂ ਰਵਿਦਾਸ' 'ਸਤਿ ਭਾਖੈ ਰਵਿਦਾਸ' ਵਿੱਚ ਵੀ ਭੂਮਿਕਾ ਨਿਭਾਈ ਹੈ। ਇੱਕ ਫਿਲਮ 'ਮੋਚੀ ਦਾ ਪੁੱਤ' ਪ੍ਰਸਿੱਧ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਤੇ ਆਧਾਰਿਤ ਬਣਾਈ। ਇੱਕ ਹੋਰ ਫਿਲਮ ਕਹਾਣੀਕਾਰ ਭਗਵੰਤ ਰਸੂਲਪੁਰੀ ਦੀ ਕਹਾਣੀ 'ਰਹਿਮਤ ਮਸੀਹ ਮੱਟੂ' 'ਤੇ ਆਧਾਰਿਤ ਹੈ। ਜਲਦ ਹੀ ਮਾਰਕੀਟ ਵਿੱਚ ਆ ਰਹੀ ਹੈ। ਪ੍ਰਗਤੀ ਕਲਾ ਕੇਂਦਰ ਲਾਂਦੜਾ ਵੱਲੋਂ ਸਾਰੇ ਪੰਜਾਬ ਵਿੱਚ, ਹਰਿਆਣਾ, ਹਿੰਦੂ ਯੂਨੀਵਰਸਿਟੀ ਯੂ. ਪੀ., ਬਿਹਾਰ, ਰਾਜਸਥਾਨ, ਜੰਮੂ ਤੇ ਹਿਮਾਚਲ ਵਿੱਚ ਵੀ ਆਪਣੇ ਨਾਟਕਾਂ ਰਾਹੀਂ ਨਾਮਣਾ ਖੱਟਿਆ ਹੈ। ਹੁਣ ਤੱਕ 50 ਕੁ ਨਾਟਕਾਂ ਅਤੇ 25 ਦੇ ਕਰੀਬ ਕੋਰੀਓਗ੍ਰਾਫ਼ੀਆਂ ਦਾ ਨਿਰਦੇਸ਼ਨ ਕੀਤਾ ਹੈ। ਸ਼ੁਰੂ ਦੇ ਸਮੇਂ 'ਚ 35-40 ਸਟੇਜਾਂ ਤੋਂ ਬਾਅਦ ਵਿੱਚ 85-90 ਸਟੇਜਾਂ ਤੇ 2010 ਵਿੱਚ 125 ਸਟੇਜਾਂ 1 ਸਾਲ ਵਿੱਚ ਕੀਤੀਆਂ ਹਨ। ਦਿਨੇ ਅਧਿਆਪਕ ਦਾ ਕਿੱਤਾ ਰਾਤਾਂ ਜਾਗ ਕੇ ਨਾਟਕਾਂ ਦੀ ਪੇਸ਼ਕਾਰੀ ਕੀਤੀ ਹੈ। ਸਮੁੱਚੇ ਕਲਾਕਾਰਾਂ ਨੇ ਇਸ ਟੀਮ ਦੀ ਪ੍ਰਫੁੱਲਤਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਟੀਮ ਵਿੱਚ ਰਾਤਾਂ ਨੂੰ ਕੰਮ ਕਰਕੇ ਥੱਕੇ ਹਾਰੇ ਹੋਰ ਬੱਚੇ ਤੇ ਸੋਢੀ ਤੇ ਕ੍ਰਾਂਤੀ ਹੋਰਾਂ ਦੇ ਆਪਣੇ ਬੱਚੇ ਕੈਬਿਨਾਂ ਵਿੱਚ ਹੀ ਪਲੇ ਵੱਡੇ ਹੋਏ ਹਨ। ਨਾਟਕ ਖ਼ਤਮ ਹੋਣ 'ਤੇ ਪਰਦੇ ਪਿੱਛੇ ਸਮਾਨ ਸਮੇਟਦਿਆਂ ਦਰੀਆਂ 'ਤੇ ਹੀ ਨੀਂਦ ਦੀ ਆਗੋਸ਼ ਵਿੱਚ ਸੁੱਤੇ ਹੋਏ ਬੱਚੇ ਮੈਂ ਆਪ ਵੀ ਕਈ ਵਾਰ ਦੇਖੇ ਹਨ। ਪੇਂਡੂ ਖੇਤਰ ਦੇ ਰੰਗਮੰਚ ਵਿੱਚ ਸੋਢੀ ਰਾਣਾ ਤੇ ਮੱਖਣ ਕ੍ਰਾਂਤੀ ਦੀ ਲਗਨ ਤੇ ਕੰਮ ਨੂੰ ਦੇਖਦਿਆਂ ਪ੍ਰਸਿੱਧ ਨਾਟਕਕਾਰ ਸਵ. ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਨੇ ਜਿਊਂਦੇ ਜੀਅ ਹੀ ਇਨ੍ਹਾਂ ਨੂੰ ਆਪਣਾ ਜਾਨਸ਼ੀਨ ਨਿ-ਯੁਕਤ ਕਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਨਾਟਕ ਨੂੰ ਵਪਾਰ ਨਹੀਂ ਬਣਨ ਦੇਣਾ, ਸਮਾਜ ਨੂੰ ਬਦਲਣ ਦੇ ਉਪਰਾਲੇ ਕਰਨੇ ਹਨ, ਲਤਾੜੇ, ਦੱਬੇ-ਕੁਚਲੇ, ਗਰੀਬ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾ-ਗਰੂਕ ਕਰਨ ਦੀ ਵੱਡੀ ਲੋੜ ਹੈ। ਇਸ ਕਰਕੇ ਇਹਨਾਂ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਪਿੰਡਾਂ, ਵਿਹੜਿਆਂ, ਸੱਥਾਂ ਵਿੱਚ ਅਤੇ ਗਲੀ-ਗਲੀ ਆਪਣੇ ਨਾਟਕਾਂ ਰਾਹੀਂ ਨਵਾਂ ਸਮਾਜ ਸਿਰਜਣਾ ਤੇ ਹੱਕ ਸੱਚ ਦਾ ਹੋਕਾ ਦੇਣਾ ਹੈ। ਸ਼ਹੀਦ ਭਗਤ ਸਿੰਘ ਦੀ ਸੋਚ ਅਤੇ ਡਾਕਟਰ ਅੰਬੇਦਕਰ ਦੀ ਵਿਚਾਰਧਾਰਾ ਅਤੇ ਕੰਮਾਂ 'ਤੇ ਕੁਰਬਾਨੀ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ। ਕਮਿਊਨਿਸਟ ਸੋਚ ਵਾਲਿਆਂ ਦੀ ਜੱਜਮੈਂਟ 'ਚ ਹੀ ਕਿਤੇ ਫਰਕ ਰਹਿਣ ਕਰਕੇ ਉਹ ਇਸ ਮਹਾਨ ਵਿਚਾਰਕ ਤੋਂ ਵਾਂਝੇ ਰਹੇ ਹਨ। ਉਨ੍ਹਾਂ ਨੂੰ ਸਮਝਣ ਦੀ ਭੁੱਲ ਨੂੰ ਨਹੀਂ ਦੁਹਰਾਉਣਾ। ਇਲੈਕਟਰੋਨਿਕ ਮੀਡੀਆ ਦੇ ਯੁੱਗ ਵਿੱਚ ਵੀ ਉਨ੍ਹਾਂ ਨੂੰ ਮਾਣ ਹੈ ਕਿ ਲੋਕ ਫਿਲਮਾਂ, ਸੀਰੀਅਲਾਂ ਤੇ ਕ੍ਰਿਕਟ ਦੇ ਮੈਚ ਛੱਡ ਕੇ ਵੀ ਉਨ੍ਹਾਂ ਦੇ ਨਾਟਕ ਦੇਖਣ ਆਉਂਦੇ ਹਨ। ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸਭ ਤੋਂ ਵੱਡਾ ਸਨਮਾਨ ਦਰਸ਼ਕਾਂ ਦਾ ਨਿੱਘਾ ਮੋਹ ਤੇ ਗੱਲ ਸਮਝ ਕੇ ਤਾੜੀਆਂ ਮਾਰ ਕੇ ਵਧਾਇਆ ਸਾਡਾ ਹੌਂਸਲਾ ਹੈ। ਫਿਰ ਵੀ ਉਨ੍ਹਾਂ ਦੀ ਕਲਾ ਪੇਸ਼ਕਾਰੀ ਨੂੰ ਦੇਖਦਿਆਂ ਨੈਸ਼ਨਲ ਕਾਲਜ ਫਾਰ ਵੂਮੈਨ ਜੱਸੋਮਜਾਰਾ (ਸ਼ਹੀਦ ਭਗਤ ਸਿੰਘ ਨਗਰ) ਵੱਲੋਂ 31000 ਰੁਪਏ ਨਾਲ ਸਨ-ਮਾਨਿਤ ਕੀਤਾ ਗਿਆ। ਪ੍ਰੀਤ ਸਾਹਿਤ ਸਭਾ ਫਗਵਾੜਾ ਵੱਲੋਂ ਊਧਮ ਸਿੰਘ ਯਾਦਗਾਰੀ ਪੁਰਸਕਾਰ ਵੀ ਦਿੱਤਾ ਗਿਆ। ਇਪਟਾ ਦੀ ਕਪੂਰਥਲਾ ਇਕਾਈ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਵੀ ਸਨਮਾਨਿਤ ਕੀਤਾ। ਮੱਖਣ ਕ੍ਰਾਂਤੀ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਨਾਟਕ ਮੁਕਾਬਲਿਆਂ ਵਿੱਚ ਪੰਜ ਵਾਰ ਬੈਸਟ ਡਾਇਰੈਕਟਰ ਚੁਣਿਆ ਗਿਆ ਹੈ।

ਇਹਨਾਂ ਸਾਰੀਆਂ ਪ੍ਰਾਪਤੀਆਂ ਪਿੱਛੇ ਆਪਣੀ ਅਣਥੱਕ ਮਿਹਨਤ, ਸਮੇਂ ਦੇ ਸਦਉਪਯੋਗ ਤੇ ਕਲਾਕਾਰਾਂ ਦਾ ਵਡਮੁੱਲਾ ਸਹਿਯੋਗ ਲੋਕਾਂ ਦੇ ਪਿਆਰ ਨੂੰ ਮੰਨਦੇ ਹਨ ਅਤੇ ਨਾਲ ਹੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਲਈ ਹਮੇਸ਼ਾਂ ਮਾਰਗ ਦਰਸ਼ਕ ਬਣੀਆਂ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦੀ ਹਨ, ਜਿਨ੍ਹਾਂ ਵਿੱਚ ਕਾਮਰੇਡ ਅਜਮੇਰ ਸਿੰਘ, ਸੰਤ ਰਾਮ ਉਦਾਸੀ, ਗੁਰਸ਼ਰਨ ਸਿੰਘ, ਗੁਰਦਿਆਲ ਰੌਸ਼ਨ ਸੰਧੂ ਵਰਿਆਣਵੀ, ਉਲਫ਼ਤ ਬਾਜਵਾ, ਮੋਹਣ ਲਾਲ ਫਿਲੌਰੀਆ, ਰਾਜਿੰਦਰ ਜੱਸੀ, ਡਾਕਟਰ ਦੇਵਿੰਦਰ ਕੁਮਾਰ ਨਵਾਂਸ਼ਹਿਰ, ਜਸਵੰਤ ਸਿੰਘ ਕੰਵਲ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਕ੍ਰਿਸ਼ਨ ਚੰਦਰ, ਮੈਕਸਿਮ ਗੋਰਕੀ, ਟਾਲਸਟਾਏ, ਟੋਮਸ ਹਾਰਡੀ, ਪ੍ਰੇਮ ਗੋਰਖੀ ਆਦਿ ਮਹਾਨ ਸ਼ਖ਼ਸੀਅਤਾਂ ਸ਼ਾਮਲ ਹਨ। ਦਲਿਤ ਸਮਾਜ ਦੇ ਮਸੀਹਾ ਡਾਕਟਰ ਅੰਬੇਦਕਰ ਦੀ ਸਮਾਜ ਨੂੰ ਦੇਣ ਦੇ ਵੀ ਸ਼ੁਕਰਗੁਜ਼ਾਰ ਹਨ। ਉਪਰੋਕਤ ਸ਼ਖ਼ਸੀਅਤਾਂ ਦਾ ਪ੍ਰਭਾਵ ਉਨ੍ਹਾਂ ਦੀ ਜ਼ਿੰਦਗੀ 'ਚ ਗਹਿਰਾ ਹੈ, ਜਿਨ੍ਹਾਂ ਨੇ ਹਰ ਤਰ੍ਹਾਂ ਦੀ ਕੱਟੜਤਾ ਦੇ ਖਿਲਾਫ਼ ਇੱਥੋਂ ਤੱਕ ਕਿ ਆਪਣੇ ਮਨੁੱਖ ਹੋਣ ਦੀ ਕੱਟੜਤਾ ਤੋਂ ਵਰਜਿਆ ਹੈ। ਪ੍ਰੇਰਿਤ ਕੀਤਾ ਹੈ।

ਸਾਮਾਜਿਕ, ਰਾਜਨੀਤਕ, ਧਾਰਮਿਕ ਸੱਭਿਆਚਾਰਕ ਨਿਘਾਰ ਦੇ ਸਮੇਂ ਵਿੱਚ ਲੋਕਾਂ ਨੂੰ ਨੈਤਿਕ ਕਦਰਾਂ-ਕੀਮਤਾਂ ਤੇ ਹੱਕ ਸੱਚ ਦਾ ਪਾਠ ਪੜ੍ਹਾਉਣ ਲਈ ਨਾਟਕਾਂ ਦੇ ਮਾਧਿਅਮ ਤੋਂ ਲੋਕ ਚੇਤਨਾ ਜਾਗ੍ਰਿਤੀ ਫੈਲਾਉਣ ਦਾ ਸੱਚਾ ਸੁੱਚਾ ਕਰਮ ਕਰਦੇ ਇਹਨਾਂ ਦੋਹਾਂ ਭਰਾਵਾਂ ਦੇ ਉੱਫਜਾਂ, ਕੰਮਾਂ ਤੇ ਅਣਥੱਕ ਸੰਘਰਸ਼ ਸਦਕਾ ਜ਼ਰੂਰ ਇੱਕ ਦਿਨ ਸਮਾਜ ਇਨ੍ਹਾਂ ਦੀ ਗੱਲ ਸਮਝਣ ਤੇ ਮੰਨਣ ਲਈ ਤਿਆਰ ਹੋ ਜਾਵੇਗਾ ਤੇ ਉਹ ਆਪਣ ਸੰਕਲਪ ਵਿੱਚ ਕਾਮਯਾਬ ਹੋ ਜਾਣਗੇ। ਉਨ੍ਹਾਂ ਦਾ ਕਹਿਣਾ ਹੈ ਕਿ "ਲੋਕ ਧਾਰਮਿਕ ਬਾਣਿਆਂ ਦੇ ਪਾਖੰਡਵਾਦ ਨੂੰ ਛੱਡ ਕੇ ਅਸਲੀਅਤ ਦੇ ਨੇੜੇ ਆਉਣ ਨਹੀਂ, ਤਾਂ ਪੰਜਾਬ ਦੇ ਪਾਣੀ ਤੇ ਮਿੱਟੀ ਦਾ ਸੁਭਾਅ ਹੈ ਕਿ ਲੋਕ ਹੱਕਾਂ ਵਿੱਚ ਭੁਗਤਣ ਵਾਲੀਆਂ ਸ਼ਖ਼ਸੀਅਤਾਂ ਨੂੰ ਹੀ ਜ਼ਿੰਦਾ ਰੱਖਿਆ ਜਾਂਦਾ ਹੈ ਬਾਕੀ ਸਮੇਂ ਦੀ ਧੂੜ ਵਿੱਚ ਗੁਆਚ ਜਾਂਦੇ ਹਨ।"

ਉਨ੍ਹਾਂ ਦੋਹਾਂ ਦਾ ਇਸ ਤਰ੍ਹਾਂ ਹੀ ਸਮਾਜ ਵਿੱਚ ਆਪਣੇ ਕਰਮ- ਰੰਗ ਕਰਮ ਰਾਹੀਂ ਨਵੀਆਂ ਪੈੜਾਂ ਪਾਉਣ ਦੇ ਉਪਰਾਲੇ ਕਰਦੇ ਰਹਿਣ ਦਾ ਤੇ ਆਖਰੀ ਦਮ ਤੱਕ ਨਿਭਾਉਣ ਦਾ ਅਹਿਦ ਜਰੂਰ ਪੂਰਾ ਹੋਵੇਗਾ। ਹਨ੍ਹੇਰਾ ਦੂਰ ਕਰਨ 'ਚ ਸਫ਼ਲਤਾ ਮਿਲੇਗੀ। ਕਾਮਨਾ ਹੈ ਕਿ ਉਹ ਆਪਣੀ ਕਹਿਣੀ ਤੇ ਕਰਨੀ 'ਤੇ ਪੂਰੇ ਉੱਤਰੇ।

*****

ਮੂਲ ਲੇਖਕ - ਐਮ.ਕੇ. ਵੈਣੂ / ਪੰਜਾਬੀ ਰੂਪ - ਗੁਰਮੀਤ ਪਲਾਹੀ

# ਕਿਵੇਂ ਬਚੇਗਾ ਗ਼ੈਰ-ਸੰਗਿਠਤ ਖੇਤਰ?

**ਪ੍ਰਾਸਤਾਵਿਤ ਕਿਰਤੀ ਸੁਧਾਰਾਂ ਦੇ ਤਹਿਤ ਹਾਇਰ ਐਂਡ ਫਾਇਰ (ਨੌਕਰੀ ਉੱਤੇ ਰੱਖਣ ਅਤੇ ਕੱਢਣ) ਦੀ ਨੀਤੀ ਲਿਆਂਦੀ ਜਾ ਰਹੀ ਹੈ। ਜਦ ਲੱਖਾਂ ਕਿਰਤੀਆਂ ਨੇ ਆਪਣੀ ਨੌਕਰੀ ਖੁਹਾ ਲਈ ਹੈ, ਇਹੋ ਜਿਹੀਆਂ ਹਾਲਤਾਂ ਵਿਚ ਸੰਵੇਦਨਹੀਣਤਾ ਸਹਾਨਭੂਤੀ ਦੀ ਕਮੀ ਆ ਸਕਦੀ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਇਹ ਬਹੁਤ ਹੀ ਦਿਲਚਸਪ ਗੱਲ ਹੈ ਕਿ ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਵਿਚ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਗਠਬੰਧਨ ਨੇ ਨੋਟਬੰਦੀ ਨੂੰ ਇਕ ਵੱਡਾ ਸਿਆਸੀ ਮੁੱਦਾ ਬਣਾ ਲਿਆ ਹੈ, ਜਦਕਿ ਭਾਰਤੀ ਜਨਤਾ ਪਾਰਟੀ ਇਸ ਤੋਂ ਪ੍ਰਹੇਜ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਥੋਂ ਤੱਕ ਕਿ ਭਾਜਪਾ ਦੇ ਪ੍ਰਮੁੱਖ ਪ੍ਰਚਾਰਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਨੋਟਬੰਦੀ ਦੀ ਆਪਣੀ ਸਰਕਾਰ ਦੀ ਵੱਡੀ ਪ੍ਰਾਪਤੀ ਦੇ ਰੂਪ ਵਿਚ ਜ਼ਿਕਰ ਤੱਕ ਨਹੀਂ ਕਰਦੇ। ਬੀਤੇ ਦਿਨੀਂ ਬਾਰਾ ਬਾਂਕੀ ਵਿਚ ਆਪਣੇ ਚੋਣ ਇਕੱਠ ਵਿਚ ਉਨ੍ਹਾਂ ਨੇ 'ਗਰੀਬ ਬਨਾਮ ਅਮੀਰ' ਦੇ ਮੁੱਦੇ ਉੱਤੇ ਕਾਫ਼ੀ ਜ਼ੋਰ ਦਿੱਤਾ ਅਤੇ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਗਰੀਬਾਂ ਨੂੰ ਹੋਰ ਰਾਹਤ ਦੇਵੇਗੀ। ਲੇਕਿਨ ਮੋਦੀ ਨੇ ਨੋਟਬੰਦੀ ਦਾ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਦੇ ਭਾਸ਼ਨ ਤੋਂ ਇੰਜ ਲੱਗਦਾ ਸੀ ਕਿ ਭਾਜਪਾ ਨੂੰ ਅਸਲ ਵਿਚ ਸਮਝ ਨਹੀਂ ਆ ਰਿਹਾ ਕਿ ਵਿਮੁੰਦਰੀਕਰਨ ਦੇ ਆਰਥਿਕ ਪ੍ਰਭਾਵਾਂ ਨੂੰ ਉਹ ਕਿਵੇਂ ਵਿਸ਼ਲੇਸ਼ਤ ਕਰੇ। ਭਾਵੇਂ ਕਿ ਸ਼ੁਰੂ ਵਿਚ ਲੋਕਾਂ ਨੇ ਨੋਟਬੰਦੀ ਦਾ ਸਮਰਥਨ ਕੀਤਾ ਸੀ, ਕਿਉਂਕਿ ਨੋਟਬੰਦੀ ਨੂੰ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਉੱਤੇ ਹਮਲਾ ਦੱਸਿਆ ਗਿਆ ਸੀ। ਪਰ ਜਿਉਂ-ਜਿਉਂ ਸਮਾਂ ਬੀਤਦਾ ਜਾਏਗਾ, ਗਰੀਬਾਂ ਨੂੰ ਅਹਿਸਾਸ ਹੋਏਗਾ ਕਿ ਨੋਟਬੰਦੀ ਨਾਲ ਉਨ੍ਹਾਂ ਦੇ ਜੀਵਨ ਉੱਤੇ ਕੋਈ ਫਰਕ ਪੈਣ ਵਾਲਾ ਨਹੀਂ ਹੈ। ਪਹਿਲਾਂ ਤੋਂ ਹੀ 'ਸੰਘ ਪਰਿਵਾਰ' ਵਿਚ ਨੋਟਬੰਦੀ ਦੇ ਅਸਰ ਨੂੰ ਲੈ ਕੇ ਅਫਵਾਹਾਂ ਹਨ।

ਰਾਸ਼ਟਰੀ ਸਵੈਸੇਵਕ ਸੰਘ ਦੀ ਇਕ ਬਹੁਤ ਹੀ ਮਹੱਤਵਪੂਰਨ ਟ੍ਰੇਡ ਯੂਨੀਅਨ ਇਕਾਈ ਭਾਰਤੀ ਮਜ਼ਦੂਰ ਸੰਘ (ਬੀ.ਐਮ.ਐਸ.) ਨੇ ਇਹ ਕਹਿ ਕੇ ਕਈ ਵੇਰ ਕੇਂਦਰੀ ਬਜਟ ਦੀ ਆਲੋਚਨਾ ਕੀਤੀ ਕਿ ਇਸ ਵਿਚ ਗ਼ੈਰ-ਸੰਗਿਠਤ ਖੇਤਰ ਦੇ ਉਨ੍ਹਾਂ ਲੱਖਾਂ ਕਾਮਿਆਂ ਦੇ ਲਈ ਕੁਝ ਵੀ ਨਹੀਂ ਹੈ, ਜਿਨ੍ਹਾਂ ਨੂੰ ਨੋਟਬੰਦੀ ਦੇ ਬਾਅਦ ਖਾਸ ਤੌਰ ਤੇ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲੇ ਨਿਰਮਾਣ ਖੇਤਰ ਵਿਚ, ਆਪਣੀ ਨੌਕਰੀ ਤੋਂ ਹੱਥ ਧੋਣੇ ਪਏ। ਆਰ.ਐਸ.ਐਸ. ਅੱਠ ਨਵੰਬਰ (ਨੋਟਬੰਦੀ ਵਾਲੇ ਦਿਨ ਤੋਂ) ਬਾਅਦ ਦੇ ਹਫ਼ਤਿਆਂ ਵਿਚ ਕੁਝ ਹੱਦ ਤੱਕ ਚੁੱਪੀ ਸਾਧ ਕੇ ਬੈਠਾ ਰਿਹਾ।

ਹਾਲਾਂਕਿ ਬੀ.ਐਮ.ਐਸ. ਦੀ ਪ੍ਰਤੀਕਿਰਿਆ ਵਿਚ ਜੇਕਰ ਜਾਨਣ ਲਈ ਕੁਝ ਹੈ ਤਾਂ ਇਹੀ ਕਿ ਸੰਘ ਪਰਿਵਾਰ ਬਜਟ ਵਿਚ ਪੇਸ਼ ਕੀਤੇ ਮੁੱਖ ਵਿਚਾਰਾਂ ਦਾ ਬੁਨਿਆਦੀ ਤੌਰ 'ਤੇ ਵਿਆਪਕ ਵਿਰੋਧ ਕਰ ਰਿਹਾ ਹੈ। ਬੀ.ਐਮ.ਐਸ. ਦੇ ਜਨਰਲ ਸਕੱਤਰ ਬ੍ਰਿਜੇਸ਼ ਉਪਾਧਿਆਏ ਨੇ ਖੁਲ੍ਹੇ ਆਮ 'ਕਿਰਤੀ ਸੁਧਾਰ' ਅਤੇ ਵੱਡੇ ਪੈਮਾਨੇ ਉੱਤੇ 'ਨਿਵੇਸ਼ ਕਾਰਜ' ਲਾਗੂ ਕਰਨ ਸਬੰਧੀ ਕੀਤੇ ਪ੍ਰਾਵਾਧਾਨ ਉੱਤੇ ਸੁਆਲ ਉਠਾਏ। ਜਿਨ੍ਹਾਂ ਵਿਚ ਕੇਵਲ ਆਪਣੇ ਸ਼ੇਅਰ ਵੇਚਣ ਦੇ ਇਰਾਦੇ ਨਾਲ ਨਵੇਂ ਸਰਵਜਨਕ ਉਪਕਰਮਾਂ ਦੇ ਸ਼ੇਅਰ ਬਜ਼ਾਰ ਵਿਚ ਸੂਚੀਬੱਧ ਕਰਨ ਦੀ ਗੱਲ ਸ਼ਾਮਿਲ ਹੈ।

ਪ੍ਰਾਸਤਾਵਿਤ ਕਿਰਤੀ ਸੁਧਾਰਾਂ ਦੇ ਤਹਿਤ ਹਾਇਰ ਐਂਡ ਫਾਇਰ (ਨੌਕਰੀ ਉੱਤੇ ਰੱਖਣ ਅਤੇ ਕੱਢਣ) ਦੀ ਨੀਤੀ ਲਿਆਂਦੀ ਜਾ ਰਹੀ ਹੈ। ਜਦ ਲੱਖਾਂ ਕਿਰਤੀਆਂ ਨੇ ਆਪਣੀ ਨੌਕਰੀ ਖੁਹਾ ਲਈ ਹੈ, ਇਹੋ ਜਿਹੀਆਂ ਹਾਲਤਾਂ ਵਿਚ ਸੰਵੇਦਨਹੀਣਤਾ ਸਹਾਨਭੂਤੀ ਦੀ ਕਮੀ ਆ ਸਕਦੀ ਹੈ। ਅਸਲ ਵਿਚ ਇਹ ਸਹਾਨਭੂਤੀ ਦੀ ਇਸ ਕਮੀ ਨੂੰ ਨਟੋਬੰਦੀ ਦੇ ਬਾਅਦ ਪਿਛਲੇ ਤਿੰਨ ਮਹੀਨਿਆਂ ਵਿਚ ਨੀਤੀਗਤ ਵਿਚਾਰ ਵਟਾਂਦਰਿਆਂ 'ਚ ਦੇਖਿਆ ਜਾ ਸਕਦਾ ਹੈ, ਜਿਸ ਵਿਚ ਕੇਂਦਰ ਸਰਕਾਰ ਨੇ ਨਿਰਣਾਇਕ ਅੰਕੜਿਆਂ ਦੀ ਕਮੀ ਦਾ ਹਵਾਲਾ ਦੇ ਕੇ ਵੱਡੇ ਪੈਮਾਨੇ ਤੇ ਰੁਜ਼ਗਾਰ ਖਤਮ ਕਰਨ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ । ਬੀ.ਐਮ.ਐਸ. ਦਾ ਕਹਿਣਾ ਹੈ ਕਿ ਗੈਰ ਸੰਗਿਠਤ ਖੇਤਰ ਵਿਚ ਢਾਈ ਲੱਖ ਇਕਾਈਆਂ ਬੰਦ ਹੋ ਗਈਆਂ ਹਨ।

ਬਜਟ ਭਾਸ਼ਨ ਵਿਚ ਜ਼ੋਰ ਦੇ ਕੇ ਕਿਹਾ ਗਿਆ ਕਿ ਇਸ ਵਿਚ ਖੇਤੀ ਅਤੇ ਗੈਰ ਸੰਗਿਠਤ ਖੇਤਰ ਦੇ ਲਈ ਬਹੁਤ ਕੁਝ ਕੀਤਾ ਗਿਆ ਹੈ, ਲੇਕਿਨ ਜੇਕਰ ਇਨ੍ਹਾਂ ਖੇਤਰਾਂ 'ਚ ਕੀਤੇ ਜਾਣ ਵਾਲੇ ਖਰਚ 'ਚ ਵਾਧੇ ਬਾਰੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ ਇਹ ਦਾਅਵੇ ਖੋਖਲੇ ਸਿੱਧ ਹੁੰਦੇ ਹਨ। ਸਾਲ 2017-18 'ਚ ਕੁਲ ਖਰਚ ਵਿਚ 6.5 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਸੀ ਜਾਣੀ ਮੁਦਰਾ ਸਫੀਤੀ ਨੂੰ ਕਾਬੂ ਕਰਨ ਦੇ ਮਾਮਲੇ 'ਚ ਦੋ ਫੀਸਦੀ ਦਾ ਵਾਧਾ ਅਤੇ ਧਿਆਨ ਰਹੇ ਕਿ ਜ਼ਿਆਦਾਤਰ ਖਰਚ, ਤਨਖਾਹਾਂ, ਵਿਆਜ਼ ਅਤੇ ਸਬਸਿਡੀ ਪਹਿਲਾਂ ਤੋਂ ਹੀ ਨਿਰਧਾਰਤ ਹੁੰਦੇ ਹਨ। ਇਸ ਲਈ ਸਵਾਲ ਉੱਠਦਾ ਹੈ ਕਿ ਮਾਤਰ ਦੋ ਫੀਸਦੀ ਦਾ ਅਸਲੀ ਖਰਚ ਵਾਧਾ ਅਸਲ ਖਰਚ ਵਿਚ ਵਾਧੇ ਨਾਲ ਨੋਟਬੰਦੀ ਦੇ ਸਾਲ ਵਿਚ ਸਮਾਜਿਕ ਖੇਤਰ ਦੀਆਂ ਤਾਜਾ ਜ਼ਰੂਰਤਾਂ ਕਿਵੇਂ ਪੂਰੀਆਂ ਹੋਣਗੀਆਂ? ਪ੍ਰਧਾਨ ਮੰਤਰੀ ਮੋਦੀ ਨੇ ਚੋਣਾਂ ਦੇ ਇਕੱਠ ਵਿਚ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਉਹ ਉਨ੍ਹਾਂ ਦੇ ਖੇਤੀ ਕਰਜ਼ੇ ਨੂੰ ਮੁਆਫ਼ ਕਰ ਦੇਣਗੇ। ਉਨ੍ਹਾਂ ਇਹ ਬਜਟ ਵਿਚ ਕਿਉਂ ਨਹੀਂ ਕੀਤਾ? ਜ਼ਾਹਿਰ ਹੈ ਕਿ ਪ੍ਰਧਾਨ ਮੰਤਰ ਦੇ ਇਸ ਇਰਾਦੇ ਵਿਚ ਇਹ ਗੱਲ ਲੁਕੀ ਦਿਖਾਈ ਦਿੰਦੀ ਹੈ ਕਿ ਉਨ੍ਹਾਂ ਇਹ ਪ੍ਰਵਾਨ ਕਰ ਲਿਆ ਹੈ ਕਿ ਅਸਲ ਵਿਚ ਨੋਟਬੰਦੀ ਕਾਰਨ ਲੋਕਾਂ ਨੂੰ ਆਰਥਿਕ ਪੱਖੋਂ ਪ੍ਰੇਸ਼ਾਨੀ ਹੋਈ ਹੈ।

ਭਾਰਤ ਦਾ ਗ਼ੈਰ-ਸੰਗਿਠਤ ਖੇਤਰ ਮਹੱਤਵਪੂਰਨ ਜ਼ਰੂਰਤਾਂ ਪੂਰੀਆਂ ਕਰਦਾ ਹੈ, ਜਿਨ੍ਹਾਂ ਨੂੰ ਵੱਡੀਆਂ ਅਤੇ ਬਹੁਰਾਸ਼ਟਰੀ ਕੰਪਨੀਆਂ ਪੂਰਾ ਕਰਨ ਦੇ ਯੋਗ ਨਹੀਂ ਹਨ। ਗੈਰ ਸੰਗਿਠਤ ਖੇਤਰ ਦੀਆਂ ਛੋਟੀਆਂ ਕੰਪਨੀਆਂ ਖਾਦ, ਕੱਪੜੇ ਦੇ ਨਿਰਮਾਣ ਅਤੇ ਹੋਰ ਖੇਤਰਾਂ 'ਚ ਘੱਟ ਗੁਣਵੱਤਾ ਵਾਲੇ ਅਤੇ ਬਹੁਰਾਸ਼ਟਰੀ ਕੰਪਨੀਆਂ ਦੀਆਂ ਬਰਾਂਡਿਡ ਨਕਲੀ ਉਤਪਾਦ ਤਿਆਰ ਕਰਦੀਆਂ ਹਨ। ਇਹ ਸੱਚ ਹੈ ਕਿ ਗੈਰ ਬਰਾਂਡਿਡ ਨਕਲ ਉਤਪਾਦਾਂ ਦਾ ਇਹ ਤੰਤਰ ਟੈਕਸ ਅਧਿਕਾਰੀਆਂ, ਕਿਰਤੀ ਇਸਪੈਕਟਰਾਂ ਅਤੇ ਹੋਰ ਭ੍ਰਸ਼ਟ ਅਫ਼ਸਰਾਂ ਦੀਆਂ ਨਜ਼ਰਾਂ ਤੋਂ ਦੂਰ ਰਹਿਣ ਦੇ ਕਾਰਨ ਵੱਧ ਫਲ ਰਿਹਾ ਹੈ। ਇਸ ਵਿਚ ਜ਼ਿਆਦਾਤਰ ਕੰਪਨੀਆਂ ਨੂੰ ਜੇਕਰ ਸਮੇਂ ਤੋਂ ਪਹਿਲਾਂ, ਵੱਡੇ ਸੰਗਿਠਤ ਅਤੇ ਡਿਜ਼ੀਟਲ ਦੁਨੀਆਂ 'ਚ ਧੱਕ ਦਿੱਤਾ ਜਾਏ ਤਾਂ ਉਹ ਬਚ ਨਹੀਂ ਸਕਦੀਆਂ। ਉਨ੍ਹਾਂ ਨੂੰ ਬਦਲਾਅ ਲਈ ਕੁਝ ਸਮਾਂ ਚਾਹੀਦਾ ਹੈ, ਨਹੀਂ ਤਾਂ ਗੈਰ ਸੰਗਿਠਤ ਖੇਤਰ ਦਾ ਵੱਡਾ ਨੁਕਸਾਨ ਹੋਏਗਾ, ਜੋ ਕਿ ਵੱਡੇ ਪੱਧਰ ਉੱਤੇ ਰੁਜ਼ਗਾਰ ਮੁਹੱਈਆ ਕਰਵਾਉਂਦਾ ਹੈ।

ਇਹ ਬਦਕਿਸਮਤੀ ਹੈ ਕਿ ਨੋਟਬੰਦੀ ਦੇ ਬਾਅਦ ਨੀਤੀਗਤ ਵਿਚਾਰ-ਵਟਾਂਦਰੇ 'ਚ ਜਾਣ ਬੁਝ ਕੇ ਸਾਫ-ਸੁਥਰੇ, ਨਿਯੋਜਤ, ਡਿਜ਼ੀਟਲ ਅਰਥ ਵਿਵਸਥਾ ਦੀ ਸਥਾਪਨਾ ਦੇ ਨਾਂ ਉੱਤੇ ਗੈਰ ਸੰਗਿਠਤ ਖੇਤਰ ਨੂੰ ਨਿਯੋਜਤ ਦੁਨੀਆਂ ਵਿਚ ਧੱਕਿਆ ਜਾ ਰਿਹਾ ਹੈ। ਇਕ ਮਾਅਨੇ ਵਿਚ ਨੋਟਬੰਦੀ, ਡਿਜ਼ਟਲੀਕਰਨ ਅਤੇ ਜੀ.ਐਸ.ਟੀ. ਇਹ ਸਾਰੇ ਸੁਧਾਰ ਸੁਭਾਵਿਕ ਰੂਪ ਵਿਚ ਸੰਗਿਠਤ ਕਾਰੋਬਾਰ ਲਈ ਫਾਇਦੇਮੰਦ ਹਨ ਅਤੇ ਗੈਰ ਸੰਗਿਠਤ ਖੇਤਰ ਦੇ ਸੂਖਮ ਅਤੇ ਲਘੂ ਉਦਯੋਗਾਂ ਨੂੰ ਬਿਖੇਰਨਗੇ। ਇਸ ਬਦਲਾਅ ਲਈ ਵਿਆਪਕ ਸਹਾਨਭੂਤੀ ਦੀ ਲੋੜ ਹੈ। ਯਕੀਨ ਦੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਮੌਜੂਦਾ ਨੀਤੀਗਤ ਵਿਚਾਰ-ਵਟਾਂਦਰਾ ਇਹੋ ਜਿਹੀ ਸੰਵੇਦਨਸ਼ੀਲਤਾ ਦਿਖਾ ਰਿਹਾ ਹੈ।

ਸਨਦ ਰਹੇ ਕਿ 2008 ਦੇ ਵਿਸ਼ਵ ਵਿੱਤੀ ਮੰਦੀ ਦੇ ਬਾਅਦ ਸੰਘ ਪਰਿਵਾਰ ਦੇ ਕਈ ਬੌਧਿਕਾਂ ਨੇ ਕਿਹਾ ਸੀ ਕਿ ਸੰਕਟ ਵਿਚ ਭਾਰਤ ਕੁਝ ਹੱਦ ਤੱਕ ਇਸ ਲਈ ਬਚਿਆ ਰਿਹਾ, ਕਿਉਂਕਿ ਗੈਰ ਸੰਗਿਠਤ ਖੇਤਰ ਨੇ ਵਿਸ਼ਵ ਆਰਥਿਕ ਸੰਕਟ ਤੋਂ ਭਾਰਤ ਨੂੰ ਮੰਦੀ ਦੀ ਅਰਥਵਿਵਸਥਾ ਤੋਂ ਬਚਾਇਆ। ਲੇਕਿਨ ਮੌਜੂਦਾ ਸਰਕਾਰ ਇਹੋ ਜਿਹੀ ਨੀਤੀ ਰਚ ਰਹੀ ਹੈ ਜਿਸ ਨਾਲ ਸੰਗਿਠਤ ਖੇਤਰ ਦੀ ਤੁਲਨਾ ਦੇ ਮੁਕਾਬਲੇ ਛੋਟੇ ਕਾਰੋਬਾਰ ਨੂੰ ਭ੍ਰਿਸ਼ਟ ਅਤੇ ਟੈਕਸ ਚੋਰਾਂ ਦੇ ਰੂਪ ਵਿਚ ਦੱਸਿਆ ਜਾ ਰਿਹਾ ਹੈ। ਜਦਕਿ ਅਸਲੀਅਤ ਇਹ ਹੈ ਕਿ ਜ਼ਿਆਦਾਤਰ ਘੋਟਾਲੇ ਵੱਡੇ ਅਤੇ ਸੰਗਿਠਤ ਕਾਰੋਬਾਰ ਵਿਚ ਹੋਏ ਹਨ। ਉਦਾਹਰਨ ਵਜੋਂ 4.4 ਕਰੋੜ ਛੋਟੀਆਂ ਇਕਾਈਆਂ ਦਾ ਕਰਜ਼ਾ ਉਤਨਾ ਹੈ, ਜਿਨ੍ਹਾਂ ਮੁੱਖ 20 ਕਾਰਪੋਰੇਟ ਘਰਾਣਿਆ ਦਾ। ਗੈਰ ਸੰਗਿਠਤ ਖੇਤਰ ਦੀਆਂ ਇਕਾਈਆਂ ਵਿੱਤ ਪੋਸ਼ਣ ਲਈ ਜ਼ਿਆਦਾਤਰ ਸਥਾਨਕ ਵਿੱਤੀ ਨੈਟਵਰਕ ਉੱਤੇ ਨਿਰਭਰ ਹਨ ਅਤੇ ਉਹ ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਤਰ੍ਹਾਂ ਦੀਵਾਲੀਆ ਹੋਣਾ ਵੀ ਬਰਦਾਸ਼ਤ ਨਹੀਂ ਕਰ ਸਕਦੀਆਂ। ਨੋਟਬੰਦੀ ਨੇ ਗੈਰ ਸੰਗਿਠਤ ਖੇਤਰ ਦੇ ਵਿੱਤੀ ਨੈਟਵਰਕ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ।

# ਮਾਸ ਖਾਣ ਜਾਂ ਨਾ ਖਾਣ ਬਾਰੇ ਵਿਚਾਰ ਚਰਚਾ (ਸਫਾ 6 ਦੀ ਬਾਕੀ)

ਅਸੀਂ ਖਾਂਦੇ ਹਾਂ। ਬਾਕੀ ਜੇ ਜੀਵ ਹੱਤਿਆ ਹੀ ਪਾਪ ਹੈ ਤਾਂ ਫਿਰ ਕਿਸਾਨ- ਜਿਮੀਦਾਰ ਸਭ ਤੋਂ ਵੱਡੇ ਪਾਪੀ ਹਨ ਕਿਉਂਕਿ ਜੇ ਉਹ ਕੀੜੇ ਮਕੌੜੇ, ਚੂਹੇ ਆਦਿਕ ਨਹੀਂ ਮਾਰਨਗੇ ਤਾਂ ਉਹ ਫਸਲ ਖਾ ਜਾਣਗੇ ਫਿਰ ਵੱਡੇ ਵੈਸ਼ਨੂੰ ਭਗਤਾਂ ਨੂੰ ਅੰਨ ਕਿਥੋਂ ਮਿਲੇਗਾ? ਜੋ ਜੀਵ ਹੱਤਿਆ ਨੂੰ ਪਾਪ ਦੱਸਦੇ ਹਨ। ਦੇਖੋ! ਜੇ ਬਾਈ ਚਾਂਸ ਉਨ੍ਹਾਂ ਦੇ ਸਿਰ ਵਿੱਚ ਜੂਆਂ ਪੈ ਜਾਣ ਤਾਂ ਜੀਵ ਹੱਤਿਆ ਦੇ ਵਿਰੋਧੀ ਕੀ ਇਨ੍ਹਾਂ ਜੀਵਾਂ ਨੂੰ ਪਾਲਣਗੇ? ਮੱਛਰ ਜੋ ਮਲੇਰੀਆ ਫੈਲਾਉਂਦਾ ਹੈ, ਕੀ ਉਸ ਵਿੱਚ ਜਾਨ ਨਹੀਂ? ਫਿਰ ਮੱਛਰਾਂ ਨੂੰ ਕਿਉਂ ਮਾਰਦੇ ਹੋ? ਕੀ ਸਾਡੀ ਅਕਲ ਗੁਰੂਆਂ ਨਾਲੋਂ ਵੱਡੀ ਹੋ ਗਈ ਹੈ?

ਜਦ ਮੁਗਲੀਆ ਹਕੂਮਤ ਨੇ ਸ਼ਿਕਾਰ ਖੇਡਣ ਅਤੇ ਝਟਕਾ ਮੀਟ ਖਾਣ ਤੇ ਪਾਬੰਦੀ ਲਗਾ ਦਿੱਤੀ, ਤਾਂ ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਕਿਉਂਕਿ ਇਹ ਕੌਮ ਨੂੰ ਨਿਹੱਥੀ ਅਤੇ ਘਸਿਆਰੀ ਬਣਾ ਕੇ ਗੁਲਾਮ ਬਣਾਈ ਰੱਖਣ ਦੀ ਚਾਲ ਸੀ। ਇਸੇ ਕਰਕੇ ਪੰਥ ਪ੍ਰਵਾਣਿਤ "ਸਿੱਖ ਰਹਿਤ ਮਰਯਾਦਾ" ਵਿੱਚ ਵੀ ਇਸ ਰੀਤੀ "ਹਲਾਲ ਮੀਟ" ਖਾਣ ਦੀ ਮਨਾਹੀ ਹੈ। ਗੁਰੂ ਜੀ ਅਤੇ ਗੁਰੂ ਜੀ ਦੇ ਨਿਕਟ ਵਰਤੀ ਸਿੱਖ ਸ਼ਿਕਾਰ ਖੇਡਦੇ ਸਨ, ਕੀ ਉਹ ਮਾਰ ਕੇ ਸੁੱਟਣ ਵਾਸਤੇ ਖੇਡਦੇ ਸਨ? ਅਖੇ ਜੀ! ਗੁਰੂ ਜੀ ਤਾਂ ਉਨ੍ਹਾਂ ਦੀ ਕਲਿਆਣ ਕਰਦੇ ਸਨ! ਕੀ ਕਲਿਆਣ ਮਾਰ ਕੇ ਹੀ ਕੀਤੀ ਜਾ ਸਕਦੀ ਹੈ? ਗੁਰੂ ਜੀ ਦੀ ਤਾਂ ਸਵੱਲੀ ਨਜ਼ਰ ਹੀ ਜੀਵਾਂ ਨੂੰ ਤਾਰ ਦਿੰਦੀ ਹੈ ਫਿਰ ਮਾਰ ਕੇ ਮੁਕਤੀ ਕਿਉਂ? ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨ ਪਾਈ? (੯੩) ਔਖੇ ਵੇਲੇ ਸਿੰਘਾਂ ਨੇ ਘੋੜਿਆਂ ਬਲਕਿ ਆਪਣੇ ਪੱਟਾਂ ਦਾ ਮਾਸ ਵੀ ਖਾਦਾ ਜਰਾ ਸੋਚੋ! ਜਿਸ ਨੇ ਕਦੇ ਪੱਕਾ ਮਾਸ ਨਾਂ ਖਾਦਾ ਹੋਵੇ ਉਹ ਕੱਚਾ ਮਾਸ ਕਿਵੇਂ ਖਾ ਲਵੇਗਾ? ਜੇ ਸਿੰਘ ਖ਼ਾਲਸੇ "ਸਿੰਘ ਭੋਜਨ" ਛਕਦੇ ਸੀ ਤਾਂ ਹੀ ਉਹ-ਖਾਂਹਿ ਕੱਚੇ ਹੀ ਮ੍ਰਿਗ ਮਾਰ (ਪੰਥ ਪ੍ਰਕਾਸ਼) ਜੰਗ-ਯੁੱਧ ਵੇਲੇ ਕੱਚਾ ਮਾਸ ਖਾ ਜਾਂਦੇ ਸਨ। ਕੁਝ ਕੁ ਸਾਧ ਸੰਪ੍ਰਦਾਵਾਂ ਤੇ ਡੇਰਿਆਂ ਨੂੰ ਛੱਡ ਕੇ ਬਾਕੀ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਮਿਸ਼ਨਰੀ ਸੰਸਥਵਾਂ ਅਤੇ ਨਿਹੰਗ ਸਿੰਘ ਅੱਜ ਵੀ ਛਕਦੇ ਹਨ।

ਨੋਟ-ਜਿੰਨਾਂ ਨੁਕਸਾਨ ਇਨ੍ਹਾਂ ਡੇਰੇਦਰਾਂ ਤੇ ਟਕਸਾਲੀ ਸੰਪ੍ਰਦਾਈਆਂ ਨੇ ਸਿੱਖ ਕੌਮ ਦਾ ਕੀਤਾ ਹੈ, ਅਤੇ ਜਿਨੇ ਵੱਧ ਬਲਾਤਕਾਰ ਇਹ ਵੈਸ਼ਨੂੰ ਜਾਂ ਸਾਕਾਹਾਰੀ ਕਹਾਉਣ ਵਾਲੇ ਸਾਧ ਅੱਜ ਕਰ ਰਹੇ ਹਨ ਇੰਨੇ ਮਾਸਾਹਾਰੀ ਨਹੀਂ ਕਰਦੇ ਕਿਉਂ? ਇਹ ਲੋਕ ਤਾਂ ਮਾਸ ਨਹੀਂ ਖਾਂਦੇ ਸਗੋਂ ਸਬਜੀਆਂ ਆਦਿਕ ਖਾ ਕੇ ਹੀ ਸਭ ਚੰਦ ਚੜ੍ਹਾਈ ਜਾ ਰਹੇ ਹਨ। ਫਿਰ ਕਉਣ ਠੀਕ ਤੇ ਕਉਣ ਗ਼ਲਤ ਹੈ? ਸਿੰਘ ਦਾ ਅਰਥ ਹੀ ਸ਼ੇਰ ਹੈ, ਗੁਰੂ ਜੀ ਫੁਰਮਾਂਦੇ ਹਨ, ਕਿ ਜਿਵੇਂ ਰਣ ਤੱਤਾ ਦੇਖ ਸੂਰਮੇ ਦੇ ਡੌਲੇ ਫਰਕਦੇ ਹਨ ਇਵੇਂ ਹੀ-ਸਿੰਘ ਰੁਚੈ ਸਦ ਭੋਜਨੁ ਮਾਸ॥ ਰਣ ਦੇਖਿ ਸੂਰੇ ਚਿਤਿ ਉਲਾਸ॥ (੧੧੮੦) ਬਾਕੀ ਵੱਖਰੀ ਗੱਲ ਹੈ ਕਿ ਆਪਣੀ ਸਰੀਰਕ ਸਥਿਤੀ ਅਨੁਸਾਰ ਹੀ ਭੋਜਨ ਕਰਨਾ ਚਾਹੀਦਾ ਹੈ। ਦੁੱਧ ਵਿੱਚ ਵੀ ਬਹੁਤ ਫੈਟ ਹੈ ਜੋ ਕੈਸਟ੍ਰੋਲ ਵਧਾ ਦਿੰਦੀ ਹੈ, ਪਰ ਸੈਲਮਨ ਮੱਛੀ ਖਾਦੀ ਜਾਵੇ ਤਾਂ ਕੈਸਟ੍ਰੋਲ ਘਟਉਂਦੀ ਹੈ।

ਵੇਖੋ ਜਿਨੀ ਹੇਰਾ ਫੇਰੀ ਸਾਡੇ ਵੈਸ਼ਨੂੰ ਦੇਸ਼ ਵਿੱਚ ਹੋ ਰਹੀ ਹੈ, ਰਿਸ਼ਵਤ ਦਾ ਬੋਲਬਾਲਾ ਹੈ ਉਨ੍ਹਾਂ ਅਮਰੀਕਾ ਕਨੇਡਾ ਇੰਗਲੈਂਡ ਆਦਿਕ ਮਾਸ ਖਾਣ ਵਾਲੇ ਦੇਸ਼ਾਂ ਵਿੱਚ ਨਹੀਂ ਫਿਰ ਕੌਣ ਚੰਗਾ ਕੌਣ ਮਾੜਾ ਹੈ? ਸਾਡੇ ਅਖੌਤੀ ਸਾਧ-ਸੰਤ, ਸੰਪ੍ਰਦਾਈ-ਪ੍ਰਚਾਰਕ, ਕਥਾਵਾਚਕ, ਰਾਗੀ-ਢਾਡੀ ਅਤੇ ਅਖੌਤੀ ਵਿਦਵਾਨ ਮਾਸ ਖਾਣ ਵਾਲੇ ਨੂੰ ਤਾਂ ਨਿੰਦਦੇ ਅਤੇ ਬੁਰਾ ਕਹਿੰਦੇ ਨਹੀਂ ਥੱਕਦੇ, ਪਰ ਉਨ੍ਹਾਂ ਦੀ ਦਿੱਤੀ ਮਾਇਆ ਬੜੀ ਨਿਮਰਤਾ ਨਾਲ, ਅੱਖਾਂ ਮੀਚ ਜੇਬ ਵਿੱਚ ਪਾ ਲੈਂਦੇ ਹਨ ਫਿਰ ਕੌਣ ਗਲਤ ਤੇ ਕੌਣ ਠੀਕ ਹੈ? ਗੁਰੂ ਨਾਨਕ ਜੀ ਨੇ ਤਾਂ ਬ੍ਰਾਹਮਣਾਂ ਨੂੰ ਕਿਹਾ ਸੀ-ਜੇ ਉਇ ਦਿਸਹਿ ਨਰਕਿ ਜਾਂਦੈ ਤਾਂ ਉਨ ਕਾ ਦਾਨੁ ਨ ਲੈਣਾ॥ (੧੨੯੦) ਭਾਵ ਜੇ ਮਾਸ ਖਾਣ ਵਾਲੇ ਨਰਕਾਂ ਨੂੰ ਜਾਂਦੇ ਹਨ, ਤਾਂ ਤੁਸੀਂ ਉਨ੍ਹਾਂ ਦੀਆਂ ਦਾਨ-ਭੇਟਾ ਕਿਉਂ ਲੈਂਦੇ ਹੋ? ਇਸ ਸਬੰਧ ਵਿੱਚ ਡਾ. ਗੁਰਮੀਤ ਸਿੰਘ ਬਰਸਾਲ ਅਤੇ ਪ੍ਰਿੰਸੀਪਲ ਗਿ. ਸੁਰਜੀਤ ਸਿੰਘ ਦਿੱਲੀ ਵਾਲਿਆਂ ਦੇ ਲੇਖ ਜੋ "ਸਿੱਖ ਮਾਰਗ" ਵੈਬਸਾਈਟ ਤੇ ਕ੍ਰਮਵਾਰ ਛਪੇ ਸਨ, ਬੜੇ ਗਿਆਨਮਈ ਤੇ ਭਾਵ ਪੂਰਤ ਹਨ ਪੜ੍ਹ ਲੈਣਾ ਜੀ। ਜੇ ਫਿਰ ਵੀ ਤਸੱਲੀ ਨਾਂ ਹੋਵੇ ਤਾਂ ਬਾਬਾ ਗੁਰਬਖਸ਼ ਸਿੰਘ "ਕਾਲਾ ਅਫਗਾਨਾ" ਦੀ ਲਿਖੀ ਪੁਸਤਕ "ਮਾਸ ਮਾਸ ਕਰਿ ਮੂਰਖ ਝਗੜੇ" ਤਾਂ ਜਰੂਰ ਪੜ੍ਹਨਾਂ ਦੀ ਖੇਚਲ ਕਰਨਾ ਜੀ।

ਆਓ, ਅਜਿਹੀਆਂ ਫਜ਼ੂਲ ਦੀਆਂ ਬਹਿਸਾਂ ਛੱਡ ਕੇ, ਸਭ ਮਾਈ-ਭਾਈ ਗੁਰਸਿੱਖ ਇਕੱਠੇ ਹੋ ਕੇ ਡੇਰਾਵਾਦ ਅਤੇ ਸੰਤ-ਮਹੰਤਵਾਦ ਦੀ ਅਮਰਵੇਲ ਨੂੰ, ਪੰਥਕ ਬੂਟੇ ਤੋਂ ਲਾਹ ਸੁੱਟੀਏ ਕਿਉਂਕਿ ਇਨ੍ਹਾਂ ਬੁਰਕੇ (ਬਾਣੇ) ਤਾਂ ਸਿੰਘਾਂ ਵਾਲੇ ਪਾਏ ਹੋਏ ਹਨ ਪਰ ਮਰਯਾਦਾ ਸਨਾਤਨੀ ਚਲਾ ਰਹੇ ਹਨ। ਗੁਰਮਤਿ ਮਰਯਾਦਾ ਤੋਂ ਇਹ ਟਕਸਾਲੀ ਸੰਪ੍ਰਦਾਈ ਡੇਰੇਦਾਰ ਬਾਗੀ ਹਨ। ਯਾਦ ਰੱਖੋ ਗੁਰਸਿੱਖ ਕਦੇ ਡੇਰੇਦਾਰ ਅਤੇ ਸੰਪਰਦਾਈ ਨਹੀਂ ਹੋ ਸਕਦਾ। ਸਾਡਾ ਧੁਰਾ ਗੁਰੂ ਗ੍ਰੰਥ ਅਤੇ ਗੁਰੂ ਦਾ ਪੰਥ ਹੈ। ਸਿੱਖ ਨੇ ਸਮੁੱਚੇ ਸੰਸਾਰ ਵਿੱਚ ਵਿਚਰਨਾ ਹੈ ਨਾ ਕਿ ਇਕੱਲੇ ਵੈਸ਼ਨੂੰ ਦੇਸ਼ ਵਿੱਚ। ਵੱਡੀ ਗੱਲ ਗੁਰੂ ਤੋਂ ਵੱਡੇ ਕਦੇ ਨਾਂ ਬਣੋ। ਸਿੱਖ ਵਾਸਤੇ ਗੁਰੂ ਗਿਆਨ ਤੋਂ ਵੱਡਾ ਕੋਈ ਗਿਆਨ ਨਹੀਂ-ਗਿਆਨਨ ਮਹਿ ਗਿਆਨ ਅਰ ਧਿਆਨਨ ਮਹਿ ਧਿਆਨ ਗੁਰਿ, ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ (ਭਾ.ਗੁ)

ਮਾਸ ਤੇ ਘਾਸ ਦੇ ਝਗੜੇ ਵਿੱਚ ਪੈ ਕੇ "ਸਿੱਖ ਜੋ ਮਾਰਸ਼ਲ ਕੌਮ ਹੈ" ਇਸ ਨੂੰ ਘਸਿਆਰੀ ਨਾਂ ਬਣਾ ਦੇਈਏ। ਪਲੀਜ਼ ਮਾਸ ਤੇ ਘਾਸ ਦਾ ਝਗੜਾ ਬੰਦ ਕਰੋ! ਜੇ ਤੁਸੀਂ ਨਹੀਂ ਖਾਂਦੇ ਤਾਂ ਬਹੁਤ ਚੰਗਾ ਹੈ ਪਰ ਖਾਣ ਵਾਲਿਆਂ ਵਿਰੁੱਧ ਭੰਡੀ ਪ੍ਰਚਾਰ ਨਾ ਕਰੋ ਜੀ! ਅਤੇ ਡਾਲਰਾਂ ਦੀ ਖਾਤਰ ਮਾਸ ਖਾਣ ਵਾਲੇ ਦੇਸ਼ਾਂ ਵੱਲ ਨਾਂ ਭੱਜੋ ਜੀ। ਲੋਕ ਹਸਦੇ ਹਨ ਕਿ ਸਿੱਖਾਂ ਨੇ ਖਾਣਾਂ ਕੀ ਅਤੇ ਕਿਵੇਂ ਖਾਣਾ ਹੈ? ਭੁੰਝੇ ਜਾਂ ਕੁਰਸੀਆਂ ਮੇਜਾਂ ਤੇ ਬੈਠ ਕੇ ਖਾਣਾ ਹੈ? ਇਸ ਤੇ ਹੀ ਲੜੀ ਜਾ ਰਹੇ ਹਨ। ਧਰਮ ਪ੍ਰਚਾਰ ਵੱਲ ਕੋਈ ਧਿਆਨ ਨਹੀਂ, ਜਿਸ ਕਰਕੇ ਧਰਮ ਪ੍ਰਚਾਰ ਰੁਕਿਆ ਪਿਆ ਹੈ ਅਤੇ ਸਿੱਖ ਨੌਜਵਾਨ ਧਰਮ ਤੋਂ ਦੂਰ ਹੁੰਦੇ ਜਾ ਰਹੇ ਹਨ। ਯਾਦ ਰੱਖੋ ਅਸੀਂ ਗੁਰੂ ਦੇ ਸਿੱਖ ਹਾਂ ਨਾਂ ਕਿ ਵੈਸ਼ਨੂ ਸਾਧਾਂ ਦੇ ਚੇਲੇ ਕਿ ਲੱਸੀ ਪੀਣੀ ਅਤੇ ਚੌਲ ਹੀ ਖਾਣੇ ਹਨ। ਜਰਾ ਸੋਚੋ! ਜਦ ਗੁਰੂ ਨਾਨਕ ਅਰਬ ਦੇਸ਼ਾਂ ਦੀ ਯਾਤਰਾ ਕਰਦੇ ਹੋਏ ਇਸਲਾਮ ਦੇ ਕੇਂਦਰੀ ਅਸਥਾਂਨ ਮੱਕੇ ਹਾਜ਼ੀਆਂ ਦਾ ਬਾਣਾ ਪਾ ਕੇ ਗਏ ਸਨ ਅਤੇ ਰਸਤੇ ਵਿੱਚ ਮੁਸਲਮਾਨ ਹਾਜ਼ੀਆਂ ਦੇ ਕਾਫਲੇ ਵਿੱਚ ਹੀ ਪੜਾ ਕਰਦੇ ਅਤੇ ਭੋਜਨ ਪਾਣੀ ਵੀ ਇਕੱਠਾ ਕਰਦੇ ਸਨ। ਗੁਰੂ ਜੀ ਕੋਈ ਚੌਲਾਂ ਜਾਂ ਆਟੇ ਦੀਆਂ ਬੋਰੀਆਂ ਨਾਲ ਨਹੀਂ ਸਨ ਚੁੱਕੀ ਫਿਰਦੇ। ਜੇ ਜਰਾ ਜਿਨਾਂ ਵੀ ਮੁਸਲਮਾਨ ਹਾਜ਼ੀਆਂ ਨੂੰ ਪਤਾ ਲੱਗ ਜਾਂਦਾ ਕਿ ਇਹ ਸ਼ਖਸ਼ ਗੈਰ ਮੁਸਲਮਾਨ ਜਾਂ ਹਿੰਦੂ ਹੈ ਤਾਂ ਉਹ ਗੁਰੂ-ਬਾਬਾ ਜੀ ਦੇ ਵਿਰੁੱਧ ਰੌਲਾ ਪਾ ਦਿੰਦੇ। ਗੁਰੂ ਜੀ ਤਾਂ ਕਟੜਵਾਦੀ ਮੁਸਲਮਾਨ ਆਗੂਆਂ ਨੂੰ ਰੱਬੀ ਗਿਆਨ ਦੇਣ ਲਈ ਮੱਕੇ ਗਏ ਸਨ ਨਾਂ ਕਿ ਕੋਈ ਕਰਾਮਾਤ ਵਿਖਾ ਕੇ ਮੱਕਾ ਘੁਮਾਉਣ ਲਈ। ਜੇ ਗੁਰੂ ਜੀ ਰਸਤੇ ਵਿੱਚ ਖਾਣ-ਪੀਣ ਦਾ ਝਗੜਾ ਖੜਾ ਕਰ ਲੈਂਦੇ ਤਾਂ ਉਹ ਮੱਕੇ ਨਹੀਂ ਸਨ ਜਾ ਸਕਦੇ। ਉਨ੍ਹਾਂ ਨੇ ਖਾਣ-ਪੀਣ ਦੇ ਝਗੜੇ ਨਾਲੋਂ ਰੱਬੀ ਉਪਦੇਸ਼ ਦੇਣ ਨੂੰ ਪਹਿਲ ਦਿੱਤੀ। ਉਨ੍ਹਾਂ ਦੀ ਨਿਗ੍ਹਾ ਵਿੱਚ ਮਾਸ ਖਾਣ ਜਾਂ ਨਾਂ ਖਾਣ ਵਾਲੇ ਦੋਵੇਂ ਬਰਾਬਰ ਸਨ। ਉਹ ਸਭ ਵਿੱਚ ਰੱਬੀ ਜੋਤ ਦਾ ਹੀ ਵਾਸ ਵੇਖਦੇ ਸਨ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (੬੬੩) ਕਬੀਰ ਸਾਹਿਬ ਵੀ ਦਰਸਾਂਦੇ ਹਨ ਕਿ-ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥(੧੩੪੯) ਗੁਰੂ ਨਾਨਕ ਸਾਹਿਬ ਤਾਂ ਫੁਰਮਾਂਦੇ ਹਨ ਕਿ-ਜੇ ਰਤੁ ਲਗੈ ਕਪੜੇ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਨਸਾਂ ਤਿਨ ਕਿਉਂ ਨਿਰਮਲੁ ਚੀਤੁ॥(੧੪੦) ਹੇ ਕਾਜ਼ੀਓ ਜੇ ਰਤਾ ਰੱਤ (ਲਹੂ) ਲੱਗਣ ਨਾਲ ਜਾਮਾਂ ਪਲੀਤ ਹੁੰਦਾ ਹੈ ਤਾਂ ਫਿਰ ਜੋ ਪਰਾਇਆ ਹੱਕ ਮਾਰ ਕੇ ਗਰੀਬ ਇਨਸਾਨਾਂ ਦਾ ਲਹੂ ਪੀਂਦੇ ਹਨ ਉਨ੍ਹਾਂ ਦਾ ਹਿਰਦਾ ਕਿਵੇਂ ਸਾਫ ਹੋ ਸਕਦਾ ਹੈ? ਗੁਰੂ ਤਾਂ ਹਿੰਦੂ-ਮੁਸਲਮਾਨ ਦੋਹਾਂ ਨੂੰ ਸਾਂਝਾ ਉਪਦੇਸ਼ ਦਿੰਦੇ ਹਨ-ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾਂ ਭਰੇ ਜਾਂ ਮੁਰਦਾਰੁ ਨਾ ਖਾਇ॥

ਭਾਵ ਪਰਾਇਆ ਹੱਕ ਮਾਰਨਾਂ ਮੁਸਲਮਾਨ ਲਈ ਸੂਰ ਅਤੇ ਹਿੰਦੂਆਂ ਲਈ ਗਊ ਦਾ ਮੁਰਦਾਰ ਖਾਣ ਬਰਾਬਰ ਹੈ। ਖਾਣ-ਪੀਣ ਦੇ ਝਗੜੇ ਨੂੰ ਛੱਡ ਕੇ ਬੁਰੇ ਕਰਮਾਂ ਦਾ ਤਿਆਗ ਕਰਨਾ ਚਾਹੀਦਾ ਹੈ। ਜੀਵ ਉਸ ਦੇ ਹੁਕਮ ਵਿੱਚ ਹੀ ਮਾਰੇ ਤੇ ਰੱਖੇ ਜਾ ਰਹੇ ਹਨ। ਪੂਰਾਂ ਦੇ ਪੂਰ ਜੀਵ ਆ ਰਹੇ ਹਨ ਅਤੇ ਪੂਰਾਂ ਦੇ ਪੂਰ ਜਾ ਰਹੇ ਹਨ। ਇਹ ਸਾਰਾ ਚੱਕਰ ਉਸ ਕਰਤਾਰ ਦਾ ਹੈ। ਮਾਸ ਖਾਣ ਵਾਲੇ ਵੀ ਇਕ ਦਿਨ ਇਸ ਸੰਸਾਰ ਤੋਂ ਤੁਰ ਜਾਣੇ ਹਨ ਅਤੇ ਘਾਸ ਖਾਣ ਵਾਲੇ ਵੀ ਸਦਾ ਬੈਠੇ ਨਹੀਂ ਰਹਿਣੇ। ਇਸੇ ਕਰਕੇ ਬਾਬਾ ਨਾਨਕ ਜੀ ਨੇ ਮਾਸ ਤੇ ਝਗੜਾ ਕਰਨ ਵਾਲਿਆਂ ਨੂੰ ਮੂਰਖ ਕਿਹਾ ਹੈ-ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥ (੧੨੮੯) ਗੁਰੂ ਜੀ ਨੇ ਸਾਨੂੰ ਸ਼ੇਰ (ਸਿੰਘ) ਦੀ ਉਪਾਦੀ ਦਿੱਤੀ ਹੈ ਨਾਂ ਕਿ ਗਊ ਜਾਂ ਭੇਡ ਦੀ ਜੇ ਮਾਸ ਖਾਣ ਵਾਲਾ ਸ਼ੇਰ ਇਨ੍ਹਾਂ ਹੀ ਮਾੜਾ ਹੁੰਦਾ ਫਿਰ ਉਸ ਦੀ ਉਪਾਦੀ ਨਾਂ ਦਿੰਦੇ। ਸ਼ੇਰ ਅਤੇ ਭੇਡ ਦੇ ਹੋਰ ਕਾਰਨਾਮਿਆਂ ਦੇ ਫਰਕ ਨਾਲ ਭੋਜਨ ਵਿੱਚ ਵੀ ਵੱਡਾ ਫਰਕ ਹੈ ਜੋ ਸਦਾ ਰਹਿਣਾ ਹੈ। ਦੇਖੋ ਕੋਈ ਸੌ ਤਰੀਕੇ ਵਰਤ ਕੇ ਵੀ ਸ਼ੇਰ ਨੂੰ ਘਾਹ ਅਤੇ ਗਊ ਨੂੰ ਮਾਸ ਨਹੀਂ ਖਵਾ ਸਕਦਾ ਪਰ ਮਨੁੱਖ ਜੋ ਦੋਹਾਂ ਦਾ ਸਰਦਾਰ ਹੈ ਮਾਸ ਤੇ ਘਾਸ ਦੋਵੇਂ ਖਾ ਸਕਦਾ ਹੈ। ਜਬਰਦਸਤੀ ਕਿਸੇ ਨੂੰ ਕੁਝ ਵੀ ਖਵਾਉਣਾ ਨਹੀਂ ਚਾਹੀਦਾ। ਸਰੀਰ ਦੀ ਤੰਦਰੁਸਤੀ ਅਤੇ ਬਲ ਨੂੰ ਦੇਖ ਕੇ ਹੀ ਭੋਜਨ ਕਰਨਾ ਚਾਹੀਦਾ ਹੈ ਪਰ ਬ੍ਰਾਹਮਣ ਦੇ ਪੈਦਾ ਕੀਤੇ ਕਿਸੇ ਪਾਪ-ਪੁੰਨ ਜਾਂ ਵਹਿਮ-ਭਰਮ ਵਿੱਚ ਨਹੀਂ ਪੈਣਾ ਚਾਹੀਦਾ।

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥



ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।




ਸੋਹੰ

# ਪ੍ਰੇਮ ਬੱਧਣ

**ਸਹਾਇਕ ਖਜ਼ਾਨਚੀ**

## ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.)
## ਫਰਿਜ਼ਨੋ, ਕੈਲੇਫੋਰਨੀਆ

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥



ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।




ਸੋਹੰ

# ਰਣਜੀਤ ਚੀਮਾ

**ਖਜਾਨਚੀ**

## ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.)
## ਫਰਿਜ਼ਨੋ, ਕੈਲੇਫੋਰਨੀਆ




## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 5 ਮਾਰਚ 2017 (ਦਿਨ ਐਤਵਾਰ) ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਇਸ ਨੇਕ ਕਾਰਜ ਲਈ ਵਧਾਈ ਦੀ ਪਾਤਰ ਹੈ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, (ਸੈਂਟਰਲ ਵੈਲੀ) ਫਰਿਜ਼ਨੋ 5025 S. CHERY AVE., FRESNO (CALIFORNIA) 93706 ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।


ਕਮਿਉਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

Holidayinn Express,

DAYS INN and

MOMI HOSPITALITY

INVESTMENT

ਕੈਲੀਫੋਰਨੀਆ ਦੇ ਮਾਲਕ




ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ


# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ

**ਲੱਖ-ਲੱਖ ਵਧਾਈਆਂ**


ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।





# ਰਾਜ ਕੁਮਾਰ ਜੱਸੀ ਅਤੇ ਰਤਨ ਪਾਲ ਜੱਸੀ

ਵਾਈਸ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.) ਫਰਿਜ਼ਨੋ, (ਕੈਲੇਫੋਰਨੀਆ)


ਸੰਤ ਰਸੀਲਾ ਰਾਮ ਜੀ

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।



26 ਫਰਵਰੀ 2017 ਨੂੰ ਦਿਨ ਐਤਵਾਰ ਨੂੰ ਸਤਿਸੰਗ ਉਪਰੰਤ 'ਦੇਸ਼ ਦੁਆਬਾ' ਦੁਆਰਾ ਲਈ ਗਈ ਇਕ ਯਾਦਗਾਰੀ ਤਸਵੀਰ।

# Radha Swami Rasila Satsang Center Fresno
# 1461 N. Marks Ave., Fresno CA 93722

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।


ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।






## ਜਸਵੰਤ ਮਹਿਮੀ
ਸਹਾਇਕ ਸਟੇਜ ਸਕੱਤਰ
ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.)
ਫਰਿਜ਼ਨੋ, ਕੈਲੇਫੋਰਨੀਆ

## BOLLYWOOD ENTERTAINMENT USA
Jaswant Mehmi
(Owner)
Cell: (559) 250-3310
Email: bollywoodusa@yahoo.com
Website: www.bollywoodentertainmentusa.com
2655 Yerba St., Selma, CA 93662
BOLLYWOOD ENTERTAINMENT USA




## ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
## ਛੋਟ ਬੜੇ ਸਬ ਸਮ ਵਸੈ ਰਵਿਦਾਸ ਰਹੇ ਪ੍ਰਸੰਨ

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।

**ਕੇਵਲ ਚੌਹਾਨ (ਪ੍ਰਧਾਨ)**



**ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.) ਫਰਿਜ਼ਨੋ (ਕੈਲੇਫੋਰਨੀਆ**

## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।




ਸੋਹੰ



# ਰਾਜ ਗੁਰੂ

**ਮੀਤ ਪ੍ਰਧਾਨ**

**ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.)**
**ਫਰਿਜ਼ਨੋ, ਕੈਲੇਫੋਰਨੀਆ**




## ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ
## ਛੋਟ ਬੜੇ ਸਬ ਸਮ ਵਸੈ ਰਵਿਦਾਸ ਰਹੇ ਪ੍ਰਸੰਨ


ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।



**ਅਮਰ ਦੜੌਚ** (ਸਟੇਜ ਸਕੱਤਰ)

ਸ੍ਰੀ ਗੁਰੂ ਰਵਿਦਾਸ ਸਭਾ (ਸੀ. ਵੀ.) ਫਰਿਜ਼ਨੋ (ਕੈਲੇਫੋਰਨੀਆ) ਅਤੇ ਸਮੂਹ ਪਰਿਵਾਰ




## ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ
## ਛੋਟ ਬੜੇ ਸਬ ਸਮ ਵਸੈ ਰਵਿਦਾਸ ਰਹੇ ਪ੍ਰਸੰਨ

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਭ ਰਲ-ਮਿਲ ਕੇ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਏਵੀਨਿਊ ਫਰਿਜ਼ਨੋ ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉਣ ਦਾ ਸੰਕਲਪ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।



**ਪਿਰਥੀ ਪਾਲ ਮਹਿਮੀ ਅਤੇ ਸਮੂਹ ਮਹਿਮੀ ਪਰਿਵਾਰ**

# Buying or Selling Gas Stations and Hotels

*All over in California*

*Do you want to Buy/Sell your Gas Station and Hotel business property? Call us for a free consultation.*

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.






JOHN SINGH BANGA 916.271.5404 Lic # 01397975

DALVIR 'DIL' NIJJAR 916.628.2210 Lic # 01418648

*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD Marriott

7412 Elsie Avenue, Sacramento CA 95828

*"Honesty and Experience make the Difference"*

*www. buyorsellgasstationsandhotels. com*



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar 510-755-2132

Harmandeep Singh



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।

ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ

website : www.amardawakhana.com email : amardawakhana@rediffmail.com



# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ- ਜ਼ਰਾ ਸੋਚੋ ਬੰਦੇ ਦੀ ਮਾਨਸਿਕਤਾ ਕੀ ਹੈ?

# "ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ"



ਪ੍ਰੋ: ਐਚ.ਐਲ.ਕਪੂਰ
001- 916- 587-4002

'ਮਾਂ ਦਿਵਸ' ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਅੰਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ 'ਮਾਂ ਦਿਵਸ' ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ 'ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ 'ਮਾਂ ਦਿਵਸ' ਭਾਵ 'ਮਹਿਲਾ ਦਿਵਸ' 8 ਮਾਰਚ, 1943 ਨੂੰ ਮਨਾਇਆ ਗਿਆ। ਇਸ ਦਿਨ ਤੇ 'ਮਾਂ' ਜਾਂ 'ਮਹਿਲਾ' ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਮਾਂ ਦੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ। ਇਸਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ 'ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ।

ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਣ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ 'ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ 'ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ 'ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ। ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਜਦੋਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ ਉਸ ਲਈ ਔਰਤ ਨੂੰ ਹੀ ਜ਼ਿੰਮੇਵਾਰ ਠਹਿਰਾਉਂਦਾ ਰਿਹਾ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ:- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਨੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਵੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ 'ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।' ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ 'ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।' ਨਿਤਜਸਚ ਔਰਤ ਨੂੰ 'ਰੱਬ ਦੀ ਦੂਸਰੀ ਗਲਤੀ' ਮੰਨਦਾ ਹੈ। ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨਾ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ 'ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਨ੍ਹਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ 'ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ 'ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ' ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਂਵਾਂ ਉੱਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵ਼ਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, ''ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।'

ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ



ਔਰਤ ਦਾ ਮਸਤਕ ਖੋਟਾ ਹੈ। ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗੂ ਗੰਢ ਦੇ ਕੇ ਰੱਖਦੀ ਹੈ ਜਿਵੇਂ ਇਕ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖ਼ਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ 'ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ।
ਕੀ ਖੱਟਿਆ ਵਟਣਾ ਮਲ਼ਕੇ, ਮਹਿੰਦੀ ਲਾਕੇ।

ਇਹ ਸਵੈਅਭਿਮਾਨੀ ਮਨੁੱਖ ਜੋ ਆਪਣੇ-ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲ਼ੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ। ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚੱਲਦੀ ਗੱਡੀ ਵਿਚ ਆਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ 'ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ' ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਕਬਾਇਲੀ ਖੋਜ ਅਤੇ ਸਭਿਆਚਾਰਕ ਫਾਊਂਡੇਸ਼ਨ' ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ। ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਨ੍ਹਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਨ੍ਹਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕ ਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਨ੍ਹਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਨ੍ਹਾਂ 'ਚੋਂ 70ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ 'ਤੇ ਲਾਗੂ ਹੋ ਸਕਣ ਵਾਲਾ 'ਸਿੱਖਿਆ ਦਾ ਅਧਿਕਾਰ' ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ 'ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਵੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ਼ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ 'ਸਰਵ-ਸਿੱਖਿਆ ਅਭਿਆਨ' ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦਾ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ। ਇਸ ਲਈ ਸਰਕਾਰ ਦਾ ਇਹ ਨਾਅਰਾ 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਸਨਮਾਨ ਕਰਦਿਆਂ ਸਾਨੂੰ ਆਪਣੀਆਂ ਬੇਟੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਇੰਝ ਬਿਆਨ ਕੀਤਾ ਹੈ:

'ਭੰਡ ਮੋਆ ਭੰਡ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਨ੍ਹਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਦੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ। ਉਂਝ ਉਨ੍ਹਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸੇ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ 'ਸਤੀ ਦੀ ਰਸਮ' ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ 'ਖ਼ਾਲਸੇ ਦੀ ਮਾਤਾ' ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ "ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਤੇ ਫਿਰ ਜ਼ਿੰਦਗੀ ਨੂੰ ਜਿਊਣ ਯੋਗ ਬਣਾਇਆ।' ਇਸ ਲਈ ਜਿਹਨਾਂ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ 'ਕੱਟੀ ਪਤੰਗ' ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ 'ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਲੁੱਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸਦੇ ਉਲਟ ਉਹ ਆਪਣੇ ਅਗਲੇ ਨਾਵਲ 'ਅੱਧ ਖਿੜਿਆ ਫੁੱਲ' ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, "ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਲਾਸਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਵਿਆਹ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ! ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨ ਬਾਰੇ ਇੰਝ ਲਿਖਦਾ ਹੈ, 'ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕ੍ਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦੀ ਹੈ। ਇੰਝ ਜਾਪਦਾ ਹੈ ਕਿ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ, ਔਰਤ ਦਿਆਂ ਮੋਢਿਆਂ 'ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ ਧਰਤੀ 'ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।''

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਭਾਵਸ਼ਾਲੀ ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ ਬਹੁਤ ਥੋੜ੍ਹੇ ਗਿਣੇ-ਚੁਣੇ ਨਾਮ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ ਪੱਥਰ ਹਨ। ਇਨ੍ਹਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ 'ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, 'ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ

(ਬਾਕੀ ਅਗਲੇ ਸਫੇ ਤੇ)

# ਕਿਸਾਨਾਂ ਦਾ ਮਸੀਹਾ ਤੇ ਦੁੱਖਾਂ ਦਰਦਾਂ ਦਾ ਸਾਥੀ- ਦਵਿੰਦਰ ਸਿੰਘ ਘਾਲੀ



ਡਾ. ਬਲਰਾਜ ਸਿੰਘ ਜੱਖੂ
91-98150-65177

ਮਾਂ ਦੇ ਪੇਟੋਂ ਤਾਂ ਜਨਮ ਹਰ ਪ੍ਰਾਣੀ ਹੀ ਲੈਂਦਾ ਹੈ ਪਰ ਕਈ. ਵਾਰ ਮਾਂ ਆਪਣੇ ਪੇਟੋਂ ਇਸ ਤਰ੍ਹਾਂ ਦਾ ਪੁੱਤ ਜੰਮਦੀ ਹੈ, ਜਿਸ ਨੇ ਆਪਣਾ ਜੀਵਨ ਲੋਕਾਂ ਦੇ ਅਰਪਣ ਕੀਤਾ ਹੁੰਦਾ ਹੈ। ਇਸ ਤਰ੍ਹਾਂ ਦਾ ਹੀ ਇਕ ਹੀਰਾ ਹੈ ਕਿਰਤੀ ਕਿਸਾਨ ਯੂਨੀਅਨ ਦਾ ਜ਼ਿਲ੍ਹਾ ਮੋਗਾ ਦਾ ਪ੍ਰਧਾਨ ਦਵਿੰਦਰ ਸਿੰਘ ਘਾਲੀ। ਜਿਸ ਨੇ ਇਤਿਹਾਸਕ ਪਿੰਡ ਘੱਲ ਕਲਾਂ (ਮੋਗਾ) ਗੁਰੂਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਵ. ਹੈਡਮਾਸਟਰ ਰਤਨ ਸਿੰਘ ਦੇ ਘਰ ਅਤੇ ਮਾਤਾ ਜੰਗੀਰ ਕੌਰ ਦੀ ਕੁੱਖੋਂ ਜਨਮ ਲਿਆ। ਪੇਸ਼ ਹਨ ਉਹਨਾਂ ਨਾਲ ਕੀਤੀ ਲੰਬੀ ਮੁਲਾਕਾਤ ਦੇ ਕੁਝ ਅੰਸ਼:

? ਸਵਾਲ- ਕਿਸਾਨਾਂ ਦੇ ਹੱਕਾਂ ਲਈ ਲੜਨਾ ਕਦੋਂ ਸ਼ੁਰੂ ਕੀਤਾ।

ਜਵਾਬ- ਸੰਘਰਸ਼ ਦਾ ਮੁੱਢ ਮੈਂ 1977 ਤੋਂ ਵਿਦਿਆਰਥੀ ਜੀਵਨ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਉਸ ਤੋਂ ਬਾਅਦ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ, ਜੋ ਅੱਜ ਵੀ ਜਾਰੀ ਹੈ।

? ਸਵਾਲ- ਹੱਕਾਂ ਲਈ ਲੜਦਿਆਂ ਕਿਹਨਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।

ਜਵਾਬ- ਸੰਘਰਸ਼ ਕਰਦਿਆਂ ਕਠਿਨਾਈਆਂ ਤਾਂ ਆਉਂਦੀਆਂ ਹੀ ਹਨ। ਬਹੁਤ ਵਾਰ ਪੁਲਿਸ ਨਾਲ ਟੱਕਰਾਂ ਵੀ ਹੋਈਆਂ। ਲੱਤਾਂ ਬਾਹਵਾਂ ਵੀ ਟੁੱਟੀਆਂ। ਅਨੇਕਾਂ ਜਬਰ ਸਹੇ, ਜੇਲ੍ਹਾਂ ਕੱਟੀਆਂ ਪਰ ਸੰਘਰਸ਼ ਦਾ ਪੱਲਾ ਨਹੀਂ ਛੱਡਿਆ।

? ਸਵਾਲ- ਸਮੇਂ-ਸਮੇਂ ਤੇ ਤੁਹਾਨੂੰ ਲੋਕਾਂ ਦਾ ਕਿੰਨਾ ਕੁ ਸਹਿਯੋਗ ਮਿਲਿਆ।

ਜਵਾਬ- ਲੋਕਾਂ ਦਾ ਸਹਿਯੋਗ ਉਨਾ ਨਹੀਂ ਮਿਲਿਆ, ਜਿੰਨਾ ਸੋਚਿਆ ਸੀ ਕਿਉਂਕਿ ਸਾਡੇ ਨਾਲ ਸਰਕਾਰੀ ਜਥੇਬੰਦੀਆਂ ਨੇ ਗੱਦਾਰੀ ਕੀਤੀ ਪਰ ਫਿਰ ਵੀ ਭਰਵਾਂ ਸਹਿਯੋਗ ਮਿਲਿਆ। ਜਿਹਨਾਂ ਸਦਕਾ ਲੋਕ ਪੱਖੀ ਮਸਲੇ ਹੱਲ ਹੁੰਦੇ ਗਏ।

? ਸਵਾਲ- ਘਾਲੀ ਜੀ ਤੁਸੀਂ ਆਪਣੇ ਹੱਕਾਂ ਘੋਲਾਂ ਵਿਚ ਕਿੰਨੀਆਂ ਕੁ ਜਿੱਤਾਂ ਪ੍ਰਾਪਤ ਕੀਤੀਆਂ।

ਜਵਾਬ- ਨਿੱਕੀਆਂ ਮੋਟੀਆਂ ਜਿੱਤਾਂ ਦੀ ਕੋਈ ਗਿਣਤੀ ਨਹੀਂ ਹੈ। ਵੱਡੀਆਂ ਜਿੱਤਾਂ ਵਿਚ ਸਾਂਝੇ ਤੌਰ ਤੇ ਕਿਸਾਨਾਂ ਦੀਆਂ ਮੋਟਰਾਂ ਦੇ ਬਿਲ ਮਾਫ ਕਰਵਾਏ। ਜਿਹਨਾਂ ਦਾ ਅੱਜ ਵੀ ਆਨੰਦ ਕਿਸਾਨ ਮਾਣ ਰਿਹਾ ਹੈ।

? ਸਵਾਲ- ਤੁਹਾਨੂੰ ਕਿਸਾਨਾਂ ਦੀ ਅਗਵਾਈ ਕਰਦੇ-ਕਰਦੇ ਕਿਤੇ ਰੂਪੋਸ਼ ਵੀ ਹੋਣਾ ਪਿਆ।

ਜਵਾਬ- ਬਹੁਤ ਵਾਰੀ ਰੂਪੋਸ਼ ਹੋਣਾ ਪਿਆ। ਕਈ ਵਾਰ ਪੁਲਿਸ ਨੇ ਘਰੇ ਹੀ ਨਜ਼ਰਬੰਦ ਕਰ ਦਿੱਤਾ, ਦੁਨੀਆਂ ਨਾਲੋਂ ਟੁੱਟਣ ਵਾਲੀ ਗੱਲ ਹੋ ਜਾਂਦੀ ਹੈ। ਸਰਕਾਰ ਦਾ ਤਾਂ ਇਹ ਨਿਸ਼ਾਨਾ ਹੁੰਦਾ ਹੈ ਕਿ ਕਿਰਤੀ ਕਿਸਾਨ ਯੂਨੀਅਨ ਦਾ ਅੰਦੋਲਨ ਫੇਲ੍ਹ ਕਿਵੇਂ ਕੀਤਾ ਜਾਵੇ। ਇਸ ਤਰ੍ਹਾਂ ਦੀ ਲੁਕਣਮੀਚੀ ਹਮੇਸ਼ਾ ਚਲਦੀ ਹੀ ਰਹਿੰਦੀ ਹੈ।

? ਸਵਾਲ- ਕਿਸਾਨ ਇਸ ਸਮੇਂ ਕਿੰਨੇ ਕੁ ਕਰਜ਼ੇ ਵਿਚ ਗ੍ਰਸੇ ਹੋਏ ਹਨ ਤੇ ਕਿੰਨੇ ਕੁ ਕਿਸਾਨ ਖੁਦਕੁਸ਼ੀਆਂ ਕਰ ਗਏ ਹਨ।

ਜਵਾਬ- ਜਾਗੀਰਦਾਰਾਂ ਸਿਰ ਜੋ 72 ਹਜ਼ਾਰ ਕਰੋੜ ਦਾ ਕਰਜਾ ਹੈ, ਉਹ ਸਰਕਾਰ ਨੇ ਮਾਫ ਕਰ ਦਿੱਤਾ ਹੈ। ਕਿਸਾਨਾਂ ਸਿਰ ਇਕ ਲੱਖ ਚੌਦਾਂ ਹਜ਼ਾਰ ਕਰੋੜ ਦਾ ਕਰਜਾ ਹੈ। ਦੋ ਲੱਖ ਪੱਚੀ ਹਜ਼ਾਰ ਕਰੋੜ ਬੈਡ ਲੋਨ ਹੈ।

ਇਹ ਕਿਸਾਨਾਂ ਸਿਰ ਕਰਜੇ ਮਾਫ ਕਰਵਾਉਣ ਲਈ ਸਾਡੀ ਜਥੇਬੰਦੀ ਅਜੇ ਵੀ ਸਰਗਰਮ ਹੈ। ਪੂਰੇ ਹਿੰਦੋਸਤਾਨ ਵਿਚ ਕਰਜੇ ਦੀ ਮਾਰ ਹੇਠ ਆਏ ਦੋ ਲੱਖ ਕਿਸਾਨ ਖੁਦਕੁਸ਼ੀਆਂ ਕਰ



ਚੁੱਕੇ ਹਨ ਤੇ ਪੰਜਾਬ ਵਿਚ 9 ਹਜ਼ਾਰ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ ਤੇ ਖੁਦਕੁਸ਼ੀਆਂ ਅਜੇ ਵੀ ਰੁਕਣ ਦਾ ਨਾਮ ਨਹੀਂ ਲੈ ਰਹੀਆਂ।

? ਸਵਾਲ- ਦਵਿੰਦਰ ਜੀ ਤੁਸੀਂ ਪ੍ਰੈਸ ਦੀ ਆਜ਼ਾਦੀ ਬਾਰੇ ਕੀ ਸੋਚਦੇ ਹੋ।

ਜਵਾਬ- ਇਸ ਸਰਕਾਰ ਵੱਲੋਂ ਪ੍ਰੈਸ ਦੀ ਆਜ਼ਾਦੀ ਦਾ ਗਲਾ ਘੁੱਟਿਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਮਰਵਾਇਆ ਜਾ ਰਿਹਾ ਹੈ। ਲੋਕਾਂ ਸਾਹਮਣੇ ਸਚਾਈ ਰੱਖਣ ਲਈ ਚੈਨਲਾਂ ਨੂੰ ਬੰਦ ਕੀਤਾ ਜਾ ਰਿਹਾ ਹੈ। ਇਹ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ। ਪ੍ਰੈਸ ਦੀ ਆਜ਼ਾਦੀ ਦਾ ਗਲਾ ਘੁੱਟਣ ਪਿੱਛੇ ਜਿਸ ਦਾ ਵੀ ਹੱਥ ਹੈ, ਉਸ ਨੂੰ ਬੇਨਕਾਬ ਕਰਨਾ ਚਾਹੀਦਾ ਹੈ ਤੇ ਉਸ ਨੂੰ ਸਖਤ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਪ੍ਰੈਸ ਦੀ ਆਜ਼ਾਦੀ ਨਾਲ ਕੋਈ ਛੇੜਛਾੜ ਨਾ ਕਰ ਸਕੇ।

? ਸਵਾਲ- ਤੁਸੀਂ ਜ਼ਿਲ੍ਹੇ ਦੇ ਨੇੜੇ ਕੋਈ ਪ੍ਰਾਪਤੀ ਕੀਤੀ ਹੈ ਤਾਂ ਦੱਸੋ।

ਜਵਾਬ- ਪਿੰਡ ਘੱਲ ਕਲਾਂ ਦਾ ਇਕ ਵਿਅਕਤੀ ਲੋਕਾਂ, ਗਰੀਬਾਂ ਤੋਂ ਕਮੇਟੀਆਂ ਦੇ ਪੈਸੇ ਲੈ ਕੇ ਹੜੱਪ ਕਰ ਗਿਆ ਸੀ ਤੇ ਕਿਸੇ ਨੂੰ ਕੋਈ ਆਈ-ਗਈ ਨਹੀਂ ਦੇ ਰਿਹਾ ਸੀ। ਪੀੜਤ ਪਰਿਵਾਰਾਂ ਨੇ ਸਾਡੇ ਕੋਲ ਪਹੁੰਚ ਕੀਤੀ ਅਤੇ ਧਰਨੇ, ਮੁਜ਼ਾਹਰੇ ਕਰਕੇ ਸਾਡੀ ਜਥੇਬੰਦੀ ਨੇ ਪੀੜਤ ਪਰਿਵਾਰਾਂ ਨੂੰ 20 ਲੱਖ ਰੁਪਏ ਦਿਵਾਏ।

? ਸਵਾਲ- ਤੁਸੀਂ ਸਮੂਹ ਕਿਸਾਨਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਲਈ ਕੀ ਵਿਉਂਤਬੰਦੀ ਕੀਤੀ ਹੈ।

ਜਵਾਬ- ਸਰਕਾਰੀ ਜਥੇਬੰਦੀਆਂ ਨੂੰ ਛੱਡ ਕੇ ਕਿਸਾਨਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਹੋਣਾ ਪਵੇਗਾ ਤਾਂ ਹੀ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਝੁਕਾ ਸਕਦੇ ਹਾਂ।

ਸਵਾਲ: ਦਵਿੰਦਰ ਜੀ ਤੁਸੀਂ ਲੋਕ ਲਹਿਰਾਂ ਵਿਚ ਕਿਸ ਨੂੰ ਨਾਇਕ ਮੰਨਦੇ ਹੋ।

ਜਵਾਬ- ਮੈਂ ਬਾਬਾ ਬੰਦਾ ਸਿੰਘ ਬਹਾਦਰ, ਦੁੱਲਾ ਭੱਟੀ ਅਤੇ ਅਰਜਨਟਾਈਨਾ ਦੇ ਚੀ ਗੁਵੇਰਾ ਨੂੰ ਕਿਸਾਨਾਂ ਦਾ ਨਾਇਕ ਮੰਨਦਾ ਹਾਂ। ਜਿਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੂੰ ਉਸ ਸਮੇਂ ਜਬਰ-ਜ਼ੁਲਮ ਵਿਰੁੱਧ ਲੜਨ ਲਈ ਲਾਮਬੰਦੀ ਕੀਤੀ, ਉਸੇ ਤਰ੍ਹਾਂ ਦੀ ਅੱਜ ਵੀ ਲਾਮਬੰਦੀ ਦੀ ਸਖਤ ਜ਼ਰੂਰਤ ਹੈ।

# ਕੀ ਭਾਰਤ ਵਿਚ ਇਸਾਈ ਧਰਮ ਅੰਗਰੇਜ਼ ਸਰਕਾਰ ਨੇ ਲਿਆਂਦਾ?



ਫਰੈਡੀ ਜੋਜ਼ਫ

ਇਸ ਦੇਸ਼ ਵਿਚ ਇਸਾਈਆਂ ਅਤੇ ਇਸਾਈ ਧਰਮ ਨੂੰ ਬਦਨਾਮ ਕਰਨ ਲਈ ਇਸਾਈਅਤ ਵਿਰੋਧੀ ਤਾਕਤਾਂ ਅਕਸਰ ਇਹ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ ਕਿ ਇਸਾਈ ਧਰਮ ਇਯ ਦੇਸ਼ ਵਿਚ ਅੰਗਰੇਜ਼ ਸਰਕਾਰ ਨੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਲਿਆਂਦਾ ਜਦਕਿ ਹਕੀਕਤ ਇਸਦੇ ਬਿਲਕੁਲ ਉਲਟ ਹੈ। ਈਸਟ ਇੰਡੀਆ ਕੰਪਨੀ ਇਸ ਦੇਸ਼ ਵਿਚ ਇਸਾਈ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਵਿਰੁੱਧ ਸੀ। ਉਸਦਾ ਕਹਿਣਾ ਸੀ ਕਿ ਭਾਰਤੀ ਲੋਕ ਆਪਣੇ ਧਰਮ ਪ੍ਰਤੀ ਬਹੁਤ ਸੰਵੇਦਨਸ਼ੀਲ ਹਨ। ਜੇਕਰ ਭਾਰਤ ਵਿਚ ਇਸਾਈ ਧਰਮ ਦਾ ਪ੍ਰਚਾਰ ਕੀਤਾ ਗਿਆ ਤਾਂ ਇਨ੍ਹਾਂ ਲੋਕਾਂ ਨੂੰ ਈਸਟ ਇੰਡੀਆ ਕੰਪਨੀ ਦਾ ਵਿਰੋਧ ਕਰਨ ਲਈ ਇਕ ਜ਼ਬਰਦਸਤ ਮੁੱਦਾ ਮਿਲ ਜਾਵੇਗਾ। ਇਸ ਕਰਕੇ ਈਸਟ ਇੰਡੀਆ ਕੰਪਨੀ ਨੇ ਇਸ ਦੇਸ਼ ਵਿਚ ਇਸਾਈ ਮਿਸ਼ਨਰੀਆਂ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਹੋਈ ਸੀ। ਈਸਟ ਇੰਡੀਆ ਕੰਪਨੀ ਦੇ ਸਮੇਂ ਸਭ ਤੋਂ ਪਹਿਲਾਂ ਅੰਗਰੇਜ਼ ਮਿਸ਼ਨਰੀ ਵਿਲੀਅਮ ਕੇਰੀ ਭਾਰਤ ਵਿਚ ਆਇਆ, ਜਿਸਨੂੰ ਈਸਟ ਇੰਡੀਆ ਕੰਪਨੀ ਨੇ ਭਾਰਤ ਦੀ ਧਰਤੀ 'ਤੇ ਪੈਰ ਨਹੀਂ ਰੱਖਣ ਦਿੱਤਾ, ਜਿਸ ਕਰਕੇ ਉਹ ਭਾਰਤ ਦੇ ਉਸ ਹਿੱਸੇ ਵਿਚ ਚਲਾ ਗਿਆ ਜੋ ਕਿ ਫਰਾਂਸ ਦੇ ਅਧੀਨ ਸੀ। ਵਿਲੀਅਮ ਕੇਰੀ ਨਾਲ ਕੀਤੇ ਮਾੜੇ ਸਲੂਕ ਕਾਰਨ ਇੰਗਲੈਂਡ ਦੀ ਇਸਾਈ ਜਨਤਾ ਵਿਚ ਈਸਟ ਇੰਡੀਆ ਕੰਪਨੀ ਵਿਰੁੱਧ ਭਾਰੀ ਰੋਸ ਪੈਦਾ ਹੋ ਗਿਆ। ਉਸ ਵਿਰੁੱਧ ਇੰਗਲੈਂਡ ਵਿਚ ਧਰਨੇ ਮੁਜ਼ਾਹਰੇ ਸ਼ੁਰੂ ਹੋ ਗਏ ਤੇ ਮਾਮਲਾ ਪਾਰਲੀਮੈਂਟ ਤੱਕ ਪੁੱਜ ਗਿਆ। ਲੋਕਾਂ ਨੇ ਕਿਹਾ ਕਿ ਇਕ ਪਾਸੇ ਤਾਂ ਇੰਗਲੈਂਡ ਸਰਕਾਰ ਦੂਸਰੇ ਦੇਸ਼ਾਂ ਨੂੰ ਇਸ ਨਾਅਰੇ ਨਾਲ ਗੁਲਾਮ ਬਣਾ ਰਹੀ ਹੈ ਕਿ ਅਸੀਂ ਕਰਾਈਸਟ ਦਾ ਝੰਡਾ ਦੁਨੀਆਂ ਭਰ 'ਤੇ ਲਹਿਰਾਉਣਾ ਹੈ ਅਤੇ ਸਾਡੇ ਪੁੱਤ ਪੋਤਰਿਆਂ ਨੂੰ ਜੰਗ ਦੀ ਭੱਠੀ ਵਿਚ ਝੋਕ ਰਹੀ ਹੈ, ਦੂਸਰੇ ਪਾਸੇ ਗੁਲਾਮ ਦੇਸ਼ਾਂ ਵਿਚ ਪ੍ਰਭੂ ਯਿਸੂ ਦੇ ਪ੍ਰਚਾਰ ਨੂੰ ਰੋਕਿਆ ਜਾ ਰਿਹਾ ਹੈ।

ਅੰਗਰੇਜ਼ ਸਰਕਾਰ ਦੇ ਇਸ ਰਵੱਈਏ ਦਾ ਕਈ ਹੋਰ ਈਸਾਈ ਦੇਸ਼ਾਂ ਵਿਚ ਵੀ ਵਿਰੋਧ ਸ਼ੁਰੂ ਹੋ ਗਿਆ ਤੇ ਕਾਫੀ ਜੱਦੋ ਜਹਿਦ ਤੋਂ ਬਾਅਦ ਹੀ ਇਸਾਈ ਮਿਸ਼ਨਰੀਆਂ ਨੂੰ ਭਾਰਤ ਵਿਚ ਦਾਖਲ ਹੋਣ ਦੀ ਆਗਿਆ ਮਿਲਣ ਲੱਗੀ। ਪਰ ਇਸ ਦੇ ਬਾਵਜੂਦ ਅੰਗਰੇਜ਼ ਸਰਕਾਰ ਨੇ ਮਿਸ਼ਨਰੀਆਂ ਤੇ ਕਈ ਪਾਬੰਦੀਆਂ ਲਾਈਆਂ ਹੋਈਆਂ ਸਨ, ਜਿਵੇਂ ਕਿ ਵਿਦੇਸ਼ੀ ਇਸਾਈ ਮਿਸ਼ਨਰੀ ਭਾਰਤ ਵਿਚ ਆਪਣੇ ਮਿਸ਼ਨ ਪ੍ਰਾਜੈਕਟਾਂ ਲਈ ਕੋਈ ਜਗ੍ਹਾ ਆਪਣੇ ਨਾਂ ਤੇ ਨਹੀਂ ਖਰੀਦ ਸਕਣਗੇ। ਇਹ ਪਾਬੰਦੀ 15 ਅਗਸਤ 1947 ਤੱਕ ਜਾਰੀ ਰਹੀ, ਜਿਸਦੇ ਨਤੀਜੇ ਬਹੁਤ ਭਿਆਨਕ ਨਿਕਲੇ। ਮਿਸ਼ਨਰੀਆਂ ਨੂੰ ਨਵੇਂ ਬਣੇ ਦੇਸੀ ਇਸਾਈਆਂ ਦੇ ਨਾਂ 'ਤੇ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਵਾਉਣੀਆਂ ਪਈਆਂ। ਇਨ੍ਹਾਂ ਨਵੇਂ ਬਣੇ ਦੇਸੀ ਇਸਾਈਆਂ ਵਿਚੋਂ ਕਈ ਬੇਈਮਾਨ ਨਿਕਲੇ ਤੇ ਉਨ੍ਹਾਂ ਨੇ ਕਾਨੂੰਨ ਦਾ ਫਾਇਦਾ ਉਠਾ ਕੇ ਇਹ ਜ਼ਮੀਨਾਂ ਹੜੱਪ ਲਈਆਂ। ਅੱਜ ਵੀ ਇਨ੍ਹਾਂ ਬੇਈਮਾਨ ਇਸਾਈਆਂ ਦੀ ਬੇਈਮਾਨ ਔਲਾਦ ਇਹਨਾਂ ਜ਼ਮੀਨਾਂ ਜਾਇਦਾਦਾਂ ਦਾ ਆਨੰਦ ਮਾਣ ਰਹੀ ਹੈ। ਅੰਗਰੇਜ਼ ਸਰਕਾਰ ਨੇ ਬਹੁਤ ਸਾਰੇ ਹਿੰਦੂ ਮੰਦਰਾਂ ਤੇ ਮਸਜਿਦਾਂ ਦੇ ਖਰਚ ਚਲਾਉਣ ਲਈ ਉਨ੍ਹਾਂ ਦੇ ਨਾਂ ਤੇ ਜਾਗੀਰਾਂ ਲੁਆਈਆਂ, ਉਨ੍ਹਾਂ ਨੂੰ ਗਰਾਂਟਾਂ ਦਿੱਤੀਆਂ ਗਈਆਂ ਸਨ ਪਰ ਫੌਜ ਦੇ ਚਰਚਾਂ ਨੂੰ ਛੱਡ ਕੇ ਕਿਸੇ ਹੋਰ ਚਰਚ ਦੇ ਨਾਂ ਤੇ ਕੋਈ ਜਗੀਰ ਨਹੀਂ ਲੁਆਈ ਗਈ। ਨਾ ਕਿਸੇ ਚਰਚ ਨੂੰ ਕੋਈ ਗਰਾਂਟ ਦਿੱਤੀ ਜਾਂਦੀ ਸੀ।

ਭਾਰਤ ਵਿਚ ਦੇਸੀ ਇਸਾਈਆਂ ਦੀ ਠੋਸ ਤੇ ਸੰਵੇਦਨਸ਼ੀਲ ਲੀਡਰਸ਼ਿਪ ਨਾ ਹੋਣ ਕਾਰਨ ਵਿਦੇਸ਼ੀ ਮਿਸ਼ਨਰੀਆਂ ਦੇ ਭਾਰਤ ਤੋਂ ਚਲੇ ਜਾਣ ਪਿੱਛੋਂ ਇਸਾਈਅਤ ਵਿਰੁੱਧ ਕੀਤੇ ਜਾ ਰਹੇ ਦੂਸ਼ ਪ੍ਰਚਾਰ ਨੂੰ ਰੋਕਣ ਲਈ ਕੋਈ ਠੋਸ ਕਦਮ ਨਾ ਕਦੇ ਪਹਿਲਾਂ ਕਿਸੇ ਨੇ ਚੁੱਕਿਆ, ਨਾ ਅੱਜ ਹੀ ਇਸ ਬਾਰੇ ਕੋਈ ਵਿਚਾਰ ਹੋ ਰਿਹਾ ਹੈ ਤੇ ਨਾ ਹੀ ਭਵਿੱਖ ਵਿਚ ਅਜਿਹੇ ਕਿਸੇ ਕਦਮ ਦੇ ਚੁੱਕੇ ਜਾਣ ਦੀ ਕੋਈ ਆਸ ਦਿਸਦੀ ਹੈ।

ਕਿੰਨੇ ਇਸਾਈਆਂ ਨੇ ਦੁੱਖ ਮਨਾਇਆ

ਅੱਜ ਤੋਂ ਤਿੰਨ ਸਾਲ ਪਹਿਲਾਂ ਵੈਟੀਕਨ ਤੋਂ ਅਤੀ ਸਤਿਕਾਰਿਤ ਪੋਪ ਸਾਹਿਬ ਨੇ ਐਲਾਨ ਕੀਤਾ ਸੀ ਕਿ ਇਸ ਸਮੇਂ ਅਸੀਂ ਇਸਾਈ ਸੰਸਾਰ ਦੀ ਸਭ ਤੋਂ ਵੱਡੀ ਆਬਾਦੀ ਨਹੀਂ ਕਹਿ ਗਏ। ਮੁਸਲਮਾਨ ਆਬਾਦੀ ਸੰਸਾਰ ਤੇ ਨੰਬਰ ਇਕ 'ਤੇ ਆ ਗਈ ਹੈ ਅਤੇ ਅਸੀਂ ਦੋ ਨੰਬਰ ਤੇ ਆ ਗਏ ਹਾਂ। ਕਿੰਨੇ ਇਸਾਈਆਂ ਨੇ ਇਸ ਗੱਲ ਦਾ ਦੁੱਖ ਮਹਿਸੂਸ ਕੀਤਾ ਕਿ ਅਸੀਂ ਸੰਸਾਰ ਵਿਚ ਅਬਾਦੀ ਦੇ ਪੱਖੋਂ 2 ਨੰਬਰ ਤੇ ਚਲੇ ਗਏ ਹਾਂ?

# ਚਾਰ ਦੇਸ਼ਾਂ ਦੇ 14 ਲੱਖ ਬੱਚੇ ਭੁੱਖਮਰੀ ਦੇ ਕੰਢੇ

**ਯੂ ਐਨ –** ਯੂ ਐਨ ਓ ਦੀ ਬੱਚਿਆਂ ਵਾਸਤੇ ਕੰਮ ਕਰਨ ਵਾਲੀ ਏਜੰਸੀ ਯੂਨੀਸੇਫ ਦਾ ਕਹਿਣਾ ਹੈ ਕਿ ਨਾਈਜੀਰੀਆ, ਸੋਮਾਲੀਆ, ਦੱਖਣੀ ਸੁਡਾਨ ਤੇ ਯਮਨ ਵਿੱਚ ਇਸ ਸਾਲ ਗੰਭੀਰ ਕੁਪੋਸ਼ਣ ਨਾਲ ਪੀੜਤ ਲਗਭਗ 14 ਲੱਖ ਬੱਚੇ ਭੁੱਖਮਰੀ ਦੇ ਕੰਢੇ ਉੱਤੇ ਹਨ। ਚਾਰ ਦੇਸ਼ਾਂ ਦੇ ਇਨ੍ਹਾਂ ਬੱਚਿਆਂ ਦੀ



ਮੌਤ ਹੋ ਸਕਦੀ ਹੈ। ਪਿਛਲੇ ਕਰੀਬ ਦੋ ਸਾਲਾਂ ਤੋਂ ਯੁੱਧ ਪੀੜਤ ਦੇਸ਼ ਯਮਨ ਵਿੱਚ 4,62,000 ਬੱਚੇ ਗੰਭੀਰ ਕੁਪੋਸ਼ਣ ਤੋਂ ਪੀੜਤ ਹਨ। ਪੂਰਬ ਉਤਰੀ ਨਾਈਜੀਰੀਆ ਵਿੱਚ 4,50,000 ਬੱਚੇ ਗੰਭੀਰ ਰੂਪ ਨਾਲ ਕੁਪੋਸ਼ਣ ਦੇ ਸ਼ਿਕਾਰ ਹਨ। ਅਕਾਲ ਪੈ ਜਾਣ ਦੀ ਚੇਤਾਵਨੀ ਜਾਰੀ ਕਰਨ ਵਾਲੇ ਫਿਊਜ਼ ਨੈਟ ਸਿਸਟਮ ਦਾ ਕਹਿਣਾ ਹੈ ਕਿ ਨਾਈਜੀਰੀਆ ਦੇ ਬੋਰਨੋ ਰਾਜ ਦੇ ਦੂਰ ਦੁਰਾਡੇ ਕੁਝ ਇਲਾਕੇ ਪਿਛਲੇ ਸਾਲ ਤੋਂ ਭੁੱਖਮਰੀ ਤੋਂ ਪ੍ਰਭਾਵਿਤ ਹਨ ਅਤੇ ਆਫਤ ਅੱਗੇ ਜਾਰੀ ਰਹਿਣ ਦੀ ਸ਼ੰਕਾ ਹੈ। ਯੂਨੀਸੇਫ ਦੀ ਏਜੰਸੀ ਨੇ ਕਿਹਾ ਕਿ ਸੋਕੇ ਨਾਲ ਸੋਮਾਲੀਆ ਦੇ 1,85,000 ਬੱਚੇ ਭੁੱਖਮਰੀ ਦੇ ਕੰਢੇ ਪਹੁੰਚ ਗਏ ਹਨ। ਅਗਲੇ ਕੁਝ ਮਹੀਨਿਆਂ ਵਿੱਚ ਇਹ ਅੰਕੜਾ ਵਧ ਕੇ 2,70,000 ਤੋਂ ਵੱਧ ਬੱਚੇ ਕੁਪੋਸ਼ਣ ਹੋਣਗੇ ਤੇ ਉਤਰ ਦੇ ਕੁਝ ਰਾਜਾਂ ਵਿੱਚ ਪਹਿਲਾਂ ਹੀ ਅਕਾਲ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਸ ਖੇਤਰ ਵਿੱਚ 20,000 ਬੱਚੇ ਹਨ।

# "ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ"

ਨਹੀਂ ਹੈ।' ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: "ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

ਵਾਹ!ਵਾਹ! ਰੇ ਅਬਲਾ ਨਾਰੀ,<br>
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।"

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਨ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

"ਮੋਹਨ ਕਿੰਝ ਬਣਦਾ ਤੂੰ ਸ਼ਾਇਰ,<br>
ਜੇ ਕਰ ਮੈਂ ਨਾ ਮਰਦੀ।"

ਪ੍ਰੋ: ਮੋਹਨ ਸਿੰਘ ਜੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

"ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।<br>
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।<br>
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।<br>
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਵੇ।"

ਵਾਰਿਸ ਸ਼ਾਹ ਪੰਜਾਬ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜ੍ਹੇ ਸ਼ਬਦਾਂ ਵਿਚ ਮਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਵੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:-

"ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।<br>
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।"<br>
ਉਠ ਦਰਦਬੰਦਾਂ ਦਿਆ ਦਰਦੀਆ, ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਂਹੀਓ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।

ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਜੀ ਨਹਿਰੂ ਦਾ ਕਥਨ ਹੈ ਕਿ "ਕਿਸੇ ਕੰਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।" ਅਰਸਤੂ ਕਹਿੰਦਾ ਹੈ, 'ਔਰਤ ਦੀ ਉਨਤੀ ਅਤੇ ਗਿਰਾਵਟ 'ਤੇ ਹੀ, ਰਾਸ਼ਟਰ ਦੀ ਉਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਨਿਰਸੰਦੇਹ ਜਿੱਥੇ ਨਾਰੀ ਦਾ ਉੱਚਾ ਸਥਾਨ ਹੈ, ਉਥੇ ਖੁਸ਼ੀਆਂ-ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, "ਸੰਦਲੀ ਪੌਣਾਂ ਝੁੱਲ-ਦੀਆਂ, ਜਿੱਥੇ ਨਾਰੀ ਦਾ ਸਨਮਾਨ।"

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ! ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ।

ਜਨਮ ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ। ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ।

ਇਸ ਲਈ ਔਰਤ ਦੀਆ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।

# ਵਿਗਿਆਨ, ਰਮਨ ਅਤੇ ਰਮਨ ਪ੍ਰਭਾਵ



ਸਤਨਾਮ ਸਿੰਘ ਕੈਂਥ (ਲੈਕਚਰਾਰ)
91-99880-47124

ਵਿਗਿਆਨ ਇੱਕ ਅਜਿਹਾ ਸਿਲਸਲੇਵਾਰ ਸਿਧਾਂਤਕ ਉਪਰਾਲਾ ਹੈ ਜਿਹੜਾ ਬ੍ਰਹਿਮੰਡ ਦੇ ਬਾਰੇ ਜਾਣਕਾਰੀ ਨੂੰ ਪਰਖਯੋਗ ਵਿਆਖਿਆਵਾਂ ਅਤੇ ਭਵਿੱਖਬਾਣੀਆਂ ਦੇ ਰੂਪ ਵਿੱਚ ਉਸਾਰਦਾ ਅਤੇ ਇਕੱਠਾ ਕਰਦਾ ਹੈ। ਆਧੁਨਿਕ ਸਮੇਂ ਵਿੱਚ ਵਿਗਿਆਨ ਨੂੰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੀ ਪ੍ਰਾਪਤੀ ਲਈ ਅਧਾਰਸ਼ਿਲਾ ਮੰਨਿਆ ਗਿਆ ਹੈ।ਵਿਗਿਆਨ ਕਿਸੇ ਭਰੋਸੇਯੋਗ ਜਾਣਕਾਰੀ ਦਾ ਅਜਿਹਾ ਪੁੰਜ ਆਖਿਆ ਜਾ ਸਕਦਾ ਹੈ, ਜੋ ਤਰਕਸ਼ੀਲ ਅਤੇ ਵਿਚਾਰਸ਼ੀਲ ਹੋਵੇ। ਉਪਰੋਂ ਵਾਚਿਆਂ ਤਾਂ ਭਾਵੇਂ ਵਿਗਿਆਨ ਇੱਕ ਛੋਟਾ ਜਿਹਾ ਵਰਤਾਰਾ ਜਾਪਦਾ ਹੈ ਪਰੰਤੂ ਇਸਦੀ ਡੂੰਘਾਈ ਤੇ ਵਿਸ਼ਾਲਤਾ ਦਾ ਅੰਦਾਜ਼ਾ ਇਸਦੀਆਂ ਅਨੇਕਾਂ ਸ਼ਾਖਾਵਾਂ ਤੋਂ ਲਗਾਇਆ ਜਾ ਸਕਦਾ ਹੈ। ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਧੁਨੀ ਵਿਗਿਆਨ ਵਰਗੀਆਂ ਅਨੇਕਾਂ ਹੀ ਸ਼ਾਖਾਵਾਂ ਨੇ ਵਿਗਿਆਨ ਦੇ ਖ਼ੇਤਰ ਨੂੰ ਪ੍ਰਫੁੱਲਤ ਤੇ ਪ੍ਰਸਾਰਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਅਰਿਸਟੋਟਲ, ਗੈਲੀਲਿਓ ਗੈਲਿਲੀ, ਚਾਰਲਸ ਡਾਰਵਿਨ, ਜਾਨ ਡਾਲਟਨ ਤੇ ਸੀ.ਵੀ.ਰਮਨ ਵਰਗੇ ਅਨੇਕਾਂ ਵਿਗਿਆਨੀਆਂ ਨੇ ਜਿੱਥੇ ਵਿਗਿਆਨ ਦੇ ਖ਼ੇਤਰ ਵਿੱਚ ਆਪਣਾ ਨਾਮ ਚਮਕਾਇਆ, ਉੱਥੇ ਹੀ ਵਿਗਿਆਨ ਦੇ ਘੇਰੇ ਨੂੰ ਅਪਾਰ ਵਿਸ਼ਾਲਤਾ ਵੀ ਬਖਸ਼ੀ ਹੈ।




**ਕੌਣ ਸੀ ਡਾ: ਸੀ.ਵੀ.ਰਮਨ?**

ਵਿਗਿਆਨ ਦੇ ਖ਼ੇਤਰ ਦਾ ਚਮਕਦਾ ਸਿਤਾਰਾ ਚੰਦਰਸ਼ੇਖਰ ਵੈਂਕਟ ਰਮਨ (ਸੀ.ਵੀ ਰਮਨ ) ਇੱਕ ਭਾਰਤੀ ਭੌਤਿਕ ਵਿਗਿਆਨੀ ਸੀ। ਇਸ ਮਹਾਨ ਤੇ ਅਮਰ ਹੀਰੇ ਦਾ ਜਨਮ 7 ਨਵੰਬਰ, 1888 ਨੂੰ ਤਾਮਿਲਨਾਡੂ ਵਿਚ ਤਿਰੂਚਰਾਪੱਲੀ ਦੇ ਨੇੜੇ ਤਿਰੂਵੇਮਾ ਕਵਲ ਪਿੰਡ ਵਿਚ ਹੋਇਆ। ਘਰੇਲੂ ਵਾਤਾਵਰਨ ਵਿਗਿਆਨ ਨਾਲ ਸਬੰਧਤ ਹੋਣ ਕਾਰਨ ਬਚਪਨ ਤੋਂ ਹੀ ਕਿਤਾਬਾਂ ਦੇ ਸ਼ੌਕੀ ਰਮਨ ਨੇ ਘਰ ਵਿੱਚ ਹੀ ਇੱਕ ਵੱਡੀ ਲਾਇਬ੍ਰੇਰੀ ਬਣਾ ਰੱਖੀ ਸੀ। ਆਪਣੀ ਸਖ਼ਤ ਮਿਹਨਤ ਅਤੇ ਤੇਜ਼ ਦਿਮਾਗ ਨਾਲ ਪਹਿਲਾਂ ਬੀ. ਏ. ਤੇ ਮਗਰੋਂ ਐਮ. ਏ. ਦੀ ਪ੍ਰੀਖਿਆ ਪਾਸ ਕੀਤੀ। ਸੰਨ 1907 ਵਿੱਚ ਆਪਣੀ ਅਣਥੱਕ ਮਿਹਨਤ ਨਾਲ ਸਿਵਲ ਸਰਵਿਸ ਦੀ ਪ੍ਰੀਖਿਆ ਪਹਿਲੇ ਦਰਜ਼ੇ ਵਿੱਚ ਪਾਸ ਕੀਤੀ। ਉਸਦੀ ਮਿਹਨਤ ਨੂੰ ਵੇਖਦਿਆਂ ਕਲਕੱਤਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਉਸ ਨੂੰ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਦੀ ਵਿਸ਼ੇਸ਼ ਚੇਅਰ 'ਤੇ ਪ੍ਰੋਫੈਸਰ ਨਿਯੁਕਤ ਕਰ ਦਿੱਤਾ। ਇਸ ਮਹਾਨ ਵਿਗਿਆਨੀ ਨੂੰ ਸਮੇਂ ਸਮੇਂ ਤੇ ਅਨੇਕਾਂ ਪੁਰਸਕਾਰਾਂ ਨਾਲ ਨਿਵਾਜ਼ਿਆ ਗਿਆ। 1924 ਵਿੱਚ ਆਪ ਨੂੰ ਰਾਇਲ ਸੋਸਾਇਟੀ ਦੀ ਫੈਲੋਸ਼ਿਪ ਵਿੱਚ ਚੁਣਿਆ ਗਿਆ ਅਤੇ ਸੰਨ 1929 ਵਿੱਚ ਨਾਈਟ ਬੈਚੁਲਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਸਤੋਂ ਇਲਾਵਾ 1930 ਵਿੱਚ ਨੋਬਲ ਪੁਰਸਕਾਰ, 1941 ਵਿੱਚ ਫਰੈਂਕਲਿਨ ਮੈਡਲ, 1954 ਵਿੱਚ ਭਾਰਤ ਦਾ ਸਰਵਉੱਚ ਸਨਮਾਨ ਭਾਰਤ ਰਤਨ, 1957 ਵਿੱਚ ਲੈਨਿਨ ਸ਼ਾਂਤੀ ਪੁਰਸਕਾਰ ਹਾਸਲ ਕਰਕੇ ਵਿਗਿਆਨ ਦੇ ਖ਼ੇਤਰ ਵਿੱਚ ਆਪਣੇ ਨਾਮ ਦੇ ਨਾਲ ਨਾਲ ਦੇਸ਼ ਦਾ ਨਾਮ ਵੀ ਰੋਸ਼ਨ ਕੀਤਾ। ਆਖ਼ਿਰ 21 ਨਵੰਬਰ 1970 ਨੂੰ ਇਹ ਮਹਾਨ ਵਿਗਿਆਨੀ ਦਿਲ ਦਾ ਦੌਰਾ ਪੈਣ ਕਾਰਨ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਜੋ ਕੀ ਵਿਗਿਆਨ ਦੇ ਖ਼ੇਤਰ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਸੀ।

**ਕੀ ਸੀ ਰਮਨ ਪ੍ਰਭਾਵ?**

ਸੀ.ਵੀ.ਰਮਨ ਇੱਕ ਅਜਿਹਾ ਮਹਾਨ ਵਿਅਕਤੀ ਸੀ ਜਿਸਨੇ ਆਪਣੀ ਅਣਥੱਕ ਮਿਹਨਤ ਨਾਲ ਵਿਗਿਆਨ ਦੇ ਖ਼ੇਤਰ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਪੁਰਸਕਾਰ (ਨੋਬਲ ਪੁਰਸਕਾਰ) ਹਾਸਲ ਕੀਤਾ। ਇਹ ਨੋਬਲ ਪੁਰਸਕਾਰ ਉਸਨੂੰ ਵਿਗਿਆਨ ਦੀ ਸ਼ਾਖਾ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਕੀਤੀ ਖੋਜ ਕਾਰਨ ਹਾਸਲ ਹੋਇਆ। ਉਸਦੀ ਇਸ ਖੋਜ ਨੂੰ "ਰਮਨ ਪ੍ਰਭਾਵ" ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਮਨ ਪ੍ਰਭਾਵ ਦੀ ਖੋਜ ਦਾ ਸਬੰਧ ਪ੍ਰਕਾਸ਼ ਦੇ ਖਿੰਡਣ ਨਾਲ ਸੀ। ਜਦੋਂ ਪਾਰਦਰਸ਼ੀ ਮਾਧਿਅਮ ਵਿਚੋਂ ਲੰਘਣ ਵਾਲੇ ਪ੍ਰਕਾਸ਼ ਦਾ ਉਸ ਰਾਹੀਂ ਖਿੰਡਾਅ ਹੁੰਦਾ ਹੈ ਤਾਂ ਉਸ ਦੀ ਆਵ੍ਰਿਤੀ ਉਦੋਂ ਵੀ ਬਦਲ ਜਾਂਦੀ ਹੈ। ਇਸੇ ਵਰਤਾਰੇ ਨੂੰ ਰਮਨ ਪ੍ਰਭਾਵ ਆਖਿਆ ਜਾਂਦਾ ਹੈ। ਇਹੀ ਖੋਜ ਅੱਗੇ ਜਾ ਕੇ ਪ੍ਰਕਾਸ਼ ਦੇ ਕੁਆਂਟਮ ਸੁਭਾਅ ਦਾ ਆਧਾਰ ਬਣੀ। ਇਸ ਮਹਾਨ ਵਿਗਿਆਨੀ ਨੇ ਰਮਨ ਪ੍ਰਭਾਵ ਖੋਜਣ ਦਾ ਐਲਾਨ 28 ਫਰਵਰੀ 1928 ਨੂੰ ਕੀਤਾ। ਇਸ ਲਈ ਇਹ ਦਿਨ ਵਿਗਿਆਨ ਦਿਵਸ ਵਜੋਂ 28 ਫਰਵਰੀ ਨੂੰ ਸਾਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ।



**ਕਿੰਝ ਖੋਜਿਆ ਗਿਆ ਰਮਨ ਪ੍ਰਭਾਵ?**

ਡਾ: ਰਮਨ ਨੂੰ ਇਸ ਖੋਜ ਦਾ ਫੁਰਨਾ ਉਸ ਸਮੇਂ ਫੁਰਿਆ ਜਦੋਂ ਸਮੁੰਦਰੀ ਜਹਾਜ਼ ਦੇ ਡੈਕ 'ਤੇ ਬੈਠਿਆ, ਉਹ ਪਾਣੀ ਦੇ ਨੀਲੇ ਰੰਗ ਬਾਰੇ ਸੋਚਣ ਲੱਗਾ, ਜਿਹੜਾ ਬੰਗਾਲ ਦੀ ਖਾੜੀ 'ਚ ਸਫੈਦ ਰੰਗ ਦਾ ਦਿਖਾਈ ਦਿੰਦਾ ਸੀ।

ਜਦੋਂ ਸੰਨ 1927 'ਚ ਆਰਥਰ ਹੋਲੀ ਕਾਂਪਟਨ ਨੂੰ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਮਿਲਿਆ ਤਾਂ ਡਾ: ਸ੍ਰੀ ਨਿਵਾਸ ਕ੍ਰਿਸ਼ਨਨ, ਇਹ ਖ਼ਬਰ ਦੱਸਣ ਲਈ ਰਮਨ ਕੋਲ ਭੱਜਾ ਗਿਆ ਸੀ। ਰਮਨ ਉਸ ਸਮੇਂ ਪ੍ਰਯੋਗਸ਼ਾਲਾ ਵਿਚ ਸੀ। ਕਾਂਪਟਨ ਨੂੰ ਮਿਲੇ ਨੋਬਲ ਪੁਰਸਕਾਰ ਦੀ ਖ਼ਬਰ ਸੁਣ ਕੇ ਰਮਨ ਨੇ ਕਿਹਾ, 'ਕ੍ਰਿਸ਼ਨਨ ਜਦੋਂ 'ਕਾਂਪਟਨ ਪ੍ਰਭਾਵ' ਐਕਸ ਕਿਰਨਾਂ ਨਾਲ ਹੋ ਸਕਦਾ ਹੈ ਤਾਂ ਪ੍ਰਕਾਸ਼ ਕਿਰਨਾਂ ਨਾਲ ਵੀ ਸੰਭਵ ਹੋਣਾ ਚਾਹੀਦਾ ਹੈ।' ਉਨ੍ਹੀਂ ਦਿਨੀਂ ਸ੍ਰੀ ਨਿਵਾਸ ਕ੍ਰਿਸ਼ਨਨ ਡਾ: ਰਮਨ ਨਾਲ ਪ੍ਰਕਾਸ਼ ਕਿਰਨਾਂ ਦੇ ਦ੍ਰਵ ਮਾਧਿਅਮ 'ਤੇ ਖਿੰਡਣ ਦਾ ਖੋਜ ਕਾਰਜ ਕਰ ਰਹੇ ਸਨ। ਕਾਂਪਟਨ ਦਾ ਮੱਤ ਸੀ ਕਿ ਜਦੋਂ ਐਕਸ ਕਿਰਨਾਂ ਪਦਾਰਥ 'ਚ ਮੌਜੂਦ ਇਲੈਕਟ੍ਰਾਨਾਂ ਤੋਂ ਖਿੰਡਦੀਆਂ ਹਨ ਤਾਂ ਉਨ੍ਹਾਂ ਦੀ ਆਵ੍ਰਿਤੀ ਤਬਦੀਲ ਹੋ ਜਾਂਦੀ ਸੀ।

ਇਹੀ 'ਕਾਂਪਟਨ ਪ੍ਰਭਾਵ' ਸੀ। ਆਖਰਕਾਰ ਡਾ: ਰਮਨ ਨੇ ਸ੍ਰੀ ਨਿਵਾਸ ਕ੍ਰਿਸ਼ਨਨ ਦੇ ਸਹਿਯੋਗ ਨਾਲ ਇਹ ਤੱਥ ਖੋਜ ਹੀ ਲਿਆ ਸੀ ਕਿ ਜਦੋਂ ਪਾਰਦਰਸ਼ੀ ਮਾਧਿਅਮ ਵਿਚੋਂ ਲੰਘਣ ਵਾਲੇ ਪ੍ਰਕਾਸ਼ ਦਾ ਉਸ ਰਾਹੀਂ ਖਿੰਡਾਅ ਹੁੰਦਾ ਹੈ, ਉਸ ਦੀ ਆਵ੍ਰਿਤੀ ਉਦੋਂ ਵੀ ਬਦਲ ਜਾਂਦੀ ਹੈ। ਇਸੇ ਵਰਤਾਰੇ ਦਾ ਨਾਂਅ 'ਰਮਨ ਪ੍ਰਭਾਵ' ਹੈ।

ਸਮਾਂ ਪਾ ਕੇ ਰਮਨ ਪ੍ਰਭਾਵ ਨੇ ਇੱਕ ਨਵੀਂ ਮੱਦ ਰਮਨ ਸਪੈਕਟਰੋਸਕੋਪੀ ਨੂੰ ਜਨਮ ਦਿੱਤਾ ਜਿਹੜੀ ਕਿ ਵਿਗਿਆਨਕ ਖੋਜਾਂ ਅਤੇ ਮੈਡੀਕਲ ਸਾਇੰਸ ਵਿੱਚ ਖਾਸ ਤੌਰ ਤੇ ਸਹਾਇਕ ਹੈ । ਰਮਨ ਪ੍ਰਭਾਵ ਜਿੱਥੇ ਵੱਖ-ਵੱਖ ਖੋਜ਼ਾਂ ਲਈ ਤਾਂ ਮੱਦਦਗਾਰ ਹੈ ਹੀ, ਉਸ ਤੋਂ ਬਿਨਾਂ ਇਸ ਦੀ ਵਰਤੋਂ ਡੀ.ਐਨ.ਏ. ਦੀ ਖੋਜ਼ ਲਈ ਵੀ ਕੀਤੀ ਗਈ।

ਇਸ ਦੀ ਵਰਤੋਂ ਨਾਲ਼ ਕੈਂਸਰ ਸੈਲਾਂ ਦੀ ਵੀ ਪਛਾਣ ਕੀਤੀ ਗਈ। ਸਿਰ ਉੱਤੇ ਛੋਟੀ ਜਿਹੀ ਪੱਗੜੀ ਬੰਨ੍ਹਣ ਵਾਲੇ ਤੇ ਨਿੱਕੇ ਜਿਹੇ ਕੱਦ ਵਾਲੇ ਵਿਗਿਆਨੀ ਦੇ ਰਮਨ ਪ੍ਰਭਾਵ ਸਦਕਾ ਅੱਜ ਅਨੇਕਾਂ ਹੀ ਨਵੀਆਂ ਪੁਲਾਂਘਾ ਵਿਗਿਆਨ ਦੇ ਖੇਤਰ ਵਿੱਚ ਪੁੱਟੀਆਂ ਜਾ ਰਹੀਆਂ ਹਨ।

# 'ਲੋਕ ਰਾਜ ਦਾ ਆਨੰਦ'

ਜੀ. ਐਸ. ਤੂਰ
ਐਡਮੰਟਨ ਕੈਨੇਡਾ

ਸਾਡੇ ਪਿਆਰੇ ਵਤਨ ਭਾਰਤ ਦੀ ਡੈਮੋਕ੍ਰੇਸੀ ਦਾ ਨਾਮ ਪੂਰੀ ਦੁਨੀਆ ਵਿੱਚ ਸ਼ਲਾਘਾਯੋਗ ਰਿਹਾ। ਪਰ ਹੋਲੀ ਹੋਲੀ ਅਖੌਤੀ ਲੀਡਰਾਂ ਵਲੋਂ ਕੁਰਸੀ ਦਾ ਲਾਲਚ ਅਤੇ ਨਿੱਜੀ ਸਵਾਰਥ ਨੂੰ ਅੱਗੇ ਰੱਖ ਕੇ ਲੋਕ ਰਾਜ ਨੂੰ ਡਾਂਗੋਕਰੇਸੀ ਵਿੱਚ ਤਬਦੀਲ ਕਰ ਦਿੱਤਾ ਹੈ। ਧੱਕੇਸ਼ਾਹੀ ਅਤੇ ਰਿਸ਼ਵਤਖੋਰੀ ਦਾ ਮਾਹੌਲ ਬਣਾ ਕੇ ਜਨਤਾ ਨੂੰ ਭੰਬਲ ਭੂਸੇ ਵਿੱਚ ਪਾ ਕੇ ਮੰਗਤੇ ਅਤੇ ਘਸਿਆਰੇ ਹੀ ਬਣਾ ਦਿੱਤਾ ਹੈ।

ਪੰਜਾਬ ਦਾ ਨੌਜਵਾਨ ਵਰਗ ਮਜਬੂਰੀ ਵਸ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਲੱਗਾ। ਤਰੱਕੀ ਦੇ ਮੌਕੇ ਅਤੇ ਮਜ਼ਬੂਤ ਸਿਸਟਮ ਵਿੱਚ ਸਹੀ ਲੋਕਰਾਜ ਦਾ ਆਨੰਦ ਲੈਣ ਲੱਗੇ ਤਾਂ ਪੰਜਾਬ ਦਾ ਦਰਦ ਅਤੇ ਆਪਣੀ ਮਿੱਟੀ ਦੀ ਖੁਸ਼ਬੂ ਸਾਂਭੀ ਬੈਠੇ ਪਰਵਾਸੀਆਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਇਹ ਸਿਸਟਮ ਪੰਜਾਬ ਵਿੱਚ ਵੀ ਹੋ ਸਕਦਾ ਹੈ।

ਕੈਨੇਡਾ ਵਿੱਚ ਆ ਕੇ ਮਾਨਯੋਗ ਫੂਲਕਾ ਸਾਹਿਬ ਜੀ ਨੇ ਨਾਹਰਾ ਦਿੱਤਾ ਸੀ 'ਕੈਨੇਡਾ ਵਰਗਾ ਪੰਜਾਬ। ਪਰ ਇੱਕ ਉਦਾਹਰਣ ਨਵਾਂ ਸ਼ਹਿਰ ਜ਼ਿਲ੍ਹੇ ਵੀ ਸੁਰਖ਼ੀਆਂ ਵਿੱਚ ਰਹੀ ਜਿਸ ਤਹਿਤ ਇੱਕ ਤਜਰਬੇਕਾਰ ਅਤੇ ਨਿਵੇਕਲੀ ਸੋਚ ਰੱਖਣ ਵਾਲੇ ਡੀ.ਸੀ ਨੇ 2 ਸਾਲ ਦੇ ਸਮੇਂ ਵਿੱਚ ਵਿਦੇਸ਼ਾਂ ਵਰਗਾ ਸਿਸਟਮ ਪੈਦਾ ਕਰ ਦਿੱਤਾ ਸੀ।ਜਨਤਾ ਕਹਿਣ ਲੱਗ ਪਈ ਕਿ ਜੇਕਰ ਇਸ ਤਰ੍ਹਾਂ ਦੇ ਡੀ.ਸੀ ਹੋਣ ਤਾਂ ਐਮ.ਐਲ.ਏ ਕੋਲ ਜਾਣ ਦੀ ਲੋੜ ਹੀ ਕੀ ਹੈ ਤਾਂ ਸਿਆਸੀ ਲੀਡਰਾਂ ਨੇ ਉਸਦੀ ਬਦਲੀ ਦਿੱਲੀ ਕਰਵਾ ਕੇ ਹੀ ਸਾਹ ਲਿਆ ਕਿਉਂਕਿ ਸਿਆਸੀ ਲੀਡਰ ਸਿਸਟਮ ਨੂੰ ਮਜ਼ਬੂਤ ਕਰਨਾ ਹੀ ਨਹੀਂ ਚਾਹੁੰਦੇ।

ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੇਵਲ ਜਿੱਤ ਅਤੇ ਸਿਰ ਦੇ ਤਾਜ ਤੱਕ ਹੀ ਗੱਲ ਸੀਮਤ ਨਹੀਂ। ਐਨ.ਆਰ.ਆਈਜ ਦੀਆਂ ਦਿਲੀ ਇੱਛਾਵਾਂ ਨੂੰ ਵੀ ਲਾਗੂ ਕੀਤਾ ਜਾਵੇ। ਜਿਸ ਲਈ ਕੁੱਝ ਸੁਝਾਓ ਸਤਿਕਾਰਯੋਗ ਲੀਡਰਾਂ ਨੂੰ ਵਿਚਾਰਨੇ ਚਾਹੀਦੇ ਹਨ।

ਸਭ ਤੋਂ ਪਹਿਲਾਂ ਮੈਨੀਫੈਸਟੋ ਦਾ ਵਿਸ਼ਵਾਸ ਜਨਤਾ ਵਿੱਚ ਕਿਵੇਂ ਬਣਾਇਆ ਜਾਵੇ। ਇੱਕ ਰੰਗਦਾਰ ਕਿਤਾਬਚਾ ਤਿਆਰ ਕਰਵਾਇਆ ਜਾਵੇ। ਜਿਸ ਵਿੱਚ ਤਰਤੀਬ ਵਾਰ ਮੈਨੀਫੈਸਟੋ ਦਰਜ ਹੋਵੇ ਤੇ ਉਹ ਕਿਤਾਬਚਾ ਹਰ ਲੀਡਰ ਦੇ ਹਰ ਸਮੇਂ ਪਾਸ ਹੋਵੇ। ਭਾਸ਼ਣ ਤੋਂ ਪਹਿਲਾਂ ਕੀਤੇ ਕਾਰਜਾਂ ਦਾ ਵੇਰਵਾ ਉਸ ਦਸਤਾਵੇਜ਼ ਵਿੱਚੋਂ ਦੱਸਿਆ ਜਾਵੇ ਅਤੇ ਬਾਅਦ ਵਿੱਚ ਆਪਣਾ ਭਾਸਣ ਸ਼ੁਰੂ ਕੀਤਾ ਜਾਵੇ। ਇਸ ਨਾਲ ਮੈਨੀਫੈਸਟੋ ਵਿੱਚ ਵਿਸ਼ਵਾਸ, ਤਸੱਲੀ ਤੇ ਸਤਿਕਾਰ ਵਧੇਗਾ।ਫਲਸਰੂਪ ਇਸ ਪ੍ਰਕਾਰ ਦੇ ਉਸਾਰੂ ਕਦਮ ਦੀ ਪੂਰੀ ਦੁਨੀਆ ਵਿੱਚ ਚਰਚਾ ਹੋਵੇਗੀ।

ਭਾਈ ਘਨਈਆ ਮਿਸ਼ਨ ਤਹਿਤ ਪੰਜਾਬ ਦੇ ਕਈ ਐਨ. ਆਰ. ਆਈ. ਨੇ ਪੰਜਾਬ ਵਿੱਚ ਚੈਰਿਟੀ ਦੇ ਕੰਮ ਸ਼ੁਰੂ ਕੀਤੇ ਹੋਏ ਹਨ। ਉਹਨਾਂ ਅਦਾਰਿਆਂ ਤੋਂ ਲਗਾਤਾਰ ਰਿਸ਼ਵਤ ਮੰਗ ਕੇ ਨਿਰ-ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਬਹੁਤ ਐਨ. ਆਰ. ਆਈਜ ਹਨ ਜੋ ਆਪਣੇ ਆਪਣੇ ਪਿੰਡਾਂ ਅੰਦਰ ਖਾਸਕਰ ਸਿਖਿਆ ਅਤੇ ਮੈਡੀਕਲ ਦੇ ਖੇਤਰ ਵਿੱਚ ਚੈਰਿਟੀ ਦੇ ਕਾਰਜ ਸ਼ੁਰੂ ਕਰਨਾ ਚਾਹੁੰਦੇ ਹਨ। ਇਹਨਾਂ ਪ੍ਰਾਜੈਕਟਾਂ ਲਈ ਪਿੰਡਾਂ ਅੰਦਰ ਪਈਆਂ ਪੰਚਾਇਤੀ ਜਮੀਨਾਂ ਦਿੱਤੀਆਂ ਜਾਣ। ਉਸ ਜਮੀਨ ਨੂੰ ਠੇਕੇ ਜਾਂ 99 ਸਾਲਾ ਲੀਜ ਤੇ ਦਿੱਤਾ ਜਾ ਸਕਦਾ ਹੈ। ਉਸ ਪ੍ਰਾਜੈਕਟ ਦਾ ਹੈਡ ਜ਼ਿਲ੍ਹੇ ਦਾ ਡੀ.ਸੀ ਹੋਵੇ ਤਾਂ ਕਿ ਬੇਲੋੜੀ ਸਿਆਸੀ ਦਖਲ ਅੰਦਾਜੀ ਖਤਮ ਹੋਵੇ ਤੇ ਅਫਸਰ ਵੀ ਬੇ-ਖੌਫ ਹੋ ਕੇ ਆਪਣੀ ਕਾਬਲੀਅਤ ਲੋਕਹਿੱਤ ਕਾਰਜਾਂ ਲਈ ਵਰਤ ਸਕਣ।ਇਸ ਉਪਰਾਲੇ ਨਾਲ ਉਪਰੋਕਤ ਮਿਸ਼ਨ ਦਾ ਮਾਣ ਸਤਿਕਾਰ ਪੂਰੀ ਦੁਨੀਆ ਵਿੱਚ ਵਧੇਗਾ। ਫਲਸਰੂਪ ਐਨ. ਆਰ. ਆਈਜ ਦਾ ਵੱਡਮੁਲਾ ਸਹਿਯੋਗ ਵੀ ਪ੍ਰਾਪਤ ਹੋਵੇਗਾ।ਇਸ ਪ੍ਰਕਾਰ ਦੇ ਪ੍ਰੋਜੈਕਟਾਂ ਨਾਲ ਬੇਰੁਜਗਾਰੀ ਦੂਰ ਹੋਵੇਗੀ।

# ਜੇਤੂ ਬਣਨ ਲਈ ਵਕਾਰਮਈ ਢੰਗ ਨਾਲ ਹਾਰਨਾ ਸਿੱਖੋ



ਨਵਜੋਤ ਬਜਾਜ ਗੱਗੂ
91-98721-02614

ਅੱਜ ਹਰ ਪਾਸੇ ਮੁਕਾਬਲੇਬਾਜ਼ੀ ਤੇ ਦੌੜ ਦਾ ਬੋਲਬਾਲਾ ਹੈ। ਮੁਕਾਬਲਾ ਤੇ ਦੌੜ ਇੱਕ ਸਿੱਕੇ ਦੇ ਦੋ ਪਹਿਲੂ ਹਨ। ਇਨਸਾਨ ਸਭ ਕੁਝ ਸਹਿਜੇ ਹੀ ਮਿਹਨਤ ਨਾਲ ਪ੍ਰਾਪਤ ਕਰ ਲੈਂਦਾ ਹੈ ਪਰ ਇਹਨਾਂ ਦੋ ਗੱਲਾ ਦਾ ਸਾਕ ਨਹੀਂ ਛੱਡਦਾ। ਕਿਸਮਤ ਹਮੇਸ਼ਾ ਬਹਾਦਰਾ ਦਾ ਸਾਥ ਦਿੰਦੀ ਹੈ ਪਰ ਇਨਾਮ ਹਮੇਸ਼ਾ ਜੇਤੂਆਂ ਨੂੰ ਮਿਲਦੇ ਹਨ। ਫਿਰ ਵੀ ਅਫਸੋਸ ਵਾਲੀ ਤੇ ਵਿਲੱਖਣ ਗੱਲ ਹੈ ਕਿ ਲੋਕਾਂ ਨੂੰ ਮਰਿਆਦਾ ਪੂਰਨ ਢੰਗ ਨਾਲ ਹਾਰਨਾ ਵੀ ਨਹੀਂ ਆਉਂਦਾ।

ਕਿਸੇ ਮੈਚ ਤੋਂ ਬਾਅਦ ਹਾਰੇ ਹੋਏ ਲੋਕ ਮੈਦਾਨ 'ਚ ਹੁੜਦੰਗ ਮਚਾਉਂਦੇ ਹਨ, ਹਾਰੇ ਹੋਏ ਸਿਆਸਤ ਦਾਨ ਆਪਣੇ ਜੇਤੂ ਵਿਰੋਧੀਆਂ ਬਾਰੇ ਪੁੱਠੀਆ-ਸਿੱਧੀਆ ਗੱਲਾ ਕਰਦੇ ਹਨ, ਬੱਚੇ ਹਾਰਨ ਉੱਤੇ ਗਾਲ਼ੀ ਗਲੋਚ ਕਰਦੇ ਹਨ ਅਤੇ ਵੱਡੇ ਨਾਸਾਂ ਫਲਾਉਦੇ ਹਨ।

ਇਹਨਾਂ 'ਚ ਇਸ ਭੇਤ ਨੂੰ ਕੋਈ ਨਹੀਂ ਜਾਣਦਾ ਕਿ ਹਾਰ ਨੂੰ ਵਿਕਾਰ ਮਈ ਢੰਗ ਨਾਲ ਕਿਵੇਂ ਕਬੂਲਣਾ ਹੈ। ਸਾਨੂੰ ਪਤਾ ਨਹੀਂ ਜ਼ਿੰਦਗੀ ਵਿੱਚ ਕਿੰਨੀ ਵਾਰ ਹਾਰ ਦਾ ਮੂੰਹ ਵੇਖਣਾ ਪੈਦਾ ਹੈ। ਸਿਰਫ਼ ਖੇਡਾਂ ਤੇ ਹੋਰ ਮੁਕਾਬਲਿਆਂ 'ਚ ਅਸੀਂ ਨਹੀਂ ਹਾਰਦੇ ਸਗੋਂ ਆਪਣੇ ਘਰਾਂ 'ਚ ਆਪਣੇ ਪਿਆਰੇ ਮੈਂਬਰਾਂ ਦੀ ਮੌਤ,ਜਵਾਨੀ ਅਤੇ ਸੁੰਦਰਤਾ ਦਾ ਸਮੇਂ ਬਾਅਦ ਗਾਇਬ ਹੋ ਜਾਣਾ, ਇੱਥੋਂ ਤੱਕ ਕਿ ਸਾਡੇ ਕੁਝ ਸੁਪਨਿਆਂ ਦੀ ਮੌਤ ਆਦਿ ਆਮ ਗੱਲਾਂ ਹਨ। ਜਿਵੇਂ ਮੈ ਖੁਦ ਭਿਆਨਕ ਰੋੜ ਦੁਰਘਟਨਾ ਵਿੱਚ ਆਪਣੇ ਪਾਪਾ ਨੂੰ ਖੋਇਆ ਤੇ ਮੈ ਖੁਦ ਚੂਲਾ ਟੁੱਟ ਜਾਣ ਕਾਰਨ ਲਗਭਗ ਇੱਕ ਸਾਲ ਇਲਾਜ ਅਧੀਨ ਮੰਜੇ ਤੇ ਲੇਟਿਆ ਰਿਹਾ। ਉਸ ਵਕਤ ਮੇਰੀ ਜ਼ਿੰਦਗੀ ਇੱਕ ਦਮ ਵਿਰਾਨ ਬਣ ਗਈ। ਮੁਕਾਬਲੇਬਾਜ਼ੀ ਤੇ ਦੌੜ ਪਤਾ ਨਹੀਂ ਕਿੱਧਰ ਚਲੀ ਗਈ। ਬੱਸ ਮਾਂ, ਪਤਨੀ ਤੇ ਭਰਾ ਦੇ ਪਿਆਰ ਨਾਲ ਮੇਰੇ ਅੱਲੇ ਜ਼ਖਮ ਹੌਲੀ-ਹੌਲੀ ਭਰੇ। ਪਰ ਪਾਪਾ ਦਾ ਵਿਛੋੜਾ ਅੱਜ ਵੀ ਝੰਜੋੜ ਕੇ ਰੱਖ ਦਿੰਦਾ ਹੈ।

ਜਿੰਨੀ ਛੇਤੀ ਅਸੀਂ ਇਹ ਸਿੱਖ ਲੈਂਦੇ ਹਾਂ ਕਿ ਕੁਝ ਹੱਥੋਂ ਖੁਸ ਜਾਣ ਦੀ ਸਥਿਤੀ ਦਾ ਸਾਹਮਣਾ ਕਿਵੇਂ ਕਰਨਾ ਹੈ ਅਤੇ ਅਸੀਂ ਨੁਕਸਾਨ ਤੋਂ ਜਿੰਨੀ ਛੇਤੀ ਸਿੱਖਿਆ ਹਾਸਲ ਕਰਦੇ ਹਾਂ, ਉੱਨੀ ਹੀ ਛੇਤੀ ਸਾਡੀ ਜ਼ਿੰਦਗੀ 'ਚ ਜ਼ਿਆਦਾ ਖੁਸ਼ੀ ਆਉਂਦੀ ਹੈ। ਸਾਨੂੰ ਸਬਕ ਸਿੱਖਣ ਦੀ ਲੋੜ ਹੈ ਕਿ ਆਪਣੇ ਹੱਥੋਂ ਕਿਸੇ ਵੀ ਚੀਜ਼ ਨੂੰ ਕਿਵੇਂ ਨਿਕਲਣ ਦੇਣਾ ਹੈ। ਜਦੋਂ ਅਸੀਂ ਛੋਟੇ ਹੁੰਦੇ ਹਾਂ ਤਾਂ ਸਾਡੇ ਪਹਿਲੇ ਸ਼ਬਦ 'ਨਹੀ' ਅਤੇ 'ਮੇਰਾ' ਹੀ ਹੁੰਦੇ ਹਨ ਸਿਰਫ਼ ਵੱਡੇ ਹੋਣ ਤੇ ਹੀ ਅਸੀਂ ਚੀਜ਼ ਅਤੇ ਵਿਅਕਤੀਆਂ ਨਾਲ ਲਗਾਅ ਤੋਂ ਮੁਕਤ ਹੋਣਾ ਸਿੱਖਦੇ ਹਾਂ ਅਤੇ ਸਾਨੂੰ ਪਤਾ ਲੱਗਦਾ ਹੈ ਕਿ ਕਿਵੇਂ ਆਪਣੇ ਹੱਥੋਂ ਕੁਝ ਦੇਣਾ ਹੈ।

ਆਪਣੇ ਸੋਚਣ ਦੇ ਢੰਗ ਤਰੀਕੇ 'ਚ ਵੀ ਅਸੀਂ ਜ਼ਿਆਦਾ ਸੁਆਰਥ ਮੁਕਤ ਬਣ ਜਾਂਦੇ ਹਾਂ। ਵਿਕਾਰ ਮਈ ਢੰਗ ਨਾਲ ਕੁਝ ਗਵਾਉਣ ਦੀ ਇਹ ਯੋਗਤਾ ਸਾਨੂੰ ਨਾ ਸਿਰਫ਼ ਦਿਲ ਦੇ ਦੌਰੇ ਦੇ ਖ਼ਤਰੇ ਤੋਂ ਬਚਾਉਂਦੀ ਹੈ ਸਗੋਂ ਸਾਡੀ ਉਦਾਰਤਾ ਤੇ ਖੁਸ਼ੀ 'ਚ ਵੀ ਵਾਧਾ ਕਰਦੀ ਹੈ। ਅਜਿਹਾ ਰਵੱਈਆ ਹਾਰ ਜਿੱਤ ਦੇ ਸਮੀਕਰਨ ਨੂੰ 'ਜਿੱਤ ਬਨਾਮ ਜਿੱਤ' ਦੇ ਸਮੀਕਰਨ ਵਿੱਚ ਬਦਲ ਦਿੰਦਾ ਹੈ।

ਸਾਰੀਆਂ ਪ੍ਰਤੀਯੋਗੀ ਸਥਿਤੀਆ 'ਚ ਇੱਕ ਆਦਮੀ ਨੇ ਤਾਂ ਹਾਰਨਾ ਹੀ ਹੁੰਦਾ ਹੈ। ਅਜਿਹੀ ਹਾਰ ਤੁਹਾਡੇ ਸਵੈ-ਮਾਣ, ਸਵੈ-ਵਿਸ਼ਵਾਸ਼ ਨੂੰ ਠੇਸ ਪਹੁੰਚਾਉਦੀ ਹੈ, ਜਿਸ ਨਾਲ ਤੁਸੀਂ ਕਾਫੀ ਨਿਰਾਸ਼ਾ ਤੇ ਕੁੜੱਤਣ ਮਹਿਸੂਸ ਕਰਦੇ ਹੋ। ਪਰ ਜ਼ਿੰਦਗੀ ਦੇ ਕਿਸੇ ਵੀ ਤਜਰਬੇ ਨੂੰ ਹਮੇਸ਼ਾ ਲਈ ਨਾਂਹ ਪੱਖੀ ਭਾਵਨਾਵਾਂ ਨਾਲ ਲੈ ਕੇ ਵਿਦਾ ਨਹੀਂ ਹੋਣਾ ਚਾਹੀਦਾ। ਹਰੇਕ ਸਥਿਤੀ ਚੋ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰੋ। ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇ ਬਾਜੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ- ਇਹਨਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ।

ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ ਚੋ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਆਪਣੇ ਨੇੜਲਿਆਂ ਨਾਲ ਗੱਲਬਾਤ ਕਰੋ ਤੇ ਇਸ ਤੱਥ ਨੂੰ ਕਬੂਲ ਕਰੋ ਕਿ ਤੁਸੀਂ ਕਿੰਨੇ ਨਿਰਾਸ਼ ਹੋ। ਇਸ ਨਾਲ ਦੂਜੇ ਲੋਕਾਂ ਨੂੰ ਇਹ ਸੰਦੇਸ਼ ਜਾਵੇਗਾ ਕਿ ਤੁਸੀਂ ਵੀ ਆਮ ਇਨਸਾਨ ਹੋ, ਜਿਸ ਨੂੰ ਵੀ ਨਿਰਾਸ਼ਾ ਹੁੰਦੀ ਹੈ।

ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹ ਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ। ਆਲੋਚਨਾ ਤੇ ਫੌਰਨ ਪ੍ਰਤੀਕਿਰਿਆ ਜ਼ਾਹਿਰ ਨਾ ਕਰੋ, ਕੁੱਝ ਦੇਰ ਲਈ ਉੱਠ ਕੇ ਚਲੇ ਜਾਉ ਤੇ ਹਰ ਗੱਲ ਬਾਰੇ ਸੋਚੋ।

ਬੇਸ਼ੱਕ ਆਲੋਚਨਾ ਤਿੱਖੀ ਜਾਂ ਕੌੜੀ ਕਿਉਂ ਨਾ ਹੋਵੇ, ਤਾਂ ਵੀ ਆਪਣੀਆਂ ਕਮੀਆਂ ਤੇ ਕਾਬੂ ਪਾਉਣ ਦਾ ਇਹ ਸਭ ਤੋਂ ਸੌਖਾ ਤਰੀਕਾ ਹੋਵੇਗਾ। ਕਿਸੇ ਵੀ ਹਾਰ ਤੇ ਗੁੱਸੇ 'ਚ ਆਉਣਾ, ਪ੍ਰੇਸ਼ਾਨ ਹੋਣਾ ਜਾਂ ਨਿਰਾਸ਼ਾ ਹੋਣਾ ਕੁਦਰਤੀ ਗੱਲਾਂ ਹਨ ਪਰ ਆਪੇ ਤੋਂ ਬਾਹਰ ਹੋ ਕੇ ਹੰਗਾਮਾ ਖੜ੍ਹਾ ਕਰਨਾ ਸੁਭਾਵਿਕ ਪ੍ਰਤੀਕਿਰਿਆ ਨਹੀਂ ਹੁੰਦੀ। ਜੇ ਤੁਸੀਂ ਜੇਤੂ ਬਣਨਾ ਚਾਹੁੰਦੇ ਹੋ ਤਾਂ ਵਿਕਾਰਮਈ ਢੰਗ ਨਾਲ ਹਾਰਨ ਦੀ ਕਲਾ ਨੂੰ ਜਰੂਰ ਸਿੱਖੋ।

# ਭਾਰਤ ਵਿੱਚ 1750 ਮਗਰੋਂ 2016 ਸਾਲ ਰਿਹਾ ਸਭ ਤੋਂ ਵੱਧ ਗਰਮ

ਚੰਡੀਗੜ੍ਹ - ਦੇਸ਼ ਦੇ ਮੌਸਮ ਵਿਗਿਆਨੀ ਵੱਧ ਰਹੀ ਗਰਮੀ ਨੂੰ ਲੈ ਕੇ ਚਿੰਤਾ ਵਿਚ ਹਨ । ਵਿਗਿਆਨੀਆਂ ਨੇ ਦੱਸਿਆ ਹੈ ਕਿ ਜਲਵਾਯੂ ਵਿਚ ਆਈ ਤਬਦੀਲੀ ਕਾਰਨ ਲਗਾਤਾਰ ਤਪਸ਼ ਵੱਧਦੀ ਜਾ ਰਹੀ ਹੈ । ਇਸ ਮੌਸਮੀ ਬਦਲਾਅ ਕਾਰਨ ਸੰਨ 1750 ਤੋਂ ਲੈ ਕੇ ਹੁਣ ਤੱਕ ਸਾਲ 2016 ਸਭ ਤੋਂ ਗਰਮ ਸਾਲ ਦਰਜ ਕੀਤਾ ਗਿਆ ਹੈ । ਇਸ ਦਾ ਸਿੱਧਾ ਅਸਰ ਫ਼ਸਲਾਂ ਦੀ ਪੈਦਾਵਾਰ ’ਤੇ ਵੀ ਪੈ ਰਿਹਾ ਹੈ । ਸਾਲ 2001 ਤੋਂ ਲੈ ਕੇ 2010 ਸਭ ਤੋਂ ਗਰਮ ਦਹਾਕਾ ਤੇ 2011 ਤੋਂ ਲੈ 2015 ਇਕੀਵੀਂ ਸਦੀ ਦੇ ਸਭ ਤੋਂ ਵੱਧ ਗਰਮ ਪੰਜ ਸਾਲ ਰਹੇ ਹਨ । ਸਾਲ 2015 ਵਿਚ ਸਾਰੇ ਸੰਸਾਰ ਵਿਚ .76 ਡਿਗਰੀ ਸੈਲਸੀਅਸ ਦੀ ਦਰ ਨਾਲ ਤਾਪਮਾਨ ਵਿਚ ਗਰਮੀ ਵਧੀ ਹੈ, ਜਦਕਿ ਸਾਲ 2016 ਵਿਚ ਇਹ ਵਾਧਾ .83 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ । ਸਾਰੇ ਸੰਸਾਰ ਦੇ ਨਾਲ-ਨਾਲ ਭਾਰਤ ’ਚ ਵੀ ਗਰਮੀ ਵਧੀ ਹੈ, ਜਿਸ ਤਹਿਤ 21ਵੀਂ ਸਦੀ ਹੁਣ ਤੱਕ ਦੀ ਸਭ ਤੋਂ ਗਰਮ ਸਦੀ ਹੈ। ਇਹ ਜਾਣਕਾਰੀ ਮੌਸਮ ਵਿਗਿਆਨ ਵਿਭਾਗ ਨਵੀਂ ਦਿਲੀ ਦੇ ਡਿਪਟੀ ਡਾਇਰੈਕਟਰ ਡਾ. ਐੱਸ.ਬੀ. ਅੱਤਰੀ ਨੇ ਪੱਤਰਕਾਰ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ ਦਰਖਤਾਂ ਨੂੰ ਕੱਟਣ ਅਤੇ ਪ੍ਰਦੂਸ਼ਣ ਦੇ ਕਾਰਨ ਗਰੀਨ ਹਾਊਸ ਗੈਸਾਂ ਬਣਦੀਆਂ ਹਨ। ਇਨ੍ਹਾਂ ਵਿਚ ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟਰਸ ਓਕਸਾਈਡ ਗੈਸਾਂ ਮੁੱਖ ਹਨ । ਇਨ੍ਹਾਂ ਵਿਚ ਸਭ ਨਾਲੋਂ ਜ਼ਿਆਦਾ ਮਾਤਰਾ ਕਾਰਬਨ ਡਾਇਓਕਸਾਈਡ ਦੀ ਹੈ। ਇਹ ਵਾਤਾਵਰਨ ਵਿਚ 65 ਫੀਸਦੀ ਸ਼ਾਮਲ ਹੈ।

## ਸੋਚੋ ਕੁਝ ਕਰੋ!

# ਇਹ ਰਾਜਨੀਤੀ ਹੈ ਕਿ ਮਾਨਵੀ ਮੁੱਲਾਂ ਦਾ ਕੂਤਰਾ?



ਕੇ. ਸੀ. ਸੁਲੇਖ
0172-4623503

ਦੇਤੇ ਦੇਤੇ ਗਾਲੀਆਂ ਅਬ ਮੂੰਹ ਭੀ ਚਿੜਾਨੇ ਲਗੇ
ਜ਼ੁਬਾਂ ਬਿਗੜੀ ਤੋ ਬਿਗੜੀ ਖਬਰ ਲੀਜੀਏ ਜੋ ਦਹਨ (ਮੂੰਹ) ਭੀ ਬਿਗੜਨੇ ਲਗਾ

ਸ਼ਾਇਰ ਦੀ ਆਪਣੀ ਪ੍ਰੇਮਿਕਾ ਦੀਆਂ ਝਿੜਕੀਆਂ ਬਾਰੇ ਇਹ ਵਿਅੰਗਾਤਮਕ ਟਿੱਪਣੀ, ਜੇ ਦੇਖਿਆ ਜਾਵੇ ਤਾਂ ਅੱਜ ਦੇ ਚੋਣ ਦੰਗਲ ਵਿਚ ਰਾਜ ਸੱਤਾ ਦੀ ਜੰਗ ਲੜ ਰਹੇ ਸਿਆਸੀ ਭਲਵਾਨਾਂ ਤੇ ਸੌ ਫੀਸਦੀ ਪੂਰੀ ਢੁਕਦੀ ਸਾਫ ਦਿਖ ਰਹੀ ਹੈ ਜਿਸ ਵਿਚ ਇਹ ਸਿਆਸੀ ਘੁਲਾਟੀਏ ਦੇਸ਼ ਅਤੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਅਤੇ ਮੁੱਦਿਆਂ ਬਾਰੇ ਆਪਣਾ ਪੱਖ ਰੱਖਣ ਦੀ ਬਜਾਏ ਆਪਣੇ ਵਿਰੋਧੀ ਨੇਤਾਵਾਂ ਨੂੰ ਅਪਮਾਨਜਨਕ ਮਿਹਣੇ ਤਾਅਨਿਆਂ ਦੇ ਅਗਨੀ ਬਾਣਾਂ ਨਾਲ ਹੀ ਹਮਲਾ ਕਰਨਾ ਜ਼ਿਆਦਾ ਅਕਲਮੰਦੀ ਸਮਝਣ ਲੱਗ ਪਏ ਹਨ। ਮੰਚ ਚਾਹੇ ਸ਼ਹਿਰਾਂ ਕਸਬਿਆਂ ਵਿਚ ਜਨਤਕ ਰੈਲੀਆਂ, ਰੋਡ ਸ਼ੋਅ ਹੋਵੇ ਜਾਂ ਕਿਸੇ ਟੀ. ਵੀ. ਚੈਨਲ ਦਾ ਸਟੂਡੀਓ ਜਾਂ ਕੋਈ ਖੁੱਲ੍ਹਾ ਦਰਬਾਰ ਹੋਵੇ। ਬਹਿਸ ਵਿਚ ਵਿਚਾਰਾਂ ਦੀ ਨੋਕ ਝੋਕ ਤੋਂ ਲੰਘ ਕੇ ਨੇਤਾ ਲੋਕਾਂ ਨੇ ਆਪਣੇ ਵਿਰੋਧੀਆਂ ਨੂੰ ਨੀਚਾ ਦਿਖਾਉਣ ਲਈ ਹੁਣ ਭਾਰਤ ਨੱਤਿਅਮ/ ਕੱਕਕ ਅਤੇ ਤਾਤਾ ਥੱਈਆ ਦੀ ਨਾਚ ਕਲਾ ਜਾਣੀਂ ਹੱਥਾਂ, ਬਾਹਾਂ, ਅੱਖਾਂ, ਉਂਗਲੀਆਂ ਦੀ ਕਲਾ ਵੀ ਇਸੇਤਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਸਿਨੇਮਾ ਜਾਂ ਥੀਏਟਰ ਵਿਚ ਕਿਸੇ ਐਕਟਰ ਦਾ ਰੋਲ ਉਦੋਂ ਤੱਕ ਪ੍ਰਭਾਵਸ਼ਾਲੀ ਅਤੇ ਮੁਕੰਮਲ ਨਹੀਂ ਹੋ ਸਕਦਾ ਜਦ ਤੱਕ ਉਸ ਵਿਚ ਜ਼ੁਬਾਨ ਦੇ ਨਾਲ ਸਰੀਰਕ ਅੰਗਾਂ ਦੀਆਂ ਹਰਕਤਾਂ ਦਾ ਸਾਥ ਨਹੀਂ ਮਿਲਦਾ। ਭਾਸ਼ਣ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਇਹ ਤਰੀਕਾ ਮੇਜ਼ ਜਾਂ ਡੈਸਕ ਤੇ ਹੱਥ ਮਾਰਨਾ, ਕਿਤੇ ਕਿਤੇ ਹੱਸ ਪੈਣਾ ਕਦੇ ਭਾਵੁਕ ਹੋ ਕੇ ਰੋ ਪੈਣਾ, ਪਹਿਲਾਂ ਵੀ ਸੀ ਲੇਕਿਨ ਭਾਸ਼ਣ ਦੀ ਕਲਾ ਨੂੰ ਵਰਤਮਾਨ ਪ੍ਰਧਾਨ ਮੰਤਰੀ ਮੋਦੀ ਨੇ ਜਿਹਨਾਂ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ, ਉਸ ਦਾ ਮੁਕਾਬਲਾ ਸ਼ਾਇਦ ਹੀ ਕੋਈ ਕਰ ਸਕੇ। ਗੱਲ ਭਾਵੇਂ ਸਾਧਾਰਨ ਜਿਹੀ ਹੋਵੇ ਪਰ ਉਸ ਨੂੰ ਕਹਿਣ ਲੱਗਿਆਂ ਫੇਫੜਿਆਂ ਦਾ ਸਾਰਾ ਜ਼ੋਰ ਲਗਾ ਕੇ, ਸੱਤਵੇਂ ਅਸਮਾਨ ਤੱਕ ਲੈ ਜਾਣ। ਫਿਰ ਖਤਮ ਕਰਨ ਲੱਗਿਆਂ ਪਤਲੀ ਆਵਾਜ਼ ਵਿਚ ਆਖਰੀ ਸ਼ਬਦਾਂ ਨੂੰ ਦੋ ਵੇਰ ਦੁਹਰਾਉਣਾ ਭਾਸ਼ਣ ਕਲਾ ਦਾ ਸੱਚਮੁਚ ਲਾਜਵਾਬ ਆਰਟ ਹੈ। ਇਸ ਨਾਟਕੀ ਪ੍ਰਸਤੁਤੀ ਤੇ ਜ਼ੋਰਦਾਰ ਤਾਲੀਆਂ ਦਾ ਵੱਜਣਾ ਵੀ ਤਾਂ ਉਨਾ ਹੀ ਜ਼ਰੂਰੀ ਹੈ, ਜਿਸ ਦੀ ਮੋਦੀ ਜੀ ਦੇ ਵਿਸ਼ਾਲ ਇਕੱਠ ਵਿਚ ਕੋਈ ਘਾਟ ਨਹੀਂ ਹੋ ਸਕਦੀ। ਭੀੜ ਨੂੰ ਇਕੱਠਾ ਹੀ ਇਸ ਡਿਊਟੀ ਨੂੰ ਭੁਗਤਾਉਣ ਲਈ ਕੀਤਾ ਜਾਂਦਾ ਹੈ। ਇਸ ਕਲਾ ਦੀ ਝਲਕ ਉਹਨਾਂ ਦੇ ਦੂਜੇ ਨੰਬਰ ਦੇ ਨੇਤਾ ਪਾਰਟੀ ਪ੍ਰਮੁੱਖ ਅਮਿਤ ਸ਼ਾਹ, ਉਨ੍ਹਾ ਤੋਂ ਹਟ ਕੇ ਨਿਤਨ ਗਡਕਰੀ ਅਤੇ ਕਾਫੀ ਹੱਦ ਤੱਕ ਸੁਸ਼ਮਾ ਸਵਰਾਜ ਦੇ ਭਾਸ਼ਣਾਂ ਵਿਚ ਵੀ ਦੇਖੀ ਜਾ ਸਕਦੀ ਹੈ। ਇਸ ਦਾ ਕਾਰਨ ਇਹਨਾਂ ਨੇਤਾਵਾਂ ਦਾ ਬਤੌਰ ਪ੍ਰਚਾਰ ਇਕ ਹੀ ਸਿਖਲਾਈ ਕੇਂਦਰ ਵਿਚ ਸਿੱਖਿਆ ਪ੍ਰਾਪਤ ਕਰਨਾ ਹੈ। ਮੋਦੀ ਸਾਹਿਬ ਦੀ ਭਾਸ਼ਣ ਕਲਾ ਦਾ ਇਕ ਬਹੁਤ ਹੀ ਹਟਵਾਂ ਰੰਗ ਵਿਰੋਧੀਆਂ ਨੂੰ ਸੰਬੋਧਿਤ ਕਰਦੇ ਹੋਏ ਇਕ ਹੱਥ ਤੇ ਦੂਜੇ ਹੱਥ ਨਾਲ ਤਾਲੀ ਵਜਾਉਣਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਗਲੀ ਦੀਆਂ ਦੋ ਗੁਆਂਢਣਾਂ ਇਕ-ਦੂਜੀ ਨੂੰ ਤਾਅਨੇ ਮਾਰ ਕੇ ਉਸ ਦੇ ਲਿੱਬੜੇ ਪੋਤੜੇ ਖੋਹਲ ਰਹੀਆਂ ਹੋਣ। ਇਕ ਆਮ ਦਰਸ਼ਕ ਲਈ ਇਹ ਐਕਟਿੰਗ ਭਾਵੇਂ ਥੋੜ੍ਹੇ ਸਮੇਂ ਲਈ ਮਨੋਰੰਜਨ ਦਾ ਦ੍ਰਿਸ਼ (ਸੀਨ) ਹੋਵੇ ਪਰ ਜਿਸ ਜਾਣਕਾਰ ਵਿਅਕਤੀ ਨੂੰ ਭਾਰਤ ਦੇ ਸੰਵਿਧਾਨ ਦੀ ਮਹਾਨਤਾ ਅਤੇ ਉਸ ਦੀ ਪ੍ਰਤਿਸ਼ਠਾ ਦਾ ਗਿਆਨ ਹੈ ਅਤੇ ਉਸ ਦੁਆਰਾ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਦਿੱਤੇ ਗਏ ਸਨਮਾਨ ਅਤੇ ਉਚਤਮ ਸਥਾਨ ਬਾਰੇ ਪਤਾ ਹੈ, ਉਸ ਦੀਆਂ ਨਜ਼ਰਾਂ ਵਿਚ ਆਪਣੇ ਮੌਜੂਦਾ ਪ੍ਰਧਾਨ ਮੰਤਰੀ ਦੀਆਂ ਹਲਕੀਆਂ ਹਰਕਤਾਂ ਦੇਖ ਕੇ ਕੀ ਇੱਜ਼ਤ ਹੋ ਸਕਦੀ ਹੈ? ਇਹੋ ਜਿਹੀ ਰਾਏ/ਧਾਰਨਾ ਇਕੱਲੇ ਪੀ. ਚਿੰਤੰਬਰਮ ਦੀ ਹੀ ਨਹੀਂ (ਟਾਇਮਜ਼ ਆਫ ਇੰਡੀਆ 14-3-17) ਸਗੋਂ ਸਾਰੇ ਬੁੱਧੀਜੀਵੀ ਤਬਕੇ ਦੀ ਬਣ ਚੁੱਕੀ ਹੈ।

ਗੱਲ ਇੱਥੇ ਹੀ ਖਤਮ ਨਹੀਂ ਹੋ ਜਾਂਦੀ। ਬਦਕਿਸਮਤੀ ਅਤੇ ਦੁੱਖ ਦੀ ਗੱਲ ਜਿਸ ਨੇ ਹਰ ਸੰਵੇਦਨਸ਼ੀਲ ਦੇਸ਼ ਵਾਸੀ ਨੂੰ ਹੈਰਾਨ ਅਤੇ ਪ੍ਰੇਸ਼ਾਨ ਕਰ ਦਿੱਤਾ ਹੈ, ਉਹ ਇਹ ਹੈ ਕਿ ਕਰੋੜਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਰਾਜਨੀਤੀ ਦਾ ਪੱਧਰ ਹੀ ਦੇਖਦਿਆਂ ਦੇਖਦਿਆਂ ਬਹੁਤ ਨੀਚੇ ਗਿਰ ਗਿਆ ਹੈ।

ਲੋਕਤੰਤਰ ਵਿਚ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਤੇ ਵਿਧਾਨ ਮੰਡਲਾਂ ਵਿਚ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਦਰਮਿਆਨ ਇਕ ਜ਼ੋਰਦਾਰ ਬਹਿਸ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਵਿਚ ਸਭ ਨੂੰ ਆਪਣਾ ਪੱਖ ਰੱਖਣ ਦਾ ਬਰਾਬਰ ਦਾ ਅਧਿਕਾਰ ਹੈ। ਪਾਰਟੀਆਂ ਦੇ ਮੁੱਦਿਆਂ ਬਾਰੇ ਆਪਣੇ-ਆਪਣੇ ਸਿਧਾਂਤ ਅਤੇ ਏਜੰਡੇ ਨੂੰ ਲੈ ਕੇ ਕੁਝ ਮਤਭੇਦ ਅਤੇ ਕਈ ਥਾਂ ਤੇ ਤਿੱਖੇ ਮਤਭੇਦ ਵੀ ਹੋ ਕਸਦੇ ਹਨ, ਜਿਹਨਾਂ ਦੇ ਪ੍ਰਗਟਾਵੇ ਲਈ ਸੰਵਿਧਾਨ ਨੇ ਕਈ ਪ੍ਰਾਵਧਾਨਾਂ ਰਾਹੀਂ ਪੂਰੀ ਖੁੱਲ੍ਹ ਦੇ ਰੱਖੀ ਹੈ, ਜਿਸ ਨੂੰ ਪਟੜੀ 8ਤੇ ਚਲਦਾ ਰੱਖਣਾ ਵੀ ਸੱਤਾ ਪੱਖ ਅਤੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਹੈ। ਲੇਕਿਨ ਸੱਤਾਧਾਰੀ ਪਾਰਟੀ ਯਾਨਿ ਭਾਜਪਾ ਨੂੰ ਤਾਂ ਛੱਡੋ ਜੇ ਖੁਦ ਪ੍ਰਧਾਨ ਮੰਤਰੀ ਆਪਣੇ ਵਿਸ਼ੇਸ਼ ਪ੍ਰਕਾਰ ਦੇ ਰਾਜ (ਹਿੰਦੂ ਰਾਜ) ਸਥਾਪਤ ਕਰਨ ਲਈ ਹੀ ਅਭਿਭੂਤ (ਆਬਜ਼ਰਵੇਟਿਵ) ਹੋ ਜਾਵੇ ਤਾਂ ਆਮ ਆਦਮੀ ਕੋਲ ਚਾਰਾ (ਰਸਤਾ) ਹੀ ਕੀ ਰਹਿ ਜਾਂਦਾ ਹੈ, ਆਪਣੇ ਆਪ ਨੂੰ ਸੁਰੱਖਿਅਤ ਕਰਨ ਦਾ? ਇਸ ਸਰਬ ਉਚ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਸੁਪਰੀਮ ਕਮਾਂਡ ਵੀ ਬਾਕੀ ਹੋਰ ਪ੍ਰਾਜੈਕਟਾਂ (ਯੋਜਨਾਵਾਂ) ਮੇਕ ਇਨ ਇੰਡੀਆ, ਸਟਾਰਟ ਅਪ ਇੰਡੀਆ, ਸਕਿੱਲ ਇੰਡੀਆ, ਸਮਾਰਟ ਸਿਟੀ, ਨੋਟਬੰਦੀ ਆਦਿ ਦੀ ਤਰ੍ਹਾਂ ਖੁਦ ਹੀ ਸੰਭਾਲ ਲਈ ਹੈ। ਇਸ ਜ਼ਿੰਮੇਵਾਰੀ ਨੂੰ ਉਹ ਕਿਸ ਨਿਸ਼ਠਾ ਅਤੇ ਮੁਸਤੈਦੀ ਨਾਲ ਨਿਭਾਅ ਰਹੇ ਹਨ, ਉਹ ਉਹਨਾਂ ਦੇ ਭਾਸ਼ਣਾਂ ਦੀ ਝੜੀ ਵਿਚ ਬੋਲੇ ਗਏ ਇਕ-ਇਕ ਸ਼ਬਦ ਵਿਚ ਦਿਖ ਰਹੀ ਹੈ। ਉਹਨਾਂ ਦੇ ਨਿਸ਼ਾਨੇ ਤੇ ਸਭ ਤੋਂ ਪਹਿਲਾਂ ਕਾਂਗਰਸ ਜਮਾਤ ਰਹੀ ਜੋ ਆਪਣੇ ਹੀ ਸ਼ਾਸਨ ਕਾਲ ਵਿਚ ਹੋਏ ਘਪਲੇ-ਘੁਟਾਲਿਆਂ ਦੇ ਭਾਰ ਥੱਲੇ ਇੰਨਾ ਦਬ ਗਈ ਕਿ ਉਸ ਲਈ ਚੱਲ ਰਹੀ ਹਕੂਮਤ ਨੂੰ ਬਚਾਉਣਾ ਹੀ ਮੁਸ਼ਕਿਲ ਹੋ ਗਿਆ। ਕਾਂਗਰਸ ਦੀ ਕਮਰ ਤੋੜ ਹਾਰ ਨਾਲ ਮੋਦੀ ਜੀ ਦੇ ਭਾਰਤ ਦੇ ਰਾਜਾ ਅਧੀਰਾਜ ਬਣਨ ਦੇ ਸੁਪਨੇ ਹੋਰ ਵੀ ਜਵਾਨ ਹੋ ਗਏ। ਉਹਨਾਂ ਨੂੰ ਇਸ ਵਡੇਰੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਕਿਸੇ ਮਜ਼ਬੂਤ ਸੰਸਥਾ /ਸੰਗਠਨ (ਜਹਾਨ ਨੂੰ ਉਡਾਉਣ ਦਾ ਮੰਚ) ਵਜੋਂ ਦਰਕਾਰ ਸੀ, ਜੋ ਉਹਨਾਂ ਨੂੰ ਆਰ. ਐਸ. ਐਸ. ਸੰਗਠਨ ਦੇ ਰੂਪ ਵਿਚ ਮਿਲ ਗਿਆ, ਜੋ ਹੁਣ ਇਕ-ਦੂਜੇ ਨਾਲ ਇੰਨੇ ਰਮ-ਰਚ ਗਏ ਅਤੇ ਇਕ-ਦੂਜੇ ਦੇ ਪੂਰਕ ਬਣ ਗਏ ਹਨ ਕਿ ਮੋਦੀ ਹੀ ਉਹਨਾਂ ਲਈ (ਹਿੰਦੂਤਵੀ ਭਾਰਤ ਲਈ) ਇਕ ਆਦਰਸ਼ ਯੋਧਾ ਬਣ ਗਿਆ ਹੈ, ਜਿਸ ਦੀ ਅੰਧ ਸ਼ਰਧਾ ਵਿਚ ਉਹ ਅਜਿਹੀਆਂ ਗਲਤੀਆਂ ਅਤੇ ਮੂਰਖਤਾਈਆਂ ਕਰ ਸਕਦੇ ਹਨ, ਜਿਹਨਾਂ ਦਾ ਖਮਿਆਜ਼ਾ ਅੱਗੇ ਜਾ ਕੇ ਸਾਰੇ ਦੇਸ਼ ਨੂੰ ਭੁਗਤਣਾ ਪੈ ਸਕਦਾ ਹੈ, ਜਿਵੇਂ ਬਾਬਾ ਸਾਹਿਬ ਅੰਬੇਡਕਰ ਨੇ ਦੇਸ਼ ਵਾਸੀਆਂ ਨੂੰ ਤਾੜਨਾ ਕਰਦੇ ਹੋਏ ਕਿਹਾ ਸੀ (25-11-49): ਜਦ ਲੋਕ ਆਪਣੀ ਭਗਤੀ ਭਾਵ ਦੇ ਆਵੇਸ਼ ਵਿਚ ਆਪਣੀ ਹਰ ਪ੍ਰਕਾਰ ਦੀ ਆਜ਼ਾਦੀ (ਸਮਝੇ ਗਏ) ਮਹਾਨ ਪੁਰਸ਼ ਦੇ ਪੈਰਾਂ ਵਿਚ ਰੱਖ ਦੇਣ ਤਾਂ ਇਸ ਦਾ ਨਤੀਜਾ ਸਿਰਫ ਪਤਨ ਅਤੇ ਅੱਗੇ ਜਾ ਕੇ ਤਾਨਾਸ਼ਾਹੀ ਹੀ ਹੋ ਸਕਦਾ ਹੈ।

ਕਿਸੇ ਨੂੰ ਗਲਤ ਫਹਿਮੀ 'ਚ ਰਹਿਣਾ ਨਹੀਂ ਚਾਹੀਦਾ: ਤਾਨਾਸ਼ਾਹੀ ਦਾ ਯੁੱਗ ਸ਼ੁਰੂ ਹੋ ਚੁੱਕਾ ਹੈ ਜਿਸ ਦਾ ਅਗਲਾ ਰੂਪ ਹਿਟਲਰਸ਼ਾਹੀ (ਭਾਰਤ ਵਿਚ ਨਾਜ਼ੀਇਜ਼ਮ) ਹੀ ਹੋ ਸਕਦਾ ਹੈ। ਕਈ ਸਟੇਟਾਂ ਤਾਂ ਪਹਿਲੇ ਦਿਨਾਂ ਵਿਚ ਹੀ ਵੋਟਾਂ ਪਾ ਕੇ ਵਿਹਲੇ ਹੋ ਚੁੱਕੀਆਂ ਹਨ ਪਰ ਯੂ. ਪੀ. ਵਰਗੇ 403 ਸੀਟਾਂ ਵਾਲੇ ਸੂਬੇ ਨੂੰ ਵੋਟ ਪ੍ਰਕਿਰਿਆ ਨੂੰ ਪੂਰਾ ਕਰਨ ਯਨਿ 11 ਮਾਰਚ ਤੱਕ ਇੰਤਜ਼ਾਰ ਕਰਨਾ ਪਵੇਗਾ। ਇਸ ਚੋਣ ਮੁਹਿੰਮ ਵਿਚ ਬਾਕੀ ਪਾਰਟੀ ਨੇਤਾਵਾਂ ਨਾਲੋਂ ਮੋਦੀ ਜੀ ਦੇ ਸਿਰ 'ਤੇ ਜਿੱਤ ਦਾ ਜਨੂੰਨ ਕੁਝ ਵਾਧੂ ਹੀ ਸਵਾਰ ਹੋ ਗਿਆ ਹੈ। ਦੇਸ਼ ਦੇ ਹੋਰ ਅਹਿਮ ਕੰਮਕਾਜ ਨੂੰ ਛੱਡ ਕੇ ਉਹਨਾਂ ਦਾ ਫਿਕਰ ਅਤੇ ਸਰੋਕਾਰ ਕੇਵਲ ਯੂ. ਪੀ. ਇਲੈਕਸ਼ਨ ਜਿੱਤਣਾ ਹੈ, ਜਿਸ ਵਿਚ ਉਹਨਾਂ ਨੇ ਆਪਣੀ ਸਾਰੀ ਤਾਕਤ, ਸਾਰੀ ਸਰਕਾਰੀ ਮਸ਼ੀਨਰੀ, ਸਾਧਨ, ਬੇਅੰਤ ਪੈਸਾ ਲਗਾ ਦਿੱਤੇ ਹਨ। ਇਕ-ਇਕ ਦਿਨ ਵਿਚ ਕਈ-ਕਈ ਰੈਲੀਆਂ, ਰੈਲੀਆਂ ਵਿਚ ਧੂੰਆਧਾਰ ਭਾਸ਼ਣ ਅਤੇ ਭਾਸ਼ਣਾਂ ਵਿਚ ਪਸੀਨਾਂ ਅਤੇ ਹਫ ਹਫ। ਜਿਵੇਂ ਕਿਸੇ ਬਹੁਤ ਬੜੇ ਦੁਸ਼ਮਣ ਦਾ ਸਿਰ ਭੰਨ ਕੇ ਉਸ ਨੂੰ ਮਾਰ ਮੁਕਾਉਣਾ ਹੋਵੇ। ਇਸ ਅਸਧਾਰਨ ਜਨੂੰਨ ਦੇ ਅਸਲ ਵਿਚ ਕੀ ਕਾਰਨ ਹਨ? ਉਹ ਵੀ ਬਹੁਤ ਸਪਸ਼ਟ ਹਨ। ਸਭ ਤੋਂ ਪਹਿਲਾਂ ਬੜਾ ਜ਼ਰੂਰੀ ਸਵਾਲ ਉਹਨਾਂ ਅੱਗੇ ਨੋਟਬੰਦੀ ਨੂੰ ਸਹੀ ਸਾਬਤ ਕਰਨਾ ਹੈ। ਇਲੈਕਸ਼ਨ ਹਾਰਨ ਦੀ ਸੂਰਤ ਵਿਚ ਉਹ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿ ਜਾਣਗੇ, ਜਿਸ ਦੀ ਮਾਰ ਵਿਚ ਲੱਖਾਂ ਬੰਦੇ ਬੇਰੁਜ਼ਗਾਰ ਹੋ ਗਏ ਅਤੇ ਸੈਂਕਡੇ ਮਰ ਗਏ। ਦੂਜਾ ਇੱਕੇ ਦੀ ਜਿੱਤ ਦੀ ਬਦੌਲਤ ਰਾਜ ਸਭਾ ਵਿਚ ਗਿਣਤੀ ਵਧਾਉਣ ਦਾ ਸਵਾਲ ਹੈ, ਜਿੱਥੇ ਭਾਜਪਾ ਦੇ ਕਈ ਮਨਪਸੰਦ ਬਿਲ ਲੋਕ ਸਭਾ ਤੋਂ ਬਾਅਦ ਰਾਜ ਸਭਾ ਵਿਚ ਆ ਕੇ ਘੱਟ ਗਿਣਤੀ ਕਾਰਨ ਜਾਂ ਅੜ ਜਾਂਦੇ ਹਨ ਜਾਂ ਰੱਦ ਹੋ ਜਾਂਦੇ ਹਨ। ਇਹਨਾ ਤੋਂ ਵੀ ਵੱਧ ਮਹੱਤਵਪੂਰਨ ਨਿਸ਼ਾਨਾ 2019 ਦੇ ਇਲੈਕਸ਼ਨ ਹਨ, ਜਿਹਨਾਂ ਨਾਲ ਖੁਦ ਮੋਦੀ ਸਾਹਿਬ ਦਾ ਆਪਣਾ ਭਵਿੱਖ ਜੁੜਿਆ ਹੋਇਆ ਹੈ। ਜੇ ਇੱਥੇ ਜਿੱਤ ਗਏ ਇਹ 2019 ਦੀ ਜਿੱਤ ਦਾ ਸੰਕੇਤ ਹੋ ਸਕਦਾ ਹੈ। ਇਸ ਦੇ ਨਾਲ ਅਯੁੱਧਿਆ ਵਿਚ ਰਾਮ ਮੰਦਰ ਦੇ ਬੰਦ ਦਰਵਾਜ਼ੇ ਖੁੱਲ੍ਹ ਸਕਦੇ ਹਨ, ਕਸ਼ਮੀਰ ਦੇ ਰਸਤੇ ਵਿਚ ਲੱਗਿਆ 370 ਦਾ ਬੈਰੀਅਰ ਟੁੱਟ ਸਕਦਾ ਹੈ, ਫਿਰ ਹਿੰਦੂ ਰਾਜ ਕੀ ਦੂਰ ਰਹਿ ਜਾਵੇਗਾ?

ਇਹ ਉਸੇ ਜਨੂੰਨ ਦੇ ਉਛਾਲ ਅਤੇ ਉਬਾਲ ਦਾ ਪ੍ਰਗਟਾਵਾ ਹੈ ਕਿ ਉਹ ਆਪਣੇ ਭਾਸ਼ਣਾਂ ਵਿਚ ਵਿਰੋਧੀ ਦਲਾਂ/ ਵਿਰੋਧੀ ਨੇਤਾਵਾਂ ਨੂੰ ਨੀਚਾ ਦਿਖਾਉਣ ਦੀ ਗਰਮੀ ਵਿਚ ਉਹਨਾਂ ਦੇ ਖਿਲਾਫ ਅਜਿਹੇ ਵਿਸ਼ੇਸ਼ਣ/ਸ਼ਬਦਾਵਲੀ ਵਰਤਣ ਲੱਗ ਪਏ ਹਨ ਜੋ ਸਧਾਰਨ ਹਾਲਤ ਵਿਚ ਨਾ ਹੀ ਦਰੁੱਸਤ ਹੁੰਦੇ ਹਨ ਅਤੇ ਨਾ ਹੀ ਐਡੇ ਵੱਡੇ ਰੁਤਬੇ ਵਾਲੇ ਬੰਦੇ ਨੂੰ ਸ਼ੋਭਾ ਦਿੰਦੇ ਹਨ। ਅਤੇ ਨਾ ਹੀ ਅਜਿਹੀ ਭਾਸ਼ਾ ਦੀ ਆਸ ਕੀਤੀ ਜਾ ਸਕਦੀ ਹੈ। ਜੇ ਕਿਸੇ ਚੰਗੇ ਭਲੇ ਬੰਦੇ ਨੂੰ ਬਿਨਾਂ ਵਜ੍ਹਾ ਜਾਂ ਛੋਟੇ-ਛੋਟੇ ਬਹਾਨਿਆਂ ਨਾਲ ਟਿੱਚਰਾਂ ਕਰਨ ਲੱਗ ਪਓ ਤਾਂ ਇਸ ਨਾਲ ਨਾ ਆਪਣੀ ਕੋਈ ਸ਼ਾਨ ਵਧਦੀ ਹੈ ਅਤੇ ਨਾ ਇੱਜ਼ਤ। ਠੀਕ ਹੈ ਕਿ ਰਾਹੁਲ ਗਾਂਧੀ ਉਮਰ, ਤਜਰਬੇ ਅਤੇ ਟਰੇਨਿੰਗ ਪੱਖੋਂ ਕਈ ਚਾਲਕ ਚਤਰ ਨੇਤਾਵਾਂ ਦੇ ਮੁਕਾਬਲੇ ਵਿਚ ਘੱਟ ਹੁਨਰਮੰਦ ਹੋ ਸਕਦਾ ਹੈ ਪਰ ਹੈ ਤਾਂ ਉਹ ਇਕ ਬਹੁਤ ਬੜੀ ਰਾਸ਼ਟਰੀ ਪਾਰਟੀ ਦਾ ਸੀਨੀਅਰ ਅਹੁਦੇਦਾਰ! ਉਸੇ ਨੂੰ ਵਾਰ-ਵਾਰ 'ਸ਼ਹਿਜਾਦਾ' ਕਹਿ ਕੇ ਟਿੱਚਰਾਂ ਕਰਨੀਆਂ ਕਿੱਥੋਂ ਦਾ ਬੜੱਪਣ ਹੈ? ਸਿਰਫ ਇਸ ਲਈ ਕਿ ਉਸ ਦੇ ਨਾਂ ਨਾਲ ਨਹਿਰੂ, ਇੰਦਰਾ, ਰਾਜੀਵ ਦੇ ਵੰਸ਼ ਦਾ ਸਬੰਧ ਹੈ? ਸੰਸਦ ਵਿਚ ਰਾਸ਼ਟਰਪਤੀ ਦੇ ਉਦਘਾਟਨੀ ਭਾਸ਼ਣ ਤੇ ਹੋਈ ਬਹਿਸ ਦੇ ਜਵਾਬ ਦੌਰਾਨ 'ਆਪ' ਮੈਂਬਰ ਭਗਵੰਤ ਮਾਨ ਨੂੰ ਸ਼ਰਾਬ ਦਾ ਮਿਹਣਾ ਮਾਰਨਾ ਕਿਹੜਾ ਰਾਸ਼ਟਰੀ ਮੁੱਦਾ ਸੀ? ਕੀ ਮੋਦੀ ਜੀ ਨੂੰ ਸੰਸਦ ਦੇ ਸਾਰੇ ਮੈਂਬਰਾਂ ਬਾਰੇ ਪਤਾ ਹੈ ਕਿ ਉਹ ਘਰਾਂ ਵਿਚ ਕੀ ਕੀ ਕਰਦੇ ਹਨ, ਕੀ ਕੀ ਖਾਂਦੇ-ਪੀਂਦੇ ਹਨ ਅਤੇ ਕੌਣ ਕਿੱਥੇ ਜਾਂਦਾ ਹੈ? ਜੇ ਨਹੀਂ ਪਤਾ ਤਾਂ ਭਗਵੰਤ ਮਾਨ ਹੀ ਕਿਉਂ? ਸਿਰਫ ਇਸ ਲਈ ਕਿ ਉਸ ਨੇ ਅਤੇ ਉਸ ਦੀ ਪਾਰਟੀ ਨੇ ਉਹਨਾਂ ਦੇ ਅਕਾਲੀ ਗੱਠਜੋੜ ਦਾ ਪੰਜਾਬ ਚੋਣਾਂ ਵਿਚ ਡਟ ਕੇ ਮੁਕਾਬਲਾ ਕੀਤਾ ਸੀ? ਰਾਹੁਲ ਅਤੇ ਅਖਿਲੇਸ਼ ਦੇ ਚੋਣ ਗੱਠਜੋੜ ਦਾ ਮਜ਼ਾਕ ਉਡਾਉਂਦੇ ਹੋਏ ਉਹ ਕਹਿੰਦੇ ਹਨ ਕਿਸੇ ਦੀ ਮਾਂ (ਯਾਨਿ ਸੋਨੀਆ ਗਾਂਧੀ) ਅਤੇ ਕਿਸੇ ਦਾ ਬਾਪ (ਮੁਲਾਇਮ ਸਿੰਘ) ਪ੍ਰੇਸ਼ਾਨ ਹੈ। ਇਸ ਟਿੱਚਰ ਵਿਚ ਕੀ ਵਿਵੇਕਸ਼ੀਲਤਾ ਹੈ? ਕੀ ਤੁਕ ਹੈ? ਸ਼ਾਇਦ ਜੱਟ ਦੀ ਤੁਕਬੰਦੀ ਦੀ ਤਰ੍ਹਾਂ ਜਿਸ ਵਿਚ ਉਸ ਨੇ ਤੇਲੀ ਦੀ ਟਿੱਚਰ 'ਜਾਟ ਰੇ ਜਾਟ ਤੇਰੇ ਸਿਰ ਪਰ ਖਾਟ' ਦੇ ਜਵਾਬ ਵਿਚ ਕਿਹਾ ਸੀ 'ਤੇਲੀ ਰੇ ਤੇਲੀ ਤੇਰੇ ਸਿਰ ਪਰ ਕੋਹਲੂ' ਨਾਲ ਹੀ ਉਸ ਦਾ ਕਹਿਣਾ ਸੀ ਕਿ ਕੀ ਹੋਇਆ ਜੇ ਤੁਕ ਨਹੀਂ ਜੁੜੀ ਕੋਹਲੂ ਦੇ ਭਾਰ ਨਾਲ ਉਸ ਦਾ ਲੱਕ ਤਾਂ ਟੁੱਟੇਗਾ। ਟਿੱਚਰਾਂ, ਚੁਟਕਲਿਆਂ ਅਤੇ ਮਿਹਣਿਆਂ ਤਾਅਨਿਆਂ ਦਾ ਅਧਿਆਏ ਇੱਥੇ ਹੀ ਖਤਮ ਨਹੀਂ ਹੋ ਜਾਂਦਾ। ਇਸ ਧੂੜ ਭਰੀ ਚੋਣ ਜੰਗ ਵਿਚ ਹੋਰ ਵੀ ਬਹੁਤ ਸ਼ਾਬਦਿਕ ਫੁੱਲਝੜੀਆਂ ਨੇ ਲੋਕਾਂ ਦੇ ਰਾਜਨੀਤਿਕ ਗਿਆਨ ਨੂੰ ਅਮੀਰ ਬਣਾ ਦਿੱਤਾ ਹੈ। ਜਿਸ ਦੀ ਸ਼ੁਰੂਆਤ ਵੀ ਮੋਦੀ ਸਾਹਿਬ ਨੇ ਹੀ ਕਰ ਦਿੱਤੀ ਹੈ। ਸਮਾਜਵਾਦੀ ਪਾਰਟੀ, ਕਾਂਗਰਸ ਅਤੇ ਮਾਇਆਵਤੀ ਦੀਆਂ ਪਾਰਟੀਆਂ ਨੂੰ ਉਹਨਾਂ ਨੇ ਅੰਗਰੇਜ਼ੀ ਸ਼ਬਦ ਸਕੈਮ (ਘੁਟਾਲਾ) ਦਾ ਨਾਮ ਦਿੱਤਾ, ਜਿਸ ਵਿਚ ਉਹਨਾਂ ਨੇ ਐਸ. ਦਾ ਮਤਲਬ ਸਮਾਜਵਾਦੀ, ਸੀ. ਦਾ ਮਤਲਬ ਕਾਂਗਰਸ, ਏ ਦਾ ਮਤਲਬ ਅਖਿਲੇਸ਼ ਅਤੇ ਐਮ. ਦਾ ਮਾਇਆਵਤੀ ਦੱਸਿਆ। ਇਸ ਅਨੋਖੀ ਖੋਜ ਲਈ ਉਹਨਾਂ ਨੂੰ ਨੋਬਲ ਪ੍ਰਾਈਜ਼ ਤਾਂ ਜ਼ਰੂਰ ਮਿਲਣਾ ਚਾਹੀਦਾ ਹੈ ਪਰ ਜਿਹਾ ਕਿ ਸੁਭਾਵਿਕ ਸੀ ਇਸ ਟਿੱਚਰ ਦਾ ਜਵਾਬ ਵੀ ਟਿੱਚਰ ਨਾਲ ਦਿੱਤਾ ਗਿਆ। ਅਖਿਲੇਸ਼ ਨੇ ਸਕੈਮ ਦਾ ਮਤਲਬ (ਸੇਵ ਕਮਿਊਨਿਟੀ ਫਰਾਮ ਅਮਿਤ ਐਂਡ ਮੋਦੀ) ਦੱਸਿਆ ਯਾਨਿ ਦੇਸ਼ ਨੂੰ ਅਮਿਤਸ਼ਾਹ ਅਤੇ ਮੋਦੀ ਤੋਂ ਬਚਾਓ। ਲੇਕਿਨ ਟਾਇਮਜ਼ ਆਫ ਇੰਡੀਆ (11-12-17) ਨੇ ਹੋਰਾਂ ਤੋਂ ਹਟਕੇ ਇਸ ਦੀ ਬਹੁਤ ਢੁਕਵੀਂ ਵਿਆਖਿਆ ਕਰਦੇ ਹੋਏ ਲਿਖਿਆ ਕਿ ਸਕੈਮ ਦਾ ਮਤਲਬ (ਸਿਲੀ ਕਲੋਇੰਗ ਐਗਰਸ ਮੈਨੀ) ਅਰਥਾਤ ਬਹੁਤਿਆਂ ਨੂੰ ਨਰਾਜ਼ ਕਰਨ ਵਾਲੀਆਂ ਮੂਰਖ ਜੋਕਰ ਹਰਕਤਾਂ। ਖੁਦ ਮਾਇਆਵਤੀ ਨੇ ਨਰਿੰਦਰ ਮਦੋਮਰ ਦਾਸ ਮੋਦੀ ਦਾ ਅਰਥ (ਨੈਗੇਟਿਵ ਦਲਿਤ ਮੈਨ) ਯਾਨਿ ਦਲਿਤ ਵਿਰੋਧੀ ਵਿਅਕਤੀ ਕਹਿ ਕੇ ਹਿਸਾਬ ਬਰਾਬਰ ਕਰ ਦਿੱਤਾ। ਸਪਾ ਦੇ ਬੁਲਾਰੇ ਨੇ ਵੀ ਮੋਦੀ ਦਾ ਅਰਥ ਮਾਸਟਰ ਆਫ ਡਿਸਇੰਟੈਗਰੇਸ਼ਨ ਆਫ ਇੰਡੀਆ ਯਾਨਿ ਭਾਰਤ ਦੇ ਟੋਟੇ-ਟੋਟੇ ਕਰਨ ਵਾਲਾ ਮਹਾਨ ਕਲਾਕਾਰ ਨਾਲ ਕੀਤਾ। ਇਸ ਨਾ ਮੁੱਕਣ ਵਾਲੀ ਅੰਤਾਕਸ਼ਰੀ ਮੁਕਾਬਲੇ ਵਿਚ ਮੋਦੀ ਜੀ, ਤੁਸੀਂ ਕਿਸ ਕਿਸ ਦਾ ਮੂੰਹ ਬੰਦ ਕਰੋਗੇ? ਇਕ ਕਹਾਵਤ ਹੈ:

ਛੋਟੇ ਮੀਆਂ ਸੋ ਛੋਟੇ ਮੀਆਂ
ਬੜੇ ਮੀਆਂ ਸੁਬਹਾਨ ਅੱਲਾ

ਯਾਨਿ ਜੇ ਮੋਦੀ ਸਾਹਿਬ ਚਲਦੀ ਸ਼ਬਦ ਬਹਿਸ ਵਿਚ ਆਪਣੇ ਜੌਹਰ ਦਿਖਾ ਸਕਦੇ ਹਨ ਤਾਂ ਉਹਨਾਂ ਦੇ ਉਹੋ ਜਿਹੇ ਡੀਲ ਡੌਲ, ਬੋਲਚਾਲ ਅਤੇ ਚਾਲ-ਢਾਲ ਵਾਲੇ ਪਾਰਟੀ ਮੁਖੀ ਅਮਿਤ ਸ਼ਾਹ ਜੀ ਪਿੱਛੇ ਕਿਉਂ ਰਹਿੰਦੇ। ਉਹਨਾਂ ਨੇ ਵੀ ਲੱਗਦਾ ਹੱਥ ਆਪਣੇ ਸ਼ਬਦਕੋਸ਼ ਵਿਚੋਂ ਖੋਜ ਕਰਕੇ ਕਾਂਗਰਸ-ਸਪਾ-ਬਸਪਾ ਨੂੰ ਇਕ ਨਾਮੀ ਗਰਾਮੀ ਨਾਮ 'ਕਸਾਬ' ਨਾਲ ਜੋੜ ਦਿੱਤਾ। ਹਾਲਾਂਕਿ ਕਾਂਗਰਸ, ਸਪਾ, ਬਸਪਾ ਦੇ ਪਹਿਲੇ ਅੱਖਰਾਂ ਦੇ ਹਿਸਾਬ ਨਾਲ 'ਕਾਸਬ' ਬਣਦਾ ਹੈ ਪਰ ਅਮਿਤ ਸ਼ਾਹ ਜੀ ਦਾ ਤਾਂ ਇਹਨਾਂ ਪਾਰਟੀਆਂ ਨੂੰ ਭੈੜੇ ਤੋਂ ਭੈੜਾ ਨਾਂ ਦੇ ਕੇ ਇਹਨਾਂ ਦੇ ਖਿਲਾਫ ਵੱਧ ਤੋਂ ਵੱਧ ਨਫਰਤ ਪੈਦਾ ਕਰਨਾ ਸੀ ਜੋ ਉਹਨਾਂ ਨੇ 'ਕਸਾਬ' ਦੇ ਨਾਮ ਨਾਲ ਪੂਰਾ ਕਰ ਲਿਆ, ਜਿਸ ਨੂੰ ਬੰਬਈ ਦੇ 26-11-2008 ਦੇ ਹਮਲੇ ਦੇ ਦੋਸ਼ ਵਿਚ 2012 ਵਿਚ ਫਾਂਸੀ ਦੇ ਦਿੱਤੀ ਗਈ ਸੀ।

ਦੂਜੇ ਸ਼ਬਦਾਂ ਵਿਚ ਇਹਨਾਂ ਪਾਰਟੀਆਂ ਨੂੰ ਵੀ ਕਸਾਬ ਦੇ ਬਰਾਬ ਦੇਸ਼ ਧਰੋਹੀ ਅਤੇ ਆਤੰਕੀ ਕਹਿਣ ਦਾ ਯਤਨ ਕੀਤਾ ਟੀ. ਵੀ. ਅਤੇ ਅਖਬਾਰਾਂ ਵਿਚ ਆਈਆਂ ਰਿਪੋਰਟਾਂ ਅਨੁਸਾਰ ਇਸ ਦੀ ਜਿੰਨੀ ਭੰਡੀ ਹੋਈ ਉਸ ਨੂੰ ਕੋਈ ਮੋਟੀ ਚਮੜੀ ਵਾਲਾ ਬੰਦਾ ਹੀ ਹਜ਼ਮ ਕਰ ਸਕਦਾ ਹੈ। ਕੋਈ ਜ਼ਮਾਨਾ ਸੀ ਜਦ ਸਿਆਸੀ ਮੈਦਾਨ ਖਾਸ ਕਰ ਸਦਨ ਵਿਚ ਪਾਰਲੀਮੈਂਟ ਦੇ ਕਾਰ-ਵਿਹਾਰ ਵਿਚ ਉਚ ਦਰਜੇ ਦੀ ਸ਼ਾਲੀਨਤਾ, ਸਿਸ਼ਟਾਚਾਰ ਅਤੇ ਸਭਿਆ ਭਾਸ਼ਾ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਹਲਕਾ ਮਜ਼ਾਕ ਅਤੇ ਸ਼ਾਇਰੀ ਵੀ ਗੰਭੀਰ ਬਹਿਸਾਂ ਦਾ ਇਕ ਜ਼ਰੂਰੀ ਹਿੱਸਾ ਹੁੰਦਾ ਸੀ। ਮਤਭੇਦ ਕਿੰਨੇ ਵੀ ਗੰਭੀਰ ਹੋਣ ਸਖਤ ਭਾਸ਼ਾ ਤੋਂ ਹਰ ਕੋਈ ਪਰਹੇਜ਼ ਕਰਦਾ ਸੀ। ਨਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਵੀ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੇ ਇਕ ਵਾਰ ਇਹੀ ਕਿਹਾ:

ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ
ਵੁਹ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ।

ਤਹਿਜ਼ੀਬ ਅਤੇ ਸਿਸ਼ਟਾਚਾਰ ਦੀ ਤਾਂ ਗੱਲ ਛੱਡੋ ਹੁਣ ਤਾਂ ਸਣੇ ਨਹਿਰੂ ਅੰਬੇਡਕਰ ਲੋਕਤੰਤਰ ਅਤੇ ਮਿਲੀ-ਜੁਲੀ ਸੰਸਕ੍ਰਿਤੀ ਦੇ ਬਚੇ ਰਹਿਣ ਦਾ ਹੀ ਸਵਾਲ ਖੜ੍ਹਾ ਹੋ ਗਿਆ ਹੈ।

ਪਿੱਛੇ 10 ਸਾਲ ਪ੍ਰਧਾਨ ਮੰਤਰੀ ਰਹਿ ਚੁੱਕੇ ਮਨਮੋਹਨ ਸਿੰਘ ਨੂੰ ਬਾਥ ਰੂਮ ਵਿਚ ਸਣੇ ਰੇਨ-ਕੋਟ ਨਹਾਉਣ ਦੀ ਟਿੱਚਰ ਕਰਕੇ ਕਿਹੜਾ ਮੋਰਚਾ ਜਿੱਤ ਲਿਆ? ਸਿਵਾਏ ਬੇਮਤਲਬ ਧੂੜ ਉਭਾਰਨ ਦੇ? ਯੂ. ਪੀ. ਵਿਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਮੋਦੀ ਜੀ ਵਿਰੋਧੀ ਪਾਰਟੀਆਂ/ਨੇਤਾਵਾਂ ਅੱਗੇ ਅਪੀਲ ਕਰਦੇ ਹਨ 'ਤੁਸੀਂ ਮੇਰੀ ਜਿੰਨੀ ਮਰਜ਼ੀ ਤਿੱਖੀ ਆਲੋਚਨਾ ਕਰੋ, ਵਿਰੋਧਤਾ ਕਰੋ, ਪਰ ਬਹਿਸ ਦਾ ਪੱਧਰ ਨੀਚੇ ਨਹੀਂ ਡਿੱਗਣਾ ਚਾਹੀਦਾ।' ਇਹ ਟੱਕਰ ਵਿਚ ਖੜ੍ਹੀਆਂ ਪਾਰਟੀਆਂ ਨੂੰ ਕਿਸ ਤਰ੍ਹਾਂ ਦੀ ਨਸੀਹਤ ਹੈ? ਅਕਲ ਹੈਰਾਨ ਹੈ, ਖੁਦ ਹੀ ਅੱਗ ਲਗਾ ਕੇ ਦੂਜਿਆਂ ਤੋਂ ਆਸ ਰੱਖਣੀ ਕਿ ਅੱਗ ਹੋਰ ਭੜਕਣ ਨਾ ਦਿਓ।

ਦੁੱਖ ਦੀ ਗੱਲ ਹੈ ਕਿ ਇਸ ਲਫਜ਼ੀ ਇੱਟ ਖੜੱਕੇ ਵਿਚ ਜੇ ਕਿਸੇ ਚੀਜ਼ ਦਾ ਸਭ ਤੋਂ ਵੱਧ ਘਾਣ ਹੋਇਆ ਹੈ ਤਾਂ ਉਹ ਵਿਅੱਕਤੀਆਂ ਦਾ ਨਹੀਂ ਸਗੋਂ ਨਵੇਂ ਬਣੇ ਲੋਕਤੰਤਰ, ਉਸ ਦੇ ਕਾਰਨ ਉਪਜਣ ਵਾਲੀਆਂ ਮਾਨਵੀ ਕਦਰਾਂ ਅਤੇ ਖਾਸ ਤੌਰ 'ਤੇ ਨਵੇਂ ਸੰਵਿਧਾਨ ਦੇ ਰਖਵਾਲੇ ਪ੍ਰਧਾਨ ਮੰਤਰੀ ਦੇ ਪਦ ਦਾ ਹੋਇਆ ਹੈ। ਇਸ ਛੀਨਾ ਝਪਟੀ ਦਾ ਜੋ ਹੋਰ ਦੁਖਦਾਈ ਨਤੀਜਾ ਸਾਹਮਣੇ ਆਇਆ ਹੈ, ਉਹ ਹੈ ਪ੍ਰਧਾਨ ਮੰਤਰੀ ਦਾ ਅਪਮਾਨ- ਕੋਈ ਉਹਨਾਂ ਨੂੰ ਫਿਰਕਾਪ੍ਰਸਤ, ਕੋਈ ਸਨਕੀ, ਕੋਈ ਤਾਨਾਸ਼ਾਹ ਕੋਈ ਹੱਦ ਦਰਜੇ ਦਾ ਝੂਠਾ ਬਲਕਿ ਇਸ਼ਾਰਿਆਂ-ਇਸ਼ਾਰਿਆਂ ਵਿਚ ਕਈਆਂ ਨੇ ਉਹਨਾਂ ਨੂੰ ਹੋਛਾ ਹੀਜੜਾ ਆਤੰਕੀ ਅਤੇ ਗਧਾ ਤੱਕ ਕਹਿ ਦਿੱਤਾ। ਅਤੇ ਉਹਨਾਂ ਦੇ ਨਾਲ ਦੇ ਸਾਥੀ ਨੂੰ ਗੈਂਡਾ। ਕਿਸ ਕਿਸ ਦਾ ਮੂੰਹ ਬੰਦ ਕਰੋਗੇ? ਇੰਝ ਲੱਗਦਾ ਹੈ ਕਿ ਬਾਜ਼ੀ ਜਿੱਤਣ ਲਈ ਉਹ ਆਪਣੇ ਆਖਰੀ ਹਥਿਆਰਾਂ ਯਾਨਿ ਸੰਪਰਦਾਇਕ ਵੰਡੀ 'ਤੇ ਉਤਰ ਆਏ ਹਨ। ਵੈਸੇ ਤਾਂ ਉਹਨਾਂ ਦੇ ਸੰਗਠਨ ਦਾ ਆਧਾਰ ਹੀ ਸੰਪਰਦਾਇਕ ਹੈ ਪਰ ਇਲੈਕਸ਼ਨਾਂ ਦੀ ਗਰਮੀ ਵਿਚ ਰਹਿੰਦਾ-ਖੂੰਹਦਾ ਮੁਲੰਮਾ ਵੀ ਉਤਰ ਗਿਆ ਹੈ। ਭਾਰਤ ਮਹਾਨ ਦੇ ਅਨੇਕਾਂ ਰੁਝੇਵਿਆਂ ਨੂੰ ਛੱਡ ਕੇ ਯੂ. ਪੀ. ਦੇ ਲਖਨਊ, ਮੇਰਠ, ਫਤਿਹਪੁਰ, ਬਹਿੜਾਇਚ ਦੇ ਗਲੀ ਕੂਚਿਆਂ ਦੀ ਧੂੜ ਫੱਕਣ ਅਤੇ ਸ਼ਮਸ਼ਾਨਾਂ ਦੀ ਅੱਗ ਭੜਕਾਉਣ ਲੱਗ ਪਏ ਹਨ। ਕੋਈ ਕਸਰ ਨਹੀਂ ਛੱਡ ਰਹੇ।

ਬਾਤੋਂ ਬਾਤੋਂ ਮੇਂ ਜੋ ਦਿਲਬਰ ਸੇ ਦੰਗਾ ਹੋ ਗਿਆ
ਵੁਹ ਹੂਏ ਜਾਮੇਂ ਸੇ ਬਾਹਰ ਮੈਂ ਭੀ ਨੰਗਾ ਹੋ ਗਿਆ।

ਰੱਬ ਜਾਣੇ ਇਸ ਨੰਗੇਜ (ਨਗਨਤਾ) ਦੀ ਅਗਲੀ ਸ਼ਕਲ ਕੀ ਹੋਵੇਗੀ! ਖੁਦਾ ਖੈਰ ਕਰੇ!!

# ਫਿਰ ਬਹਾਲ ਹੋ ਸਕਦੀ ਹੈ ਚਮਾਰ ਰਜਿਮੈਂਟ

**ਘਨੌਰੀ (ਕੈਥਲ)-** ਅਨੁਸੂਚਿਤ ਜਾਤੀ ਦੇ ਲਈ ਭਾਰਤੀ ਫੌਜ ਵਿਚ ਬ੍ਰਿਗੇਡੀਅਰ, ਕਰਨਲ, ਜਨਰਲ, ਕਪਤਾਨ ਅਤੇ ਅਹਿਮ ਫੌਜੀ ਅਧਿਕਾਰੀ ਬਣਨ ਦੇ ਲਈ 71 ਸਾਲਾਂ ਤੋਂ ਬੰਦ ਦਰਵਾਜ਼ੇ ਖੁੱਲ੍ਹਣ ਦੀ ਉਮੀਦ ਜਾਗੀ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਦੇਸ਼ ਦੀ ਸੁਰੱਖਿਆ ਦੇ ਲਈ ਗਠਿਤ ਰਜਿਮੈਂਟਾਂ ਵਿਚੋਂ ਅਚਾਨਕ ਇਸ ਤਬਕੇ ਦੀ ਰਜਿਮੈਂਟ ਬੰਦ ਕਰਨ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। 15 ਦਿਨ ਦੇ ਸਮੇਂ ਵਿਚ ਸਰਕਾਰ ਨੇ ਇਸਦਾ ਜਵਾਬ ਦੇਣਾ ਹੈ।

ਐਸ. ਸੀ. ਜਾਤੀ ਦੀ ਫੌਜ ਵਿਚ ਹੋਂਦ ਯਕੀਨੀ ਕਰਨ ਦੇ ਟੀਚੇ ਨਾਲ ਜੁੜੇ ਇਸ ਮਸਲੇ ਦੀ ਜਾਣਕਾਰੀ ਦਿੰਦੇ ਹੋਏ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਚੌਧਰੀ ਈਸ਼ਵਰ ਸਿੰਘ ਨੇ ਦੱਸਿਆ ਕਿ ਇਸ ਸੰਦਰਭ ਵਿਚ ਜ਼ਿਲ੍ਹਾ ਝੱਜਰ ਨਿਵਾਸੀ ਦਿਲਬਾਗ ਸਿੰਘ ਨੇ ਸ਼ਿਕਾਇਤ ਕੀਤੀ ਹੈ। ਕਮਿਸ਼ਨ ਦੇ ਕੋਲ ਪਹੁੰਚੀ ਸ਼ਿਕਾਇਤ ਵਿਚ ਵਰਣਨ ਹੈ ਕਿ 1943 ਵਿਚ ਰਜਿਮੈਂਟ ਦਾ ਗਠਨ ਕੀਤਾ ਗਿਆ। ਸਾਲ 1945 ਵਿਚ ਜਪਾਨ ਤੇ ਹੋਏ ਪਰਮਾਣੂ ਹਮਲੇ ਤੋਂ ਬਾਅਦ ਅਚਾਨਕ 1946 ਵਿਚ ਇਸ ਰਜਿਮੈਂਟ ਨੂੰ ਤੋੜ ਦਿੱਤਾ ਗਿਆ। ਇਤਿਹਾਸ ਵਿਚ ਇਹ ਸਾਫ ਹੈ ਕਿ ਪਰਮਾਣੂ ਯੁੱਧ ਵਿਚ ਸਬੰਧਤ ਰਜਿਮੈਂਟ ਨੇ ਅਹਿਮ ਭੂਮਿਕਾ ਨਿਭਾਈ ਸੀ। ਰੰਗੂਨ ਵਿਚ ਯੁੱਧ ਸਮਾਰਕ ਤੇ ਸਨਮਾਨ ਦਾ ਰੋਲ ਰਜਿਮੈਂਟ ਨੂੰ ਸੂਚੀਬੱਧ ਕਰਦਾ ਹੈ। ਇਸ ਦੇ ਬਾਵਜੂਦ ਇਸਨੂੰ ਬੰਦ ਕਰਨ ਨਾਲ ਭਾਰਤੀ ਫੌਜ ਵਿਚ ਐਸ. ਸੀ. ਜਾਤੀ ਦੇ ਨੌਜਵਾਨ ਬ੍ਰਿਗੇਡੀਅਰ, ਕਰਨਲ,ਜਰਨਲ ਅਤੇ ਵੱਡੇ ਫੌਜ ਅਧਿਕਾਰੀ ਅਹੁਦਿਆਂ ਤੱਕ ਨਹੀਂ ਪਹੁੰਚ ਪਾ ਰਹੇ ਹਨ।

15, ਮਾਰਚ 2017 ਦੇ ਬਹੁਜਨ ਸਮਾਜ ਦਿਵਸ ਦੇ ਮੌਕੇ 'ਤੇ

# ਬਾਮਸੇਫ਼ ਦਾ ਜਨਮ (Birth of BAMCEF)




(ਲੜੀ 3)

**"ਜਿਸ ਸਮਾਜ ਦੀਆ ਗੈਰ ਰਾਜਨੀਤਿਕ ਜੜਾ ਮਜ਼ਬੂਤ ਨਹੀਂ ਹੁੰਦੀਆਂ, ਉਨ੍ਹਾਂ ਦੀ ਰਾਜਨੀਤੀ ਕਾਮਯਾਬ ਨਹੀਂ ਹੋ ਸਕਦੀ''।**

ਪੂਨੇ ਵਿੱਚ ਬਾਬਾ ਸਾਹਿਬ ਅੰਬੇਡਕਰ ਅਤੇ ਬੁੱਧ ਜੈਅੰਤੀ ਦੀਆ ਛੁੱਟੀਆਂ ਸਬੰਧੀ ਹੋਏ ਅੰਦੋਲਨ ਅਤੇ ਉਸ ਤੋਂ ਬਾਅਦ RPI ਵਿੱਚ ਕੁੱਝ ਸਾਲ ਕੰਮ ਕਰਨ ਤੋਂ ਬਾਅਦ, ਸਾਹਿਬ ਕਾਂਸ਼ੀ ਰਾਮ ਪੂਰੀ ਤਰਾਂ ਇਸ ਨਤੀਜੇ ਤੇ ਪਹੁੰਚ ਚੁੱਕੇ ਸਨ ਕਿ ਹੁਣ ਬਾਬਾ ਸਾਹਿਬ ਦੀ ਮੂਵਮੈਂਟ ਮਹਾਰਾਸ਼ਟਰ ਵਿੱਚ ਨਹੀਂ ਚਲ ਸਕੇਗੀ। ਉਹ D.K.Khaparde, ਦੀਨਾ ਭਾਨਾ ਜੀ ਅਤੇ ਕੁੱਝ ਹੋਰ ਸਾਥੀਆਂ ਦੇ ਨਾਲ ਕਾਫੀ ਵਿਚਾਰ-ਚਰਚਾ ਕਰਨ ਉਪਰੰਤ ਇਸ ਸਿੱਟੇ ਤੇ ਪੁੱਜੇ, ਕਿ "ਜਿਸ ਸਮਾਜ ਦੀਆ ਗੈਰ ਰਾਜਨੀਤਿਕ ਜੜਾ ਮਜ਼ਬੂਤ ਨਹੀਂ ਹੁੰਦੀਆਂ, ਉਨ੍ਹਾਂ ਦੀ ਰਾਜਨੀਤੀ ਕਾਮਯਾਬ ਨਹੀਂ ਹੋ ਸਕਦੀ"। ਇਸੇ ਵਿਚਾਰਧਾਰਾ ਤੇ ਚਲਦੇ ਹੋਏ, ਉਨ੍ਹਾਂ SC, ST, OBC ਅਤੇ Minorities (ਧਾਰਮਿਕ ਘੱਟ ਗਿਣਤੀਆਂ) ਦੇ ਸਰਕਾਰੀ ਕਰਮਚਾਰੀਆਂ ਨੂੰ ਇਕ ਸੰਗਠਨ ਬਣਾ ਕੇ, ਸੰਗਠਿਤ ਕਰਨ ਦਾ ਫ਼ੈਸਲਾ ਕੀਤਾ। ਪੂਰੇ ਦੇਸ਼ ਵਿੱਚ ਮੂਲ ਨਿਵਾਸੀਆਂ ਦੇ ਮਹਾਂਪੁਰਸ਼ਾਂ ਦੇ ਸੰਘਰਸ਼ ਦੇ ਕਾਰਣ ਅਤੇ ਖ਼ਾਸ ਕਰਕੇ ਬਾਬਾ ਸਾਹਿਬ ਅੰਬੇਡਕਰ ਦੇ ਸੰਘਰਸ਼ ਦੇ ਕਾਰਨ, SC ਅਤੇ ST ਦੇ ਲੱਖਾਂ ਲੋਕਾਂ ਨੂੰ ਸਰਕਾਰੀ ਨੌਕਰੀਆਂ ਮਿਲ ਚੁੱਕੀਆਂ ਸਨ। ਇਹ ਇਹਨਾਂ ਵਰਗਾਂ ਵਿੱਚ ਇਕ ਨਵਾਂ ਵਰਗ ਬਣ ਚੁੱਕਿਆ ਸੀ, ਜਿਨ੍ਹਾਂ ਕੋਲ ਇਕ ਰੋਜ਼ਗਾਰ, ਸਿੱਖਿਆ ਅਤੇ ਆਰਥਿਕ ਸਥਿਤੀ ਸੁਧਰ ਜਾਣ ਤੋਂ ਇਲਾਵਾ, ਸ਼ਾਸ਼ਨ-ਪ੍ਰਸ਼ਾਸ਼ਨ ਬਾਰੇ ਵੀ ਜਾਣਕਾਰੀ ਸੀ। ਇਹਨਾਂ ਹੀ ਸਾਰੀਆਂ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ, ਸਾਹਿਬ ਕਾਂਸ਼ੀ ਰਾਮ ਅਤੇ ਉਨ੍ਹਾਂ ਦੇ ਸਾਥੀਆਂ ਨੇ 1973 ਨੂੰ ਦਿੱਲੀ ਸਮੇਤ, ਪੂਰੇ ਦੇਸ਼ ਦੇ SC, ST , OBC ਅਤੇ Minorities ਦੇ ਸਰਕਾਰੀ ਕਰਮਚਾਰੀਆਂ ਨੂੰ ਇਕ-ਜੁਟ ਕਰਨ ਦੇ ਵਿਚਾਰ ਨੂੰ ਅਪਣਾਇਆ ਅਤੇ ਇਹ ਪ੍ਰਣ ਕੀਤਾ ਕਿ ਅਗਲੇ ਪੰਜ ਸਾਲਾਂ ਵਿੱਚ ਉਹ ਸਖ਼ਤ ਮਿਹਨਤ ਕਰਕੇ, ਇਹਨਾਂ ਕਰਮਚਾਰੀਆਂ ਨੂੰ ਇਕ ਸੰਸਥਾ ਨਾਲ ਜੋੜਨਗੇ ਅਤੇ 1978 ਵਿੱਚ "Birth of BAMCEF" ਹੋਵੇਗਾ। BAMCEF ਦਾ ਪੂਰਾ ਨਾਮ ਸੀ, "Backward and Minority Community Employees Federation" (ਪਛੜੇ ਅਤੇ ਧਾਰਮਿਕ ਘੱਟਗਿਣਤੀਆਂ ਦਾ ਕਰਮਚਾਰੀ ਸੰਘ)।



ਸਤਵਿੰਦਰ ਮਦਾਰਾ
ਕੈਨੇਡਾ 639-317-4550

ਬਾਬਾ ਸਾਹਿਬ ਅੰਬੇਡਕਰ ਵੱਲੋਂ 18 ਮਾਰਚ 1956 ਨੂੰ ਆਗਰਾ ਵਿਖੇ ਦਿੱਤੇ ਗਏ ਇਤਿਹਾਸਕ ਭਾਸ਼ਣ ਵਿੱਚ ਉਨ੍ਹਾਂ ਬੜੇ ਹੀ ਦੁੱਖ ਨਾਲ ਆਪਣੇ ਸਮਾਜ ਨੂੰ ਇਸ ਗੱਲ ਨਾਲ ਜਾਣੂ ਕਰਵਾਇਆ ਸੀ ਕਿ, "ਮੈਂ ਸੋਚਿਆ ਸੀ ਕਿ ਪੜ੍ਹ ਲਿਖ ਕੇ ਸਾਡਾ ਸਮਾਜ ਅੱਗੇ ਵਧੇਗਾ ਅਤੇ ਜਿਨ੍ਹਾਂ ਲੋਕਾਂ ਨੂੰ ਭਾਰਤੀ ਸੰਵਿਧਾਨ ਦੇ ਕਾਰਨ ਸੁਖ ਸੁਵਿਧਾ ਮਿਲੇਗੀ, ਉਹ ਅੱਗੇ ਵਧ ਕੇ ਆਪਣੇ ਸਮਾਜ ਦੇ ਗਰੀਬ ਅਤੇ ਬੇਸਹਾਰਾ ਲੋਕਾਂ ਦਾ ਸਹਾਰਾ ਬਣਨਗੇ। ਪਰ ਅਫ਼ਸੋਸ, ਉਹ ਸਿਰਫ਼ ਆਪਣੇ ਅਤੇ ਆਪਣੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਰਹਿ ਗਏ ਅਤੇ ਉਨ੍ਹਾਂ ਨੇ ਆਪਣੇ ਹਜ਼ਾਰਾਂ ਸਾਲਾਂ ਤੋਂ ਗ਼ੁਲਾਮ ਰਹੇ ਸਮਾਜ ਬਾਰੇ ਬਿਲਕੁਲ ਵੀ ਨਹੀਂ ਸੋਚਿਆ। ਸਾਹਿਬ ਕਾਂਸ਼ੀ ਰਾਮ ਅਤੇ ਉਨ੍ਹਾਂ ਦੇ ਸਾਥੀ ਇਸ ਗੱਲ ਨੂੰ ਕਦੇ ਵੀ ਭੁਲਾ ਨਹੀਂ ਸਕੇ ਅਤੇ ਆਪਣੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆ, ਆਪਣਾ ਪੂਰਾ ਜੀਵਨ ਸਮਾਜ ਦੀ ਬਿਹਤਰੀ ਲਈ ਸਮਰਪਿਤ ਕਰਨ ਦਾ ਫ਼ੈਸਲਾ ਕੀਤਾ। ਬਾਬਾਸਾਹਿਬ ਅੰਬੇਡਕਰ ਦੇ ਰੁਕ ਚੁੱਕੇ ਕਾਰਵਾਂ ਨੂੰ ਦੁਬਾਰਾ ਖੜਾ ਕਰਨ ਲਈ ਉਨ੍ਹਾਂ ਇਕ ਫ਼ਾਰਮੂਲਾ ਬਣਾਇਆ, ਜਿਸ ਨੂੰ ਸਾਹਿਬ ਕਾਂਸ਼ੀ ਰਾਮ ਨੇ ਕਈ ਵਾਰੀ ਆਪਣੇ ਕੇਡਰ ਕੈਂਪਾਂ ਵਿੱਚ ਦੱਸਿਆ, ਜੋ ਸੀ ਕਿ, "N x D x S = C"। ਇਸ ਦਾ ਮਤਲਬ ਸੀ, ਕਿ "Need x Desire x Strength = Change", ਜਿਸ ਨੂੰ ਪੰਜਾਬੀ ਵਿਚ ਸਮਝਣ ਲਈ ਅਸੀਂ ਕਹਿ ਸਕਦੇ ਹਾਂ ਕਿ "ਜ਼ਰੂਰਤ x ਇੱਛਾ x ਤਾਕਤ = ਬਦਲਾਅ"। ਯਾਨੀ ਕਿ ਪਰਿਵਰਤਨ ਲਿਆਉਣ ਵਾਸਤੇ, ਸਭ ਤੋਂ ਪਹਿਲਾ ਸਮਾਜ ਵਿੱਚ "ਜ਼ਰੂਰਤ'' ਹੋਣੀ ਚਾਹੀਦੀ ਹੈ, ਫਿਰ ਉਸ ਵਿਚ "ਇੱਛਾ'' ਹੋਣੀ ਚਾਹੀਦੀ ਹੈ, ਜੇਕਰ ਇਹ ਦੋਵੇਂ ਚੀਜ਼ਾਂ ਉਸ ਵਿਚ ਹੋਣ ਤਾ ਫਿਰ ਉਸ ਦੇ ਕੋਲ ਤਾਕਤ ਹੋਣੀ ਚਾਹੀਦੀ ਹੈ ਅਤੇ ਜੇ ਉਹ ਇਹਨਾਂ ਤਿੰਨਾਂ ਚੀਜ਼ਾਂ ਨੂੰ ਸੰਗਠਿਤ ਕਰ ਲਵੇ ਤਾ ਉਹ ਪਰਿਵਰਤਨ ਲਿਆ ਸਕਦਾ ਹੈ। ਸਾਹਿਬ ਕਾਂਸ਼ੀ ਰਾਮ ਨੇ ਦੱਸਿਆ ਕਿ ਬਾਬਾਸਾਹਿਬ ਦੇ ਸਮੇਂ, ਸਾਡੇ ਸਮਾਜ ਕੋਲ "N" ਅਤੇ "D" ਤਾਂ ਸਨ, ਪਰ "S" ਨਹੀਂ ਸੀ, ਪਰ ਬਾਬਾ ਸਾਹਿਬ ਦੇ ਸੰਘਰਸ਼ ਕਾਰਨ ਅੱਜ ਸਮਾਜ ਵਿੱਚ ਲੱਖਾਂ ਲੋਕਾਂ ਨੂੰ ਨੌਕਰੀਆਂ ਮਿਲੀਆ ਸਨ, ਇਸ ਕਰਕੇ ਅੱਜ ਸਮਾਜ ਵਿਚ "S" ਪੈਦਾ ਹੋ ਚੁੱਕੀ ਹੈ। ਇਸ ਕਰਕੇ ਅਗਰ ਅਸੀਂ ਇਹਨਾਂ ਤਿੰਨਾਂ ਚੀਜ਼ਾਂ ਨੂੰ ਸੰਗਠਿਤ ਕਰ ਦੇਈਏ ਤਾਂ "C" ਯਾਨੀ ''ਪਰਿਵਰਤਨ'' ਲਿਆਂਦਾ ਜਾ ਸਕਦਾ ਹੈ।

ਇਸ ਬਹੁਤ ਵੱਡੇ ਸੰਗਠਨ ਨੂੰ ਬਣਾਉਣ ਵਾਸਤੇ, ਸਾਹਿਬ ਕਾਂਸ਼ੀ ਰਾਮ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਨਿਰਣਾ ਲਿਆ ਕਿ ਇਸ ਨੂੰ ਕਈ ਭਾਗਾਂ ਵਿਚ ਵੰਡਿਆ ਜਾਏਗਾ। ਬੁਨਿਆਦੀ ਤੌਰ ਤੇ ਇਸ ਵਿੱਚ ਤਿੰਨ ਅੰਗ ਹੋਣਗੇ, "ਬਹੁਜਨ ਆਧਾਰਿਤ'' (Mass Based), ਦੇਸ਼ ਵਿਆਪੀ (Broad Based) ਅਤੇ ਕੈਡਰਾਂ ਤੇ ਆਧਾਰਿਤ (Cadre Based)। ਇਸ ਤੋਂ ਇਲਾਵਾ ਵੀ ਇਸ ਦੇ ਕੁਝ ਹੋਰ ਅੰਗ ਹੋਣਗੇ, ਜੋ ਕਿ ਇਸ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਿੱਚ ਸਹਾਈ ਹੋਣਗੇ। "Mass Based" ਹੋਣ ਦੇ ਕਾਰਨ, ਇਸ ਦੇ ਮੈਂਬਰਾਂ ਦੀ ਸੰਖਿਆ ਘੱਟ ਤੋਂ ਘੱਟ ਇਕ ਲੱਖ ਹੋਣੀ ਚਾਹੀਦੀ ਹੈ, ਤਾਂ ਕਿ ਐਨੇ ਵੱਡੇ ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਪਰਿਵਰਤਨ ਦੀ ਲਹਿਰ ਨੂੰ ਚਲਾਉਣ ਵਾਸਤੇ, ਇਸ ਨੂੰ ਕਾਫੀ ਸਾਧਨਾ ਦੀ ਜ਼ਰੂਰਤ ਪਏਗੀ ਅਤੇ ਉਸ ਨੂੰ ਫੇਰ ਹੀ ਪੂਰਾ ਕਿੱਤਾ ਜਾ ਸਕਦਾ ਹੈ, ਜੇਕਰ ਇਸ ਦੇ ਲੱਖਾਂ ਹੀ ਮੈਂਬਰ ਹੋਣ। ਦੂਜਾ ਅੰਗ ਸੀ, "Broad Based" ਹੋਣ ਦਾ, ਜਿਸ ਨੂੰ ਭਾਰਤ ਦੇਸ਼ ਦੀ ਵਿਭਿੰਨਤਾ ਅਤੇ ਬੜੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਬਣਾਉਣ ਦਾ ਨਿਰਣਾ ਕੀਤਾ ਗਿਆ, ਤਾਂ'ਕਿ ਇਸ ਦੇ ਮੈਂਬਰ ਦੇਸ਼ ਦੇ ਅਲੱਗ-ਅਲੱਗ ਕੋਨਿਆਂ ਵਿੱਚੋਂ ਹੋਣ, ਨਾ ਕਿ ਕੁਝ ਸੂਬਿਆਂ ਜਾਂ ਸ਼ਹਿਰਾਂ ਤੋਂ। ਤੀਜਾ ਅਤੇ ਮਹੱਤਵਪੂਰਨ ਅੰਗ ਸੀ, "Cadre Based" ਹੋਣ ਦਾ; ਐਨੇ ਵੱਡੇ ਦੇਸ਼ ਵਿਚ ਇੱਕ ਵੱਡੇ ਅੰਦੋਲਨ ਨੂੰ ਖੜਾ ਕਰਨ ਲਈ, ਬਹੁਤ ਹੀ ਸਿੱਖਿਅਤ ਅਤੇ ਤਿਆਗ ਦੀ ਭਾਵਨਾ ਰੱਖਣ ਵਾਲੇ ਕੈਡਰਾਂ ਦੀ ਜ਼ਰੂਰਤ ਨੂੰ ਵੀ ਮਹਿਸੂਸ ਕੀਤਾ ਗਿਆ, ਜੋ ਪੂਰੇ ਤਨ-ਮਨ-ਧਨ ਨਾਲ ਇਸ ਕੰਮ ਨੂੰ ਕਰਨ ਵਿੱਚ ਆਪਣੀ ਪੂਰੀ ਤਾਕਤ ਲਗਾ ਦੇਣ।

BAMCEF ਦੇ ਨਿਰਮਾਣ ਵਿੱਚ ਵਿਚਾਰਧਾਰਾ ਨੂੰ ਮਜ਼ਬੂਤ ਬਣਾਉਣ ਵਿੱਚ ਵੀ ਕਾਫੀ ਜ਼ੋਰ ਦਿੱਤਾ ਗਿਆ ਅਤੇ ਇਸ ਗੱਲ ਦੀ ਲੋੜ ਨੂੰ ਸਮਝਿਆ ਗਿਆ ਕਿ ਬ੍ਰਾਹਮਣਵਾਦੀਆਂ ਦੀ ਵਿਚਾਰਧਾਰਾ ਨੂੰ ਹਰਾਉਣ ਲਈ, ਸਾਨੂੰ ਵੀ ਇਕ ਹਮਲਾਵਰ ਅਤੇ ਤਾਕਤਵਰ ਵਿਚਾਰਧਾਰਾ ਨੂੰ ਘੜਨਾ ਪਵੇਗਾ। ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਅਤੇ ਉਨ੍ਹਾਂ ਦੇ ਸਾਥੀ ਇਸ ਨਤੀਜੇ ਤੇ ਪਹੁੰਚੇ ਕਿ ਦੇਸ਼ ਵਿਚ ਬੁਨਿਆਦੀ ਤੌਰ ਤੇ ਦੋ ਹੀ ਵਰਗ ਹਨ; ਇਕ "ਸ਼ਾਸਕ'' ਅਤੇ ਦੂਜਾ "ਸ਼ੋਸ਼ਿਤ'', ਇਕ ਉਹ ਜੋ ਜ਼ੁਲਮ ਕਰਦਾ ਹੈ ਅਤੇ ਦੂਜਾ ਉਹ ਜਿਸ ਦੇ ਉਪਰ ਜ਼ੁਲਮ ਹੁੰਦਾ ਹੈ। ਸ਼ਾਸਕ ਜਾਂ ਜ਼ੁਲਮ ਕਰਨ ਵਾਲਾ ਜੋ ਸਮਾਜ ਹੈ, ਉਸ ਦੀ ਸੰਖਿਆ 15% ਹੈ ਅਤੇ ਉਹ ਇਸ ਦੇਸ਼ ਦਾ ਬ੍ਰਾਹਮਣ, ਬਾਣੀਆਂ ਅਤੇ ਖੱਤਰੀ ਹੈ, ਜੋ ਕਿ ਇਸ ਦੇਸ਼ ਦਾ ਮੂਲ ਨਿਵਾਸੀ ਨਹੀ, ਬਲਕਿ ਹਜ਼ਾਰਾਂ ਸਾਲ ਪਹਿਲਾ ਬਾਹਰੋਂ ਆਇਆ ਹੋਇਆ "ਆਰੀਆ'' ਮੂਲ ਦਾ ਵਿਦੇਸ਼ੀ ਹੈ ਅਤੇ ਉਨ੍ਹਾਂ ਨੇ ਦੇਸ਼ ਦੇ ਉਪਰ ਆਪਣਾ ਕਬਜ਼ਾ ਕਰਨ ਲਈ ਬ੍ਰਾਹਮਣਵਾਦੀ ਸੱਭਿਅਤਾ ਦਾ ਨਿਰਮਾਣ ਕੀਤਾ। ਦੂਜੇ ਪਾਸੇ ਦੇਸ਼ ਦਾ 85% ਸਮਾਜ ਹੈ, ਜੋ ਕਿ ਇਸ ਦੇਸ਼ ਦਾ ਮੂਲ ਨਿਵਾਸੀ ਹੈ ਅਤੇ ਉਸ ਨੂੰ 15% ਬ੍ਰਾਹਮਣਵਾਦੀ ਲੋਕਾਂ ਨੇ 6000 ਜਾਤਾਂ ਵਿੱਚ ਵੰਡਿਆ ਹੋਇਆ ਹੈ, ਤਾਂ ਕਿ ਉਨ੍ਹਾਂ ਉੱਪਰ ਉਹ ਆਪਣਾ ਰਾਜ ਚਲਾ ਸਕਣ। ਇਹਨਾਂ 6000 ਜਾਤਾਂ ਵਿੱਚ ਵੀ ਉਨ੍ਹਾਂ ਸਾਜ਼ਿਸ਼ ਕਰਦੇ ਹੋਏ ਕਈ ਹੋਰ ਵਰਗ ਬਣਾਏ , ਜਿਵੇਂ ਕਿ ਕੁਝ ਲੋਕਾਂ ਨੂੰ ਸੂਦਰ ਬਣਾਇਆ, ਜਿਨ੍ਹਾਂ ਨੂੰ ਅੱਜ "OBC" ਕਿਹਾ ਜਾਂਦਾ ਹੈ ਅਤੇ ਇਹਨਾਂ ਨੂੰ ਲਗਭਗ 3500 ਜਾਤਾਂ ਵਿਚ ਵੰਡਿਆ। ਕੁਝ ਲੋਕਾਂ ਨੂੰ ਅਛੂਤ ਬਣਾਇਆ ਜਿਨ੍ਹਾਂ ਨੂੰ ਅੱਜ "SC" ਕਿਹਾ ਜਾਂਦਾ ਹੈ ਅਤੇ ਇਹਨਾਂ ਨੂੰ ਲਗਭਗ 1500 ਜਾਤਾਂ ਵਿੱਚ ਵੰਡਿਆ, ਕੁਝ ਲੋਕਾਂ ਨੂੰ ਜੰਗਲਾਂ ਵਿੱਚ ਚਲੇ ਜਾਣ ਲਈ ਮਜਬੂਰ ਕੀਤਾ, ਜਿਨ੍ਹਾਂ ਨੂੰ ਅੱਜ "ST" ਕਿਹਾ ਜਾਂਦਾ ਹੈ ਅਤੇ ਇਹਨਾਂ ਨੂੰ ਵੀ ਤਕਰੀਬਨ 1000 ਜਾਤਾਂ ਵਿਚ ਵੰਡਿਆ। ਇਸ ਤੋਂ ਇਲਾਵਾ ਇਹ ਵੀ ਦੇਖਣ ਵਿਚ ਆਇਆ ਕਿ ਭਾਰਤ ਵਿੱਚ ਜੋ ਧਾਰਮਿਕ ਘੱਟਗਿਣਤੀਆਂ ਹਨ, ਜਿਵੇਂ ਕਿ ਮੁਸਲਮਾਨ, ਸਿੱਖ, ਈਸਾਈ, ਬੋਧੀ,ਜੈਨੀ ਆਦਿ, ਇਹਨਾਂ ਧਰਮਾਂ ਨੂੰ ਮਨਣ ਵਾਲੇ ਜ਼ਿਆਦਾ-ਤਰ ਲੋਗ ਵੀ ਇਹਨਾਂ ਮੂਲਨਿਵਾਸੀ ਜਾਤੀਆਂ ਨਾਲ ਹੀ ਸਬੰਧ ਰੱਖਦੇ ਹਨ ਅਤੇ ਉਹਨਾਂ ਨੇ ਕਿਸੇ ਸਮੇ ਆਪਣਾ ਧਰਮ ਪਰਿਵਰਤਨ ਕੀਤਾ ਹੈ।। ਇਸ ਤਰਾਂ ਇਹਨਾਂ ਸਭ ਨੂੰ ਸੰਗਠਿਤ ਕਰਨ ਵਾਸਤੇ, ਇਹਨਾਂ ਨੂੰ ਬਹੁਜਨ ਸਮਾਜ ਦਾ ਨਾਮ ਦਿੱਤਾ ਗਿਆ, ਜਿਸ ਦਾ ਮਤਲਬ ਸੀ ਕਿ ਜ਼ਿਆਦਾ ਆਬਾਦੀ ਵਾਲਾ ਸਮਾਜ।

ਪੰਜ ਸਾਲ ਦੀ ਕੜੀ ਮਿਹਨਤ ਅਤੇ ਪੂਰੇ ਦੇਸ਼ ਵਿੱਚ ਇਸ ਦੇ ਨਿਰਮਾਣ ਤੋਂ ਬਾਅਦ, 6 ਦਸੰਬਰ 1978 ਨੂੰ Boat Club Lawns, ਨਵੀ ਦਿੱਲੀ ਵਿਖੇ "Birth of BAMCEF" ਹੋਇਆ ਅਤੇ ਇਸ ਦਾ ਪੂਰੇ ਜੋਸ਼-ਖਰੋਸ਼ ਨਾਲ ਉਦਘਾਟਨ ਕੀਤਾ ਗਿਆ। ਇਸ ਵਿੱਚ ਪੂਰੇ ਦੇਸ਼ ਦੇ 2000 ਪ੍ਰਤੀਨਿਧੀਆਂ ਨੇ ਹਿੱਸਾ ਲਿਆ ਅਤੇ "Pay Back to Society" (ਸਮਾਜ ਦਾ ਕਰਜ ਵਾਪਸ ਕਰਨਾ) ਦੇ ਮਿਸ਼ਨ ਦੇ ਨਾਲ, ਇਸ ਨੂੰ SC, ST, OBC ਅਤੇ Minorities ਦੇ ਕਰਮਚਾਰੀਆਂ ਨੂੰ ਇਕੱਜੁੱਟ ਕਰਕੇ, ਇਹਨਾਂ ਦੇ ਸਮਾਜ ਦੇ ਲਈ, "Money Bank" (ਆਰਥਿਕ ਸ੍ਰੋਤ), "Talent Bank" (ਹੁਨਰ ਸ੍ਰੋਤ) ਅਤੇ "Brain Bank" (ਬੌਧਿਕ ਸ੍ਰੋਤ) ਦੇ ਤੌਰ ਤੇ ਇਸਤੇਮਾਲ ਕਰਨ ਦਾ ਫ਼ੈਸਲਾ ਕਿੱਤਾ ਗਿਆ। BAMCEF ਨੂੰ ਪੂਰੀ ਤਰਾਂ "ਗੈਰ-ਰਾਜਨੀਤਿਕ'' ਅਤੇ "ਗੈਰ-ਧਾਰਮਿਕ'' ਅਧਾਰ ਤੇ ਵਿਕਸਿਤ ਕਰਨ ਦਾ ਨਿਰਣਾ ਲਿਆ ਗਿਆ ਅਤੇ ਮੁੱਖ ਰੂਪ ਵਿਚ ਇਸ ਦਾ ਮਕਸਦ ਦੇਸ਼ ਦੀਆ ਮੂਲ ਨਿਵਾਸੀ ਜਾਤਾਂ ਦੀਆਂ ਗੈਰ-ਰਾਜਨੀਤਿਕ ਜੜਾਂ ਨੂੰ ਮਜ਼ਬੂਤ ਕਰਨਾ ਸੀ।

BAMCEF ਦੀ ਇਕ ਬਹੁਤ ਬੜੀ ਵਿਸ਼ੇਸ਼ਤਾ ਇਹ ਸੀ ਕਿ ਇਸ ਨੂੰ ਬਣਾਇਆ ਸਰਕਾਰੀ ਕਰਮਚਾਰੀਆਂ ਵੱਲੋ ਗਿਆ ਸੀ, ਪਰ ਇਹ ਕਰਮਚਾਰੀਆਂ ਵਾਸਤੇ ਨਹੀ ਸੀ; ਬਲਕਿ ਇਸ ਦਾ ਨਿਸ਼ਾਨਾ SC, ST, OBC ਅਤੇ Minorities ਦੇ ਆਮ ਲੋਕਾਂ ਲਈ ਕੰਮ ਕਰਨਾ ਸੀ। "Birth of BAMCEF" ਹੋਣ ਤੋਂ ਬਾਅਦ, ਇਸ ਵੱਲੋਂ ਕਈ ਪ੍ਰੋਗਰਾਮ ਚਲਾਏ ਗਏ, ਜਿਨ੍ਹਾਂ ਵਿਚੋਂ ਇਕ ਮੁੱਖ ਪ੍ਰੋਗਰਾਮ ਸੀ, "Will Ambedkarism Revive and Survive"? ਯਾਨੀ ਕਿ, "ਕਿ ਅੰਬੇਡਕਰਵਾਦ ਦੁਬਾਰਾ ਜ਼ਿੰਦਾ ਹੋ ਸਕੇਗਾ ਅਤੇ ਟਿਕ ਸਕੇਗਾ''? ਇਸ ਵਾਸਤੇ 14,ਅਪ੍ਰੈਲ 1979 ਤੋਂ ਲੈ ਕੇ 14, ਜੂਨ 1979 ਤਕ, ਦੇਸ਼ ਦੇ ਦਸ ਰਾਜਾਂ ਵਿੱਚ Symposium (ਚਰਚਾ) ਕਰਵਾਏ ਗਏ।

ਪੂਰੇ ਦੇਸ਼ ਦੇ SC, ST, OBC ਅਤੇ Minorities ਦੇ ਲੋਕਾਂ ਤੋਂ ਇਹਨਾਂ ਪ੍ਰੋਗਰਾਮਾਂ ਰਾਹੀਂ ਅੰਬੇਡਕਰਵਾਦ ਦੇ ਖ਼ਤਮ ਹੋਣ ਦੇ ਕਾਰਨਾਂ ਅਤੇ ਦੁਬਾਰਾ ਉਸ ਨੂੰ ਆਪਣੇ ਪੈਰਾਂ ਤੇ ਖੜਾ ਕਰਨ ਦੇ ਸੁਝਾਵਾਂ ਉੱਤੇ ਗਹਿਰੀ ਚਰਚਾ ਕੀਤੀ ਗਈ। ਇਸ ਗੱਲ ਉੱਪਰ ਖ਼ਾਸ ਧਿਆਨ ਦਿੱਤਾ ਗਿਆ ਕਿ ਨਾ ਸਿਰਫ਼ ਸਾਨੂੰ ਇਸ ਅੰਦੋਲਨ ਨੂੰ ਦੁਬਾਰਾ ਆਪਣੇ ਪੈਰਾਂ ਤੇ ਖੜਾ ਕਰਨਾ ਹੈ, ਬਲਕਿ ਇਸ ਨੂੰ ਟਿਕਾਊ ਵੀ ਬਣਾਉਣਾ ਹੈ, ਤਾਂਕਿ ਇਹ ਪਹਿਲਾ ਵਾਂਗ ਦੁਬਾਰਾ ਖ਼ਤਮ ਨਾ ਹੋ ਜਾਵੇ।

BAMCEF ਦਾ ਪਹਿਲਾ ਸੰਮੇਲਨ 2 ਤੋਂ 4 ਦਸੰਬਰ 1979 ਨੂੰ ਨਾਗਪੁਰ, ਮਹਾਰਾਸ਼ਟਰ ਵਿੱਚ, ਦੂਜਾ ਸੰਮੇਲਨ 20-24 ਨਵੰਬਰ 1980 ਨੂੰ ਨਵੀ ਦਿੱਲੀ ਦੇ ਰਾਮ ਲੀਲਾ ਗ੍ਰਾਉਂਡ ਦੇ ਸਾਹਮਣੇ ਅਤੇ ਤੀਸਰਾ ਸੰਮੇਲਨ 14-18 ਅਕਤੂਬਰ 1981 ਨੂੰ ਪਰੇਡ ਗ੍ਰਾਉਂਡ, ਚੰਡੀਗੜ੍ਹ ਵਿਖੇ ਹੋਇਆ। ਆਪਣੇ ਪਹਿਲੇ ਹੀ ਕੁੱਝ ਸਾਲਾਂ ਵਿੱਚ BAMCEF ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਅਗਵਾਈ ਹੇਠ ਪੂਰੇ ਦੇਸ਼ ਅੰਦਰ ਇਕ ਹਲਚਲ ਪੈਦਾ ਕਰ ਦਿੱਤੀ ਅਤੇ SC, ST, OBC ਅਤੇ Minorities ਦੇ ਕਰਮਚਾਰੀਆਂ ਦੇ ਨਾਲ-ਹੀ-ਨਾਲ, ਇਹਨਾਂ ਵਰਗਾ ਦੇ ਆਮ ਲੋਕਾਂ ਵਿੱਚ ਵੀ ਇਕ ਨਵਾਂ ਜੋਸ਼ ਭਰ ਦਿੱਤਾ ਅਤੇ ਬਾਬਾ ਸਾਹਿਬ ਦਾ ਰੁਕ ਚੁੱਕਿਆ ਕਾਰਵਾਂ, ਹੁਣ ਫਿਰ ਤੋਂ ਆਪਣੀ ਮੰਜ਼ਿਲ ਦੇ ਵੱਲ ਤੁਰ ਪਿਆ, ਇਸ ਗੱਲ ਦਾ ਵੀ ਉਨ੍ਹਾਂ ਨੂੰ ਯਕੀਨ ਕਰਵਾਇਆ।

ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੇ ਕੋਨੇ-ਕੋਨੇ ਵਿੱਚ ਦਿਨ-ਰਾਤ ਇਕ ਕਰਕੇ ਕੈਡਰ ਕੈਂਪ ਲਾਏ ਅਤੇ ਸਮਾਜਿਕ-ਪਰਿਵਰਤਨ ਅਤੇ ਆਰਥਿਕ-ਮੁਕਤੀ ਦੀ ਲਹਿਰ ਨੂੰ ਦੁਬਾਰਾ ਖੜਾ ਕਰਨ ਲਈ ਇਮਾਨਦਾਰ, ਸੂਝਵਾਨ ਅਤੇ ਸਮਰਪਿਤ ਭਾਵਨਾ ਰੱਖਣ ਵਾਲੇ ਕੈਡਰ ਤਿਆਰ ਕਿੱਤੇ । "ਜਿਸ ਸਮਾਜ ਦੀਆ ਗੈਰ-ਰਾਜਨੀਤਿਕ ਜੜਾ ਮਜ਼ਬੂਤ ਨਹੀਂ ਹੁੰਦੀਆਂ, ਉਨ੍ਹਾਂ ਦੀ ਰਾਜਨੀਤੀ ਕਾਮਯਾਬ ਨਹੀਂ ਹੋ ਸਕਦੀ'' ਦੇ ਸਿਧਾਂਤ ਨੂੰ ਮੁੱਖ ਰੱਖ ਕੇ, ਉਨ੍ਹਾਂ ਬੜੀ ਹੀ ਦੂਰਅੰਦੇਸ਼ੀ ਦੇ ਨਾਲ BAMCEF ਨੂੰ ਤੈਆਰ ਕਿੱਤਾ, ਜਿਸ ਨੇ ਅੱਗੇ ਚਲ ਕੇ ਬਹੁਜਨ ਸਮਾਜ ਦੀ ਰਾਜਨੀਤੀ ਨੂੰ ਕਾਮਯਾਬ ਕਰਨ ਵਿੱਚ, ਇਕ ਬਹੁਤ ਬੜੀ ਭੂਮਿਕਾ ਨਿਭਾਈ।

# ਆਨ ਲਾਈਨ ਠੱਗੀ ਮਾਰਨ ਵਾਲਿਆਂ ਤੋਂ ਬਚੋ



ਪ੍ਰਮੋਦ ਧੀਰ
91-98550 31081

ਜਿਸ ਤਰਾਂ ਕਿ ਅਸੀਂ ਦੇਖਦੇ ਹਾਂ ਕਿ ਨੋਟਬੰਦੀ ਹੋਣ ਉਪਰੰਤ ਅੱਜ ਕੱਲ ਆਨ ਲਾਈਨ ਭੁਗਤਾਨ, ਨੈੱਟ ਬੈਂਕਿੰਗ, ਆਨਲਾਈਨ ਸਾਪਿੰਗ,ਪੇ.ਟੀ.ਐਮ ਆਦਿ ਦਿਨੋਂ ਦਿਨ ਤੇਜੀ ਨਾਲ ਵਧ ਰਹੀ ਹੈ।ਇਸਦੇ ਸਾਨੂੰ ਕਾਫੀ ਫਾਈਦੇ ਹਨ ਕਿ ਆਪਣੇ ਕੋਲ ਕੈਸ ਰੱਖਣ ਦੀ ਜਰੂਰਤ ਨਹੀਂ ਪੈਂਦੀ ਜਦੋਂ ਮਰਜੀ ਤੇ ਜਿੱਥੇ ਮਰਜੀ ਏ. ਟੀ.ਐਮ, ਨੈੱਟ ਬੈਂਕਿੰਗ, ਕਰੈਡਿਟ ਕਾਰਡ ਆਦਿ ਰਾਹੀਂ ਪੈਸੇ ਦਾ ਲੈਣ ਦੇਣ ਕਰ ਸਕਦੇ ਹਾਂ। ਪਰ ਇਹਨਾਂ ਦੀ ਵਰਤੋਂ ਕਰਨ ਲਈ ਸਾਨੂੰ ਕੁਝ ਸਾਵਧਾਨੀਆਂ ਵੀ ਵਰਤਨੀਆਂ ਚਾਹੀਦੀਆਂ ਹਨ।

ਇਸ ਤੋ ਪਹਿਲਾ ਅਸੀ ਆਨ ਲਾਈਨ ਨੈੱਟ ਬੈਂਕਿੰਗ/ਮੋਬਾਇਲ ਬੈਂਕਿੰਗ ਦੀ ਗੱਲ ਕਰੀਏ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਇਸ ਰਾਹੀ ਠੱਗੀ ਆਮ ਤੇ ਭੋਲੇ?ਭਾਲੇ ਲੋਕਾਂ ਨਾਲ ਕਿਸ ਤਰਾਂ ਵੱਜ ਸਕਦੀ ਹੈ?

ਆਨ ਲਾਇਨ ਬੈਂਕਿੰਗ/ਮੋਬਾਇਲ ਬੈਂਕਿੰਗ ਰਾਂਹੀ ਠੱਗੀ ਮਾਰਨ ਵਾਲਿਆਂ ਦੇ ਵੱਲੋਂ ਅਕਸਰ ਭੋਲੇ?ਭਾਲੇ ਲੋਕਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਅਸੀ ਹੈੱਡ ਬ੍ਰਾਂਚ (ਭਾਵ ਇਹ ਕਿ ਉਹ ਸਾਖਾ ਜਿਹੜੀ ਮੇਨ ਜਿਵੇ ਦਿੱਲੀ,ਮੁੰਬਈ ਆਦਿ ਵਰਗੇ ਵੱਡੇ ਸਹਿਰਾਂ ਵਿੱਚ ਹੁੰਦੀ ਹੈ) ਵਿੱਚੋਂ ਬੋਲ ਰਹੇ ਹਾਂ ਅਤੇ ਇਹ ਕਿਹਾ ਜਾਂਦਾ ਹੈ ਕਿ ਤੁਹਾਡਾ ਬੈਂਕ ਖਾਤਾ/ਏ.ਟੀ.ਐਮ ਕਾਰਡ ਬਲਾਕ ਕਰ ਦਿੱਤਾ ਜਾਵੇਗਾ। ਸਾਨੂੰ ਸਭ ਤੋ ਪਹਿਲਾਂ ਤਾਂ ਇਹ ਪਤਾ ਹੋਣਾ ਅਤਿ ਜਰੂਰੀ ਹੈ ਕਿ ਬੈਂਕ ਕਦੇ ਵੀ ਆਪਣੇ ਕਸਟਮਰ/ਖਾਤਾ ਧਾਰਕ ਨੂੰ ਫੋਨ ਨਹੀਂ ਕਰੇਗਾ ਅਤੇ ਨਾਂ ਹੀ ਕਦੇ ਆਪਣੇ ਕਸਟਮਰ/ਖਾਤਾਧਾਰਕ ਨੂੰ ਆਪਣਾ ਖਾਤਾ ਨੰਬਰ/ਏ.ਟੀ.ਐਮ. ਤੇ ਲਿਖੇ ਹੋਏ ਅਖਰਾਂ ਬਾਰੇ ਜਾਣਕਾਰੀ ਮੰਗੇਗਾ। ਜੇ ਕੋਈ ਤੁਹਾਡੇ ਕੋਲੋਂ ਆਨ ਲਾਈਨ ਬੈਂਕਿੰਗ/ਮੋਬਾਇਲ ਬੈਕਿੰਗ ਆਦਿ ਦੇ ਪਾਸਵਰਡ ਬਾਰੇ ਜਾਂ ਏ.ਟੀ.ਐਮ. ਤੇ ਲਿਖੇ ਹੋਏ ਅੱਖਰਾਂ ਬਾਰੇ ਜਾਣਕਾਰੀ ਮੰਗੇਗਾ ਤਾਂ ਸਮਝ ਲਉ ਕਿ ਉਹ ਠੱਗ ਹੈ ਜਿਨਖਾਂ ਨੂੰ ਹੈਕਰ ਕਹਿੰਦੇ ਹਨ ਅਤੇ ਇਸ ਤੋਂ ਬਾਅਦ ਹੈਕਰਾਂ ਦੇ ਵੱਲੋਂ ਫੋਨ ਕਰਕੇ ਇਹ ਕਿਹਾ ਜਾਵੇਗਾ ਤੁਹਾਡੇ ਬੈਂਕ ਖਾਤੇ ਵਿੱਚ ਬੈਕ ਬੈਲੈਂਸ ਖਤਮ ਹੋ ਗਿਆ ਹੈ ਤੁਰੰਤ ਹੀ ਨਗਦੀ ਆਦਿ ਜਮਾਂ ਕਰਵਾਈ ਜਾਵੇ ਤਾਂ ਕਿ ਤੁਹਾਡਾ ਬੈਂਕ ਖਾਤਾ/ਏ.ਟੀ.ਐਮ. ਕਾਰਡ ਬਲਾਕ ਹੋਣ ਤੋਂ ਬਚਾਇਆ ਜਾ ਸਕੇ।

ਇਥੇ ਸਾਡੇ ਪਿਆਰੇ ਭੋਲੇ-ਭਾਲੇ ਪਾਠਕਾਂ/ਬੈਂਕ ਕਸਟਮਰਾਂ ਦੇ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਉਕਤ ਹੈਕਰਾਂ ਦਾ ਫੋਨ ਸੁਣਨ ਤੋਂ ਬਾਅਦ ਘਬਰਾਉਣ ਅਤੇ ਜਲਦਬਾਜੀ 'ਚ ਕੋਈ ਕਦਮ ਚੁੱਕਣ ਦੀ ਬਜਾਇ ਉਸ ਹੈਕਰ ਨੂੰ ਖਾਤੇ ਬਾਰੇ ਕੋਈ ਵੀ ਜਾਣਕਾਰੀ ਨਾਂ ਦਿੱਤੀ ਜਾਵੇ ਸਗੋਂ ਉਸਦਾ ਨੰਬਰ ਨੋਟ ਕਰਕੇ ਸਿੱਧਾ ਹੀ ਬੈਂਕ ਵਿੱਚ ਜਾਂ ਪੁਲਿਸ ਵਿੱਚ ਪਹੁੰਚ ਕੇ ਸਿਕਾਇਤ ਕੀਤੀ ਜਾਵੇ ਕੀਤੀ ਜਾਵੇ ।

ਜੇਕਰ ਹੈਕਰਜ ਦੇ ਵੱਲੋਂ ਫੋਨ ਕਰਕੇ ਏ.ਟੀ.ਐਮ ਤੇ ਲਿਖੇ ਨੰਬਰ,ਪਾਸਵਰਡ ਅਤੇ ਬੈਂਕ ਖਾਤੇ ਬਾਰੇ ਜਾਣਕਾਰੀ ਮੰਗੀ ਜਾਂਦੀ ਹੈ ਅਤੇ ਇਸ ਤੋਂ ਬਾਅਦ ਇਹ ਕਿਹਾ ਜਾਂਦਾ ਹੈ ਕਿ ਤੁਹਾਡੇ ਫੋਨ ਤੇ 6 ਅੱਖਰਾਂ ਦਾ ਓ.ਟੀ.ਪੀ. ਨੰਬਰ ਆਵੇਗਾ। ਉਹ ਸਾਨੂੰ ਤੁਰੰਤ ਹੀ ਦੱਸਕੇ ਆਪਣੇ ਮੋਬਾਇਲ ਵਿੱਚੋਂ ਓ.ਟੀ.ਪੀ. ਨੰਬਰ ਡਲੀਟ ਕਰ ਦੇਣਾ ਹੈ। ਇਹ ਉਹੀ ਓ.ਟੀ.ਪੀ. ਨੰਬਰ ਹੁੰਦਾ ਹੈ ਜਿਸ ਰਾਂਹੀ ਸਾਡੀ ਮਿਹਨਤ ਨਾਲ ਕੀਤੀ ਕਮਾਈ ਖਾਤੇ 'ਚੋਂ ਸਕਿੰਟਾਂ ਵਿੱਚ ਹੀ ਚੋਰੀ ਹੋ ਸਕਦੀ ਹੈ। ਮੇਰੀ ਮੇਰੇ ਪਿਆਰੇ ਪਾਠਕਾਂ, ਬੈਂਕ ਕਸਟਮਰਾਂ ਅਤੇ ਸਾਥੀਆਂ ਨੂੰ ਇਹੋ ਅਪੀਲ ਹੈ ਕਿ ਉਕਤ ਹੈਕਰਾਂ ਨੂੰ ਬੈਂਕ ਖਾਤਾ/ਏ.ਟੀ.ਐਮ. ਕਾਰਡ ਬਾਰੇ ਜਾਣਕਾਰੀ ਅਤੇ ਉਸਤੋਂ ਬਾਅਦ ਫੋਨ ਰਾਂਹੀ ਪੁਛੇ ਜਾਣ ਵਾਲੇ ਛੇ ਅੱਖਰਾਂ ਵਾਲੇ ਓ.ਟੀ.ਪੀ. ਨੰਬਰ ਬਾਰੇ ਬਿਲਕੁੱਲ ਹੀ ਜਾਣਕਾਰੀ ਨਹੀ ਦੇਣੀ ਹੈ ਅਤੇ ਇਸ ਤਰਾਂ ਤੁਸੀ ਖੁਦ ਆਪਣੀ ਆਨ ਲਾਈਨ ਠੱਗੀ ਦਾ ਸਿਕਾਰ ਹੋਣ ਤੋਂ ਬਚ ਸਕਦੇ ਹੋ ਅਤੇ ਦੁਸਰਿਆਂ ਨੂੰ ਵੀ ਬਚਾ ਸਕਦੇ ਹੋ।

ਕੁਝ ਦਿਨ ਪਹਿਲਾਂ ਹੀ ਮੇਰੇ ਇੱਕ ਭੋਲੇ ਭਾਲੇ ਮਿੱਤਰ ਮੋਨੂੰ ਸਰਮਾ ਜੈਤੋ ਨੂੰ ਫੋਨ ਆਇਆ ਕਿ ਅਸੀ ਬੈਂਕ 'ਚੋਂ ਬੋਲ ਰਹੇ ਹਾਂ ਤੁਹਾਡਾ ਏ.ਟੀ.ਐਮ ਬਲਾਕ ਹੋਣ ਲੱਗਾ ਕਰੀਏ ਕਿ ਨਾ? ਤਾਂ ਉਸਨੇ ਇਸਨੂੰ ਬਲਾਕ ਹੋਣ ਦੇ ਡਰੋਂ ਆਪਣੇ ਏ.ਟੀ.ਐਮ ਨੰਬਰ ਦੀ ਜਾਣਕਾਰੀ ਦਿੱਤੀ ਤਾਂ ਕੁਝ ਕੁ ਸਕਿੰਟਾਂ ਬਾਅਦ ਹੀ ਹੈਕਰਾਂ ਨੇ ਉਸਦਾ ਖਾਤਾ ਖਾਲੀ ਕਰ ਦਿੱਤਾ। ਉਸ ਨੰਬਰ ਤੇ ਬਾਅਦ ਵਿੱਚ ਕਾਲ ਬੈਕ ਕੀਤੀ ਤਾਂ ਫੋਨ ਬੰਦ ਆਉਣ ਲੱਗਾ।ਮੈਨੂੰ ਵੀ ਇਸੇ ਤਰਖਾਂ ਦਾ ਇੱਕ ਫੋਨ ਆਇਆ ਸੀ ਤੇ ਮੇਰੇ ਏ.ਟੀ.ਐਮ ਬਾਰੇ ਪੁਛਣ ਲੱਗਾ ਤਾਂ ਮੈਂ ਅੱਗੋਂ ਕਿਹਾ ਕਿ ਤੇਰੀ ਪੁਲਿਸ ਨੂੰ ਸਿਕਾਇਤ ਕਰਨ ਲੱਗਾਂ ਤਾਂ ਝੱਟ ਹੀ ਉਸਨੇ ਮੇਰਾ ਫੋਨ ਕੱਟ ਦਿੱਤਾ ਅਤੇ ਆਪਣਾ ਫੋਨ ਬੰਦ ਕਰ ਲਿਆ।

ਇਸ ਲਈ ਮੇਰੀ ਸਭ ਨੂੰ ਅਪੀਲ ਹੈ ਇਸ ਤਰਾਂ ਦੇ ਹੈਕਰ ਚੋਰਾਂ ਤੋਂ ਬਚੋ ਆਪਣੇ ਏ.ਟੀ.ਐਮ, ਨੈਟ ਬੈਕਿੰਗ ਆਦਿ ਦਾ ਪਾਸਵਰਡ ਕਿਸੇ ਨਾਲ ਵੀ ਸੇਅਰ ਨਾਂ ਕਰੋ ਸਮੇਂ ਸਮੇਂ ਤੇ ਇਸਨੂੰ ਬਦਲਦੇ ਰਹੋ।ਇਸ ਦਾ ਇਹ ਮਤਲਬ ਨਹੀਂ ਕਿ ਹੈਕਰਾਂ ਦੇ ਡਰੋਂ ਅਸੀਂ ਇਹਨਾਂ ਆਨਲਾਈਨ ਬੈਕਿੰਗ ਸਹੂਲਤਾਂ ਦੀ ਵਰਤੋਂ ਹੀ ਬੰਦ ਕਰ ਦੇਣੀ ਹੈ।

ਸਗੋਂ ਇਹਨਾਂ ਦੀ ਆਨ ਲਾਈਨ ਸਹੂਲਤਾਂ ਵਰਤੋਂ ਵੱਧ ਤੋਂ ਵੱਧ ਕਰੋ ਅਤੇ ਲਾਭ ਉਠਾਓ ਪਰ ਨਾਲ ਜਾਗਰੂਕ ਰਹਿੰਦੇ ਹੋਏ ਸਾਵਧਾਨੀਆਂ ਵੀ ਜਰੂਰ ਵਰਤੋ।

# ਅਲਵਿਦਾ/ ਮੱਖਣ ਕ੍ਰਾਂਤੀ

ਇਹ ਮੇਰਾ ਸੰਸਾਰ ਕੀ ਸੰਸਾਰ ਹੈ ਤੇਰੇ ਬਿਨਾਂ।
ਇਹ ਖਿੜੀ ਗੁਲਜ਼ਾਰ ਕੀ ਗੁਲਜ਼ਾਰ ਹੈ ਤੇਰੇ ਬਿਨਾਂ।




ਪਿਆਰ ਮੇਰਾ ਇਸ ਕਦਰ
ਲਾਚਾਰ ਹੈ ਤੇਰੇ ਬਿਨਾਂ।
ਨੈਣੀ ਆਂਸੂ ਦਿਲ 'ਤੇ
ਗਮ ਦਾ ਭਾਰ ਹੈ ਤੇਰੇ ਬਿਨਾਂ।

ਇਹ ਫੁਹਾਰਾ ਇਹ ਬਹਾਰਾਂ
ਇਹ ਸੁਹਾਣੀ ਚਾਂਦਨੀ
ਦਿਲ ਨੂੰ ਕੁਝ ਭਾਵੇਂ ਨਾ ਸਭ ਬੇਕਾਰ
ਹੈ ਤੇਰੇ ਬਿਨਾਂ।

ਇਹ ਮੇਰਾ ਦਿਲ ਵੀ ਤਾਂ ਹੈ ਤੇਰੀ ਅਮਾਨਤ ਦੋਸਤਾ
ਕੌਣ ਮੇਰੇ ਪਿਆਰ ਦਾ ਹੱਕਦਾਰ ਹੈ ਤੇਰੇ ਬਿਨਾਂ।

ਹੁਣ ਕਦੇ ਸੁਣਦੀ ਨਾ ਕੋਇਲ ਦੀ ਸੁਰੀਲੀ ਕੂ-ਹ-ਕੂ
ਹਰ ਤਰਫ ਪਤਝੜ ਦੀ ਮਾਰੇ ਮਾਰ ਹੈ ਤੇਰੇ ਬਿਨਾਂ।

ਭੁੱਲ ਨਹੀਂ ਸਕਦਾ ਮੈਂ ਤੇਰੇ ਨਾਜ਼-ਨਖਰੇ ਉਮਰ ਭਰ
ਸਾਥ ਯਾਦਾਂ ਦਾ ਹੀ ਆਖਿਰਕਾਰ ਹੈ ਤੇਰੇ ਬਿਨਾਂ।

ਹੁਣ ਤਾਂ ਮੇਰੇ ਬਾਗ ਵਿਚ ਖਿੜਦੇ ਨਹੀਂ ਸੂਹੇ 'ਸੁਮਨ'
ਹੁਣ ਤਾਂ ਬਸ ਪੁਰਖ਼ਾਰ ਸਭ ਗੁਲਜ਼ਾਰ ਹੈ ਤੇਰੇ ਬਿਨਾਂ।

– ਸੁਮਨ ਸ਼ਾਮਪੁਰੀ (98148-55531

# ਰੰਗਲਾ ਪੰਜਾਬ

ਦੇਵ ਘੋਲੀਆ ਖੁਰਦ
(559-232-7764)



ਬਾਪੂ ਮਾਰਦਾ ਹੈ ਆਵਾਜ਼ਾਂ ਪੁੱਤ ਗੱਲ ਮੇਰੀ ਸੁਣ
ਕਹਿੰਦਾ ਉਡੀਕਦੇ ਨੇ ਯਾਰ ਕੋਲ ਟਾਈਮ ਨਾਹੀਉਂ ਹੁਣ
ਅੱਜ ਵੇਖ ਲਏ ਤੇਰੇ ਵਿਚ ਜਿਹੜੇ ਸਾਰੇ ਗੁਣ
ਪੁੱਤ ਕਰ ਗਿਆ ਹੈਰਾਨ ਮੈਨੂੰ ਜੀਹਦੇ ਉਤੇ ਮਾਣ
ਉਹੀ ਬੇੜੀਆਂ 'ਚ ਵੱਟੇ ਮੇਰੇ ਪਾ ਗਿਆ
ਟੂਣਾ ਰੰਗਲੇ ਪੰਜਾਬ ਤੇ ਕੋਈ ਕਰ ਗਿਆ
ਕਿਵੇਂ ਲੀਡਰਾਂ ਤੇ ਨਸ਼ਿਆਂ ਨੇ ਇਹਨੂੰ ਖਾ ਲਿਆ।

ਪੁੱਤ ਜੰਮਦੇ ਨੇ ਲੋਕੀ ਕਿਵੇਂ ਵੰਡਦੇ ਨੇ ਲੱਡੂ
ਧੀਆਂ ਦੁੱਖ ਤਾਂ ਵੰਡਾਉਣ ਨਾ ਜ਼ਮੀਨ ਪੁੱਤ ਛੱਡੂ
ਜਦੋਂ ਮਿਲਦਾ ਨਾ ਨਸ਼ਾ ਘਰੋਂ ਸਭ ਨੂੰ ਤਾਂ ਕੱਢੂ
ਪੁੱਤ ਪੈਸੇ ਬਿਨਾਂ ਰੁੱਸੇ ਬਾਪੂ ਹੁੰਦਾ ਫਿਰ ਗੁੱਸੇ
ਜਿਹੜਾ ਗੁੱਸਿਆਂ ਦੇ ਚੱਕਰਾਂ 'ਚ ਆ ਗਿਆ
ਟੂਣਾ ਰੰਗਲੇ ਪੰਜਾਬ ਤੇ ....

ਆਪ ਵੇਚਦੇ ਤੇ ਦੱਸ ਫਿਰ ਕਿਸੇ ਕੀ ਹਟਾਉਣਾ
ਪੰਪ, ਕੋਠੀਆਂ ਤੇ ਕਾਰਾਂ ਲਈ ਪੈਸਾ ਤਾਂ ਬਣਾਉਣਾ
ਜਦੋਂ ਹੁੰਦੀ ਪੜਤਾਲ ਦੋਸ਼ ਦੂਜੇ ਸਿਰ ਲਾਉਣਾ
ਸਭ ਖੁੱਲ੍ਹ ਗਿਆ ਭੇਤ ਵਾੜ ਖਾਈ ਜਾਂਦੀ ਖੇਤ
ਤਾਈਉਂ ਕਿਰਤੀ ਕਿਸਾਨ ਢੇਰੀ ਢਾਅ ਗਿਆ
ਟੂਣਾ ਰੰਗਲੇ ਪੰਜਾਬ ਤੇ .....

ਆਓ ਰਲ ਮਿਲ ਸਾਰੇ ਇਹਦਾ ਲੱਭੀਏ ਇਲਾਜ
ਜਿਉਂਦਾ ਜਾਗਦਾ ਜੇ ਰੱਖਣਾ ਤਾਂ ਆਪਣਾ ਪੰਜਾਬ
ਨਹੀਂ ਇਕ ਦਿਨ ਸਾਡੇ ਉਤੇ ਕਰੂ ਕੋਈ ਰਾਜ
ਮਸਾਂ ਮਿਲੀ ਹੈ ਆਜ਼ਾਦੀ ਆਪੇ ਕੀਤੀ ਬਰਬਾਦੀ
'ਦੇਵ ਘੋਲੀਏ' ਅਮਰੀਕਾ ਤਾਹੀਉਂ ਡੇਰਾ ਲਾ ਲਿਆ
ਟੂਣਾ ਰੰਗੇ ਪੰਜਾਬ ਤੇ ਕੋਈ ਕਰ ਗਿਆ
ਕਿਵੇਂ ਲੀਡਰਾਂ ਤੇ ਨਸ਼ਿਆਂ ਨੇ ਇਹਨੂੰ ਖਾ ਲਿਆ।

# ਫਾਰਮੂਲਾ-ਏ-ਟਰੰਪ!



ਚਿੰਤਾ ਪਈ ਪੰਜਾਬ ਦੇ ਚਿੰਤਕਾਂ ਨੂੰ
ਦਿਸ ਰਹੀਆਂ ਭਵਿੱਖ ਵਿਚ ਤੰਗੀਆਂ ਨੇ।

ਪਏ ਹੋਏ ਨੇ ਪਿੰਡਾਂ 'ਚ ਮਹਿਲ ਭਾਵੇਂ
ਉਤੇ ਟੈਂਕੀਆਂ ਰੰਗ-ਬਿਰੰਗੀਆਂ ਨੇ।

ਦੇਸ਼-ਪ੍ਰੇਮ ਤੇ ਮੋਹ ਵਿਰਾਸਤਾਂ ਦਾ
ਗੱਲਾਂ ਚੰਗੀਆਂ ਛਿੱਕੇ 'ਤੇ ਟੰਗੀਆਂ ਨੇ।

ਖਾਣੀ ਬਹਿ ਪਰਾਏ ਦਰ ਚੋਪੜੀ ਤੋਂ
ਦੋ ਸੁੱਕੀਆਂ ਘਰ ਦੀਆਂ ਚੰਗੀਆਂ ਨੇ।

ਸੁਪਨੇ ਪਾਲਦਾ ਸਾਰਾ ਹੀ 'ਦੇਸ਼' ਜਿਹੜੇ
ਬੱਚੇ 'ਸੈਟ' ਕਰ ਦੇਣ ਦੇ ਰੋਲ਼ ਦੇਣੇ।

ਪਿੱਛੇ ਜਿੰਦਰੇ ਵੱਜੇ ਜੋ ਕੋਠੀਆਂ ਨੂੰ
ਜਾਪੇ ਹੁਣ ਟਰੰਪ ਨੇ ਖੋਲ੍ਹ ਦੇਣੇ!

– ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਮਜ਼ਦੂਰ



ਸਾਰਾ ਦਿਨ ਕੰਮ ਕਰੇ ਮਜ਼ਦੂਰ,
ਫਿਰ ਵੀ ਭੁੱਖਾ ਮਰੇ ਮਜ਼ਦੂਰ।
ਜੇਠ ਹਾੜ ਵਿਚ ਸੜਦਾ ਉਹ,
ਪੋਹ ਮਾਘ ਵਿਚ ਠਰੇ ਮਜ਼ਦੂਰ।
ਥਾਂ-ਥਾਂ ਹਸਪਤਾਲ ਹੁੰਦਿਆਂ ਵੀ,
ਬਿਨਾਂ ਇਲਾਜ ਤੋਂ ਮਰੇ ਮਜ਼ਦੂਰ।
ਕਾਣੀ ਵੰਡ ਦੇ ਡੂੰਘੇ ਦਰਿਆ ਨੂੰ,
ਕਿਸ ਤਰ੍ਹਾਂ ਪਾਰ ਕਰੇ ਮਜ਼ਦੂਰ ?
ਗਮਾਂ ਤੇ ਦੁੱਖਾਂ ਦਾ ਹਿਸਾਬ ਕੋਈ ਨਾ,
ਇਹਨਾਂ ਨੂੰ ਕਿਵੇਂ ਜਰੇ ਮਜ਼ਦੂਰ।
ਲੀਡਰ ਨਾਜ਼ਾਇਜ ਲਾਭ ਉਠਾਉਣ,
ਜਦ ਕੋਈ ਘੋਲ ਕਰੇ ਮਜ਼ਦੂਰ।
ਜਦ ਉਸ ਦੀਆਂ ਮੰਗਾਂ ਜਾਇਜ਼ ਨੇ,
ਫਿਰ ਕਿਉਂ ਐਵੇਂ ਡਰੇ ਮਜ਼ਦੂਰ ?
ਸਾਥ ਦੇਵਾਂਗੇ ਅਸੀਂ ਤਾਂ ਉਸਦਾ,
ਚਾਹੇ ਜਿੱਤੇ, ਚਾਹੇ ਹਰੇ ਮਜ਼ਦੂਰ।

– ਮਹਿੰਦਰ ਮਾਨ
91-99158-03554

# ਦੁਆਬੇ ਦਾ ਉੱਭਰ ਰਿਹਾ ਗਾਇਕ 'ਬੈਨੱਟ ਦੁਸਾਂਝ'

**ਨਿਰਮਲ ਗੁੜਾ ਦੀ ਵਿਸ਼ੇਸ਼ ਮੁਲਾਕਾਤ**

ਦੁਆਬੇ ਦਾ ਇਤਿਹਾਸਕ ਪਿੰਡ ਦੁਸਾਂਝ ਕਲਾਂ ਦੇ ਵਾਸੀਆਂ ਨੇ ਖੇਡਾਂ, ਪੜ੍ਹਾਈ, ਰਾਜਨੀਤੀ ਵਿੱਚ ਬੜੀਆਂ ਮੱਲਾਂ ਮਾਰੀਆਂ ਹਨ। ਦੁਨੀਆਂ ਭਰ ਵਿੱਚ ਦੁਸਾਂਝ ਕਲਾਂ ਅਤੇ ਇਲਾਕੇ ਦਾ ਨਾਮ ਰਾਜਨੀਤੀ ਵਿੱਚ ਰੌਸ਼ਨ ਵਾਲ਼ੇ ਇਥੋਂ ਦੇ ਜੰਪਲ ਸ਼੍ਰੀ ਉਜਲ ਦੁਸਾਂਝ ਨੇ ਬ੍ਰਿਟਿਸ਼ ਪ੍ਰੀਮੀਅਮ ਬਣਕੇ ਪੰਜਾਬ ਅਤੇ ਭਾਰਤ ਦਾ ਨਾਮ ਦੁਨੀਆਂ ਵਿੱਚ ਚਮਕਾਇਆ ਹੈ। ਦਲਜੀਤ ਦੁਸਾਂਝ ਨੂੰ ਕੌਣ ਨਹੀਂ ਜਾਣਦਾ, ਜਿਸ ਨੇ ਗਾਇਕੀ ਤੋਂ ਸਫਰ ਸ਼ੁਰੂ ਕੀਤਾ ਤੇ ਸੰਗੀਤ ਦੇ ਨਾ਼ਲ ਨਾ਼ਲ ਅਦਾਕਾਰੀ ਵਿੱਚ ਵਾਲੀਵੁਡ ਤੱਕ ਪਹੁੰਚ ਕੇ ਦੁਸਾਂਝ ਕਲਾਂ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਕੇ ਇੱਕ ਵੱਖਰੀ ਪਹਿਚਾਣ ਬਣਾਈ ਹੈ। ਇਥੋਂ ਦਾ ਹੀ ਬੈਨੱਟ ਦੁਸਾਂਝ ਜੋਂ ਆਪਣੀ ਗਾਇਕੀ ਰਾਹੀਂ ਵੱਖ ਵੱਖ ਟੀ ਵੀ ਚੈਨਲਾਂ, ਰੇਡੀਓ ਅਤੇ ਸਟੇਜਾਂ ਦੇ ਜਰੀਏ ਦੁਨੀਆਂ ਭਰ ਦੇ ਲੋਕਾਂ ਦੇ ਮਨਾਂ ਅੰਦਰ ਪਿਆਰ ਵਧਾ ਕੇ ਜਿਥੇ ਆਪਣਾ ਨਾਮ, ਮਾਪਿਆਂ ਦਾ ਨਾਮ ਅਤੇ ਇਲਾਕੇ ਭਰ ਦਾ ਨਾਮ ਰੌਸ਼ਨ ਕਰ ਰਿਹਾ ਹੈ ਪੰਜਾਬੀਆਂ ਨੂੰ ਬੈਨੱਟ ਦੁਸਾਂਝ ਤੇ ਮਾਣ ਹੈ ਅਤੇ ਢੇਰ ਸਾਰੀਆਂ ਆਸਾਂ ਹਨ।

ਬੈਨੱਟ ਦੁਸਾਂਝ ਨੂੰ ਜਦੋਂ ਮਿਲਣ ਦਾ ਸਬੱਬ ਬਣਿਆ ਤਾਂ ਬੈਨੱਟ ਦੁਸਾਂਝ ਦਾ ਹਸੂ-ਹਸੂ ਕਰਦਾ ਚੇਹਰਾ ਬਿਨਬੋਲਿਆਂ ਕਾਮਯਾਬੀ ਦੀ ਖੁਸ਼ੀ ਨੂੰ ਬਿਆਨ ਕਰ ਰਿਹਾ ਸੀ 'ਤੇ ਉਸ ਦੀ ਲਗਨ ਅਤੇ ਗਲਾਂ, ਮੰਜਲ ਵੱਲ ਜਾਣ ਲਈ ਅੜਚਣਾਂ ਦੀ ਪ੍ਰਵਾਹ ਕੀਤੇ ਬਿਨਾਂ ਰਸਤਾ ਤਹਿ ਕਰਨ ਦਾ ਹੌਸਲਾ ਦੱਸ ਰਹੀਆਂ ਸਨ। ਸਧਾਰਣ ਪਰਿਵਾਰ ਵਿੱਚ ਪੈਦਾ ਹੋਣ ਦੇ ਬਾਵਯੂਦ, ਘਰ ਵਿੱਚੋਂ ਸੰਗੀਤ ਦਾ ਰਸਤਾ ਦਿਖਾਉਣ ਵਾ਼ਲਾ ਵੀ ਕੋਈ ਨਹੀਂ, ਫਿਰ ਵੀ ਕਾਮਯਾਬੀ ਹਾਸਲ ਕਰਨੀ ਉਹ ਵੀ ਅੱਜ ਦੇ ਜਮਾਨੇ ਵਿੱਚ, ਜਿਸ ਜਮਾਨੇ ਵਿੱਚ ਲੋਕ ਤਰੱਕੀ ਕਰਨ ਵਾ਼ਲੇ ਨੂੰ ਤਰਾਂ ਤਰਾਂ ਦੀ ਸ਼ਬਦਾਵਲੀ ਰਾਹੀਂ ਟਿੱਚਰਾਂ ਤਾਂ ਜਰੂਰ ਕਰਨਗੇ ਪਰ, ਮੋਢਿਆ ਤੇ ਹੱਥ ਰੱਖਕੇ ਹੌਸਲਾ ਦੇਣ ਵਾ਼ਲੇ ਤੇ ਮਨੋਬਲ ਮਜਬੂਤ ਕਰਨ ਵਾ਼ਲੇ ਘਟ ਹੀ ਮਿ਼ਲਦੇ ਹਨ।

ਬੈਨੱਟ ਦੁਸਾਂਝ ਨੇ ਦੱਸਿਆ ਕਿ ਉਸ ਨੂੰ ਸਕੂਲ ਤੋਂ ਗਾਉਣ ਦਾ ਸ਼ੌਕ ਸੀ, ਸਮਾਗਮਾਂ ਵਿੱਚ ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਗੀਤ ਗਾਇਆ ਕਰਦਾ ਸੀ ਤੇ ਨਾ਼ਲ ਨਾ਼ਲ ਹੈਡਵਾਲ ਖੇਡਣ ਦਾ ਵੀ ਸ਼ੋਕ ਸੀ, ਸਟੇਟ ਲੇਵਲ ਤੱਕ ਖੇਡ ਕੇ ਮਾਨ ਸਨਮਾਨ ਪ੍ਰਾਪਤ ਕੀਤੇ। ਉਸ ਵੇਲੇ ਨਾ਼ਲ ਖੇਡਦੇ ਸਨੀ ਦੁਸਾਂਝ, ਜਿਸ ਦੀ ਕਿ ਭਿਆਨਕ ਬਿਮਾਰੀ ਨਾ਼ਲ ਮੌਤ ਹੋ ਗਈ ਹੈ, ਨੂੰ ਯਾਦ ਕੀਤਾ। ਸਕੂਲ ਅਤੇ ਪਿੰਡ ਦੇ ਧਾਰਮਿਕ ਪ੍ਰੋਗਰਾਮਾਂ






ਵਿੱਚ ਭਾਗ ਲੈਣ ਦਾ ਬੜਾ ਸ਼ੌਕ ਰਿਹਾ ਹੈ। ਬੈਨੱਟ ਦੁਸਾਂਝ ਨੇ ਪ੍ਰਾਇਮਰੀ ਪੜ੍ਹਾਈ ਸ਼੍ਰੀ ਗੁਰੂ ਗੋਬਿੰਦ ਸਿੰਘ ਮਾਡਲ ਪਬਲਿਕ ਸਕੂਲ ਦੁਸਾਂਝ ਕਲਾਂ ਤੋਂ ਕੀਤੀ, ਗੁਰੂ ਹਰਿ ਰਾਏ ਸੀਨੀਅਰ ਸੈਕੰਡਰੀ ਸਕੂਲ ਦੁਸਾਂਝ ਕਲਾਂ ਤੋਂ ਦਸਵੀਂ ਪਾਸ ਕੀਤੀ, ਅਮਰਦੀਪ ਸ਼ੇਰਗਿਲ ਮੈਮੋਰੀਅਲ ਕਾਲਜ ਮੁਕੰਦਪੁਰ ਤੋਂ ਗ੍ਰੈਜੂਏਸ਼ਨ ਕੀਤੀ, ਏ ਪੀ ਜੇ ਕਾਲਜ ਆਫ ਫਾਇਨ ਆਰਟ ਜਲੰਧਰ ਤੋਂ ਸੰਗੀਤ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਕੀਤੀ। ਹੁੱਣ ਐਮ. ਫਿਲ. ਸੰਗੀਤਕ ਮੁਖੀ ਡਾ. ਗੁਰਪ੍ਰੀਤ ਕੌਰ ਦੀ ਅਗਵਾਈ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਤੋਂ ਕਰ ਰਿਹਾ ਹੈ। ਸਕੂਲ ਵਿੱਚ ਗਾਇਕੀ ਮੁਕਾਬਲਿਆਂ ਦੌਰਾਨ ਪ੍ਰਿੰਸੀਪਲ ਹਰੀ ਦੱਤ ਸ਼ਰਮਾ ਨੇ ਬੜੀ ਮੇਹਨਤ ਕਰਵਾ ਕੇ ਤਿਆਰੀ ਕਰਵਾਉਂਦੇ੧ਓਨ। ਨੌਵੀਂ ਕਲਾਸ ਵੇਲੇ ਪਿੰਡ ਮਾਹਲਾਂ ਵਿਖੇ ਮਾ. ਰਾਮ ਲਭਾਇਆ ਪਾਸੋਂ ਸੰਗੀਤ ਸਿਖਣਾ ਸ਼ੁਰੂ ਕੀਤਾ ਜੋ ਕਿ ਮਾਹਲਾਂ ਵਿੱਚ ਅਕੈਡਮੀ ਚਲਾ ਰਹੇ ਹਨ।

ਬੈਨੱਟ ਨੇ ਦਸਿਆ ਕਿ ਜੇਕਰ ਮੈਂ ਇਸ ਮੁਕਾਮ ਤੱਕ ਪੁੱਜਿਆਂ ਹਾਂ ਤਾਂ ਪੂਜਨੀਕ ਉਸਤਾਦ ਪ੍ਰੋਫੈਸਰ ਸ਼ਮਸ਼ਾਦ ਅਲੀ ਖਾਨ ਰਾਮਪੁਰ ਦੋਰਾਹਾ ਦੀ ਬਦੌਲਤ ਹਾਂ ਜੋ ਕਿ ਅੱਜ ਵੀ ਅਮਰਦੀਪ ਸ਼ੇਰਗਿਲ ਕਾਲਜ ਮੁਕੰਦਪੁਰ ਵਿੱਚ ਸੰਗੀਤ ਦੀ ਸਿਖਿਆ ਦੇ ਰਹੇ ਹਨ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਪ੍ਰੋਫੈਸਰ ਮੈਡਮ ਕਮਲ, ਗੁਰੂ ਜੀ ਓਮ ਪ੍ਰਕਾਸ਼ ਥਾਪਰ ਅਤੇ ਡਾ. ਹਰਗੁਣ ਜਿਹਨਾਂ ਨੇ ਸੰਗੀਤ ਵਿੱਚ ਅੱਗੇ ਵੱਧਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬੀ ਲੋਕ ਗਾਇਕ ਰਮੇਸ਼ ਚੌਹਾਨ ਜੀ ਪਾਸੋਂ ਸਟੇਜਾਂ ਉਤੇ ਗਾਉਣ ਅਤੇ ਬੋਲਣ ਦਾ ਤਜੱਰਬਾ ਲਿਆ। ਪੀ ਟੀ ਸੀ ਪੰਜਾਬੀ ਚੈਨਲ ਤੇ ਵਾਇਸ ਆਫ ਪੰਜਾਬ ਵਿੱਚ ਟੌਪ 5 ਵਿੱਚ ਪੁਜਕੇ ਮਾਣ ਹਾਸਲ ਕੀਤਾ। ਆਲ ਇੰਡੀਆ ਰੇਡੀਓ ਸੰਗੀਤਕ ਪ੍ਰਤੀਯੋਗਤਾ ਵਿੱਚ ਲੋਕ ਗਾਇਕੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਰੇਡੀਓ ਦਾ ਬੀ ਗ੍ਰੇਡ ਆਰਟਿਸਟ ਬਣਨ ਦਾ ਮਾਣ ਹਾਸਲ ਕੀਤਾ। ਕਲਰ ਟੀ ਵੀ ਚੈਨਲ ਤੇ ਚਲ ਰਹੇ ਰਿਆਲਟੀ ਸ਼ੋਅ ਰਾਇਸਿੰਗ ਸਟਾਰ ਵਿੱਚ ਪਹਿਲੀ ਪੇਸ਼ਕਾਰੀ ਵਿੱਚ ਭਾਗ ਲੈ ਕੇ ਜਿਥੇ ਜੱਜ ਦਲਜੀਤ ਦੁਸਾਂਝ, ਸ਼ੰਕਰ ਮਹਾਂਦੇਵਨ ਅਤੇ ਮੁਨਾ਼ਲੀ ਠਾਕੁਰ ਦੇ ਦਿਲਾਂ ਨੂੰ ਜਿਤਿਆ ਉਥੇ ਹੀ ਲਾਇਵ ਦੇਖ ਰਹੇ ਦੇਸ਼ਾਂ ਵਿਦੇਸ਼ਾਂ ਵਿੱਚ ਸਰੋਤਿਆਂ ਨੇ ਪਸੰਦ ਕੀਤਾ ਤੇ 93 ਫੀ ਸਦੀ ਵੋਟ ਕਰਕੇ ਬੈਨੱਟ ਦੁਸਾਂਝ ਨੂੰ ਅਗਲੇ ਪੜਾਅ ਵਿੱਚ ਪੁਜਣ ਲਈ ਰਸਤਾ ਸਾਫ ਕੀਤਾ। ਇਸ ਤੋਂ ਇਲਾਵਾ ਸਕੂਲ ਸੰਗੀਤ ਪ੍ਰਤੀਯੋਗਤਾਵਾਂ, ਕਾਲਜਾਂ ਵਿੱਚ ਯੂਥਫੈਸਟੀਵਲ ਮੁਕਾਬਲਿਆਂ ਵਿੱਚ ਅਨੇਕਾਂ ਵਾਰ ਭਾਗ ਲੇ ਕੇ ਮਾਣ ਹਾਸਲ ਕਰ ਚੁਕਾ ਹੈ, ਜਿਥੋਂ ਅਨੇਕਾਂ ਮੈਡਲ, ਸਨਮਾਨ ਚਿਨ, ਸਰਟੀਫਿਕੇਟ ਪ੍ਰਾਪਤ ਕੀਤੇ। ਬੈਨੱਟ ਨੇ ਧੰਨਵਾਦ ਕਰਦਿਆਂ ਕਿਹਾ ਕਿ ਪਰਿਵਾਰਕ ਮੈਂਬਰਾਂ ਅਤੇ ਮਿਤਰਾਂ ਦੋਸਤਾਂ ਨੇ ਸੰਗੀਤ ਵਿੱਚ ਅੱਗੇ ਵਧਣ ਲਈ ਬਹੁਤ ਹੋਸਲਾ ਦਿਤਾ। ਦੁਆਬੇ ਦੇ ਲੋਕਾਂ ਦੀ ਬੈਨੱਟ ਦੁਸਾਂਝ ਦੀ ਕਾਮਯਾਬੀ ਲਈ ਪ੍ਰਮਾਤਮਾਂ ਅੱਗੇ ਦੁਆ ਹੈ ਕਿ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।

# ਪੰਜਾਬੀ ਗਾਇਕੀ ਦਾ ਉਭਰਦਾ ਸਿਤਾਰਾ ਬੁਲੰਦ ਆਵਾਜ਼ ਦਾ ਮਾਲਕ- ਮਨਜਿੰਦਰ ਢਿੱਲੋਂ

ਕਹਿੰਦੇ ਨੇ ਗਾਇਕ ਉਹ ਜਿਸਦੀ ਆਵਾਜ਼ ਚ ਜਾਦੂ ਹੋਵੇ ਜਿਸ ਨੂੰ ਸੁਰਤਾਲ ਦੀ ਸਮਝ ਹੋਵੇ ਜਿਸ ਵਿੱਚ ਸਰੋਤਿਆਂ ਨੂੰ ਕੀਲ ਲੈਣ ਦੀ ਸਮਰੱਥਾ ਹੋਵੇ ਅਤੇ ਜਿਸਦੀ ਦਿਲਕਸ਼ ਆਵਾਜ਼ ਨੂੰ ਵਾਰ ਵਾਰ ਸੁਣਨ ਨੂੰ ਦਿਲ ਕਰੇ ਅੱਜ ਅਸੀਂ ਗੱਲ ਕਰ ਰਹੇ ਹਾਂ ਇੰਨ੍ਹਾਂ ਸਾਰੀਆਂ ਕਲਾਵਾਂ ਚ ਪ੍ਰਪੱਕ ਪੰਜਾਬੀ ਗਾਇਕੀ ਦੇ ਖੇਤਰ ਚ ਆਪਣੀ ਗਾਇਕੀ ਦਾ ਲੋਹਾ ਮੰਨਵਾ ਰਹੇ ਮਿੱਠ ਬੋਲੜੇ ਸੁਭਾਅ ਦੇ ਮਾਲਕ ਸ਼ਾਹੀ ਸ਼ਹਿਰ ਪਟਿਆਲਾ ਦੇ ਜੰਮਪਲ ਨੌਜਵਾਨ ਗਾਇਕ ਮਨਜਿੰਦਰ ਢਿੱਲੋਂ ਦੀ ਸ੍ਰ. ਟਹਿਲ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦੇ ਹੋਣਹਾਰ ਫਰਜੰਦ ਮਨਜਿੰਦਰ ਢਿੱਲੋਂ ਦਾ ਜਨਮ 14-ਅਕਤੂਬਰ-1984 ਨੂੰ ਹੋਇਆ ਮਨਜਿੰਦਰ ਨੂੰ ਗਾਇਕੀ ਦਾ ਸ਼ੋਂਕ ਬਚਪਨ ਵਿੱਚ ਹੀ ਜੋਸ਼ੀ ਮਾਡਲ ਸਕੂਲ ਚ ਪੜਦਿਆਂ ਪੈ ਗਿਆ ਸੀ ਅਧਿਆਪਕਾਂ ਵੱਲੋਂ ਮਿਲੀ ਹੱਲਾਸ਼ੇਰੀ ਨਾਲ ਮਨਜਿੰਦਰ ਨੇ ਸਕੂਲੇ ਪੜਦਿਆਂ ਲੋਕ ਗੀਤ ਛੱਲਾ ਗਾ ਕੇ ਜਿਲਾ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਮੁੱਢਲੀ ਪੜ੍ਹਾਈ ਤੋਂ ਬਾਅਦ ਮਨਜਿੰਦਰ ਨੇ ਉਚੇਰੀ ਵਿੱਦਿਆ ਮਹਿੰਦਰਾ ਕਾਲਜ ਪਟਿਆਲਾ ਤੋਂ ਸੰਗੀਤ ਵਿਸ਼ੇ ਨਾਲ ਹਾਸਲ ਕੀਤੀ ਅਤੇ ਨਾਲ-ਨਾਲ ਸੰਗੀਤ ਦੀ ਸਿੱਖਿਆ ਉਸਤਾਦ ਸਵ:ਸ੍ਰ. ਬਲਦੇਵ ਸਿੰਘ ਜੀ ਤੋਂ ਪ੍ਰਾਪਤ ਕੀਤੀ। ਇਸੇ ਦੌਰਾਨ ਮਨਜਿੰਦਰ ਨੇ ਨੌਰਥ ਦੇ ਕਲਚਰ ਸੈਂਟਰ ਦੇ ਪੋਗਰਾਮਾਂ ਵਿੱਚ ਭੰਗੜੇ ਨਾਲ ਬੋਲੀਆਂ ਪਾਉਣੀਆਂ ਸ਼ੁਰੂ ਕਰ ਦਿਤੀਆਂ ਤੇ ਨੋਰਥ ਜੋਨ ਦੇ ਕਈ ਪ੍ਰੋਗਰਾਮਾਂ ਵਿੱਚ ਵੱਧ ਚੱੜ ਕੇ ਹਿੱਸਾ ਲਿਆ ਜਿੱਥੇ ਉਸਨੂੰ ਭਰਪੂਰ ਹੁੰਗਾਰਾ ਮਿਲਿਆ। ਮਨਜਿੰਦਰ ਕਾਲਜ਼ ਦੀਆਂ ਪਾਰਟੀਆਂ ਯੂਥ ਫੈਸਟਿਵਲ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਆਪਣੀ ਕਲਾ ਦੇ ਜੋਹਰ ਦਿਖਾਉਣ ਸਦਕਾ ਸੱਭ ਦਾ ਹਰਮਨ ਪਿਆਰਾ ਹੁੰਦਾ ਚਲਾ ਗਿਆ। ਮਨਜਿੰਦਰ ਕਲਾ ਨੂੰ ਕੁਦਰਤ ਦੀ ਦੇਣ ਮੰਨਦਾ ਹੈ ਇਸ ਲਈ ਉਹ ਆਪਣੀ ਕਲਾ ਨੂੰ ਦਿਲੋਜਾਨ ਤੋਂ ਸਮਰਪਿਤ ਹੈ।ਖਾਸ ਦੋਸਤਾਂ ਅਤੇ ਸਮਾਜ ਦੇ ਸੁੱਲਝੇ ਹੋਏ ਇਨਸਾਨਾਂ ਦੇ ਮਸ਼ਵਰੇ ਨੂੰ ਪਲ੍ਹੇ ਬੰਨ ਕੇ ਗਾਇਕੀ ਦੀਆਂ ਸੱਖਤ ਅਤੇ ਲੰਬੀਆਂ ਰਾਹਾਂ ਉੱਤੇ ਸੰਜੀਦਗੀ ਨਾਲ ਤੁਰੇ ਮਨਜਿੰਦਰ ਢਿੱਲੋਂ ਨੇ ਪਰਿਵਾਰ ਅਤੇ ਯਾਰਾਂ ਮਿੱਤਰਾਂ ਦੀ ਹੱਲਾਸ਼ੇਰੀ ਸਦਕਾ ਆਪਣਾ ਪਹਿਲਾ ਸਿੰਗਲ ਟਰੈਕ ''ਜੱਟ ਦੀ ਹਵੇਲੀ'' ਗੀਤ ਸਰੋਤਿਆਂ ਦੇ ਰੂਬਰੂ ਕੀਤਾ। ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।ਉਸ ਤੋਂ ਬਾਅਦ ਮਨਜਿੰਦਰ ਢਿੱਲੋਂ ਨੇ '' ਹੈਬਤ ''



ਗੀਤ ਸਰੋਤਿਆਂ ਦੀ ਝੋਲੀ ਪਾਇਆ ਇਸ ਗੀਤ ਨੂੰ ਐਸ.ਐਮ.ਆਈ ਕੰਪਨੀ ਵੱਲੋਂ ਪੇਸ਼ ਕੀਤਾ ਗਿਆ ਅਤੇ ਸੰਗੀਤ ਆਰ.ਗੁਰੂ ਨੇ ਦਿੱਤਾ ਇਸ ਗੀਤ ਦੇ ਬੋਲਾਂ ਨੂੰ ਕਲਮਬੱਧ ਕੀਤਾ ਸੁਖਜੀਤ ਖੰਨੇਵਾਲੇ ਨੇ ਅਤੇ ਵੀਡੀਓ ਫੀਲਮਾਂਕਣ ਪੰਜਾਬ ਦੇ ਨਾਮਵਾਰ ਵੀਡੀਓ ਡਾਇਰੈਕਟਰ ਹੈਰੀ ਸਿੰਘ/ਪ੍ਰੀਤ ਸਿੰਘ ਨੇ ਕੀਤਾ।'' ਹੈਬਤ ''ਗੀਤ ਨੇ ਸੋਸ਼ਲ ਮੀਡੀਏ ਦੇ ਨਾਲ ਨਾਲ ਲਗਭਗ ਸਾਰੇ ਹੀ ਪੰਜਾਬੀ ਚੈਨਲਾਂ 'ਤੇ ਧੂੰਮਾਂ ਪਾਇਆਂ ਜਿਸ ਨੂੰ ਨੂੰ ਦੇਸ਼ਾਂ-ਵਿਦੇਸ਼ਾਂ ਚ ਵਸਦੇ ਸਰੋਤਿਆਂ ਨੇ ਖੂਬ ਸਰਾਹਿਆ।

ਸਰੋਤਿਆਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਅਤੇ ਭਰਭੂਰ ਪਿਆਰ ਨੂੰ ਬਰਕਰਾਰ ਰੱਖਦਿਆਂ ਹਾਲ ਹੀ ਵਿੱਚ ਮਨਜਿੰਦਰ ਅਪਣਾ ਨਵਾਂ ਗੀਤ '' ਨੋਕੀਆ 1100'' ਲੈ ਕੇ ਸਰੋਤਿਆਂ ਦੀ ਕਚਿਹਰੀ ਵਿੱਚ ਹਾਜ਼ਰ ਹੋਇਆ ਹੈ ਜਿਸਨੂੰ ਜੱਸ ਰਿਕੱਾਰਡਜ਼ ਵਲੋਂ ਰਿਲੀਜ਼ ਕੀਤਾ ਗਿਆ ਹੈ ਅਤੇ ਸੰਗੀਤ ਖੁਦ ਮਨਜਿੰਦਰ ਢਿੱਲੋਂ ਅਤੇ ਹੈਰੀਜ਼ ਵੱਲੋਂ ਦਿੱਤਾ ਗਿਆ ਹੈ ਇਸ ਗੀਤ ਦੇ ਬੋਲਾਂ ਨੂੰ ਆਪਣੀ ਕਲਮ ਨਾਲ ਸ਼ਿੰਗਾਰਿਆ ਹੈ ਗੁਰਨਾਮ ਸਾਹਲ ਨੇ।

ਜਲਦ ਹੀ ਮੰਨਜਿੰਦਰ ਢਿੱਲੋਂ ਦੇ ਗੀਤਕਾਰ ਵਿੱਕੀ ਧਾਲੀਵਾਲ ਦੀ ਕਲਮ ਵਿੱਚੋਂ ਨਿਕਲੇ ਬੋਲਾਂ,ਆਰ.ਗੁਰੂ ਤੇ ਕੁਲਦੀਪ ਪਵਾਰ ਦੇ ਸੰਗੀਤ ਨਾਲ ਸ਼ਿੰਗਾਰੇ ਹੋਏ ਹੋਰ ਗੀਤ ਰਿਲੀਜ਼ ਹੋਣ ਜਾ ਰਹੇ ਨੇ ਜੋ ਸਰੋਤਿਆਂ ਨੂੰ ਬੇਹੱਦ ਪਸੰਦ ਆਉਣਗੇ। ਮਨਜਿੰਦਰ ਖਾਸ ਕਰ ਆਪਣੇ ਅਜ਼ੀਜ਼ ਦੋਸਤਾਂ ਮਿੱਤਰਾਂ ਅਤੇ ਆਪਣੇ ਨਾਲ ਦਿਨ ਰਾਤ ਇੱਕ ਕਰ ਮਿਹਨਤ ਕਰਨ ਵਾਲੇ ਟੀਮ ਮੈਂਬਰਾਂ ਤੇ ਸਰੋਤਿਆਂ ਦਾ ਵਿਸ਼ੇਸ਼ ਧੰਨਵਾਦੀ ਹੈ।



ਗੁਰਪ੍ਰੀਤ ਬੱਲ
(ਰਾਜਪੁਰਾ)
91-98553 25903

ਜਿਨ੍ਹਾਂ ਦੇ ਨੇਕ ਮਸ਼ਵਰੇ, ਸਹਿਯੋਗ ਤੇ ਭਰਭੂਰ ਪਿਆਰ ਨਾਲ ਉਹ ਸ਼ੋਹਰਤ ਦੀਆਂ ਮੰਜ਼ਿਲਾਂ ਵੱਲ ਵੱਧ ਰਿਹਾ ਹੈ।ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਪੰਜਾਬੀ ਸੰਗੀਤ ਜਗਤ ਦੇ ਖੇਤਰ ਚ ਮਨਜਿੰਦਰ ਢਿੱਲੋਂ ਨਵੇਂ ਪੂਰਨੇ ਪਾਵੇ ਅਤੇ ਪੰਜਾਬੀ ਗਾਇਕੀ ਦਾ ਮਾਣ ਬੱਣ ਕੇ ਆਕਾਸ਼ ਦੀਆਂ ਬੁਲੰਦੀਆਂ ਨੂੰ ਛੂਹ ਧਰੂ ਤਾਰੇ ਵਾਂਗ ਚਮਕੇ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# ਕੁਝ ਆਜ਼ਾਦ ਜਲੰਧਰੀ ਬਾਰੇ



ਅਮਰੀਕ ਚੰਦ
510-329-3215

ਸਜਰੇ ਖਿੜੇ ਫੁੱਲਾਂ ਵਰਗੇ ਹਸੂੰ ਹਸੂੰ ਕਰਦੇ ਮੁਖੜੇ ਅਤੇ ਦੁੱਖਾਂ ਦਰਦਾਂ ਨਾਲ ਪੀੜਤ ਜਨਤਾ ਨਾਲ ਹਮ-ਦਰਦੀ ਭਰੇ ਹਿਰਦੇ ਵਾਲੇ ਕਵਿਤਾ ਤੇ ਸੰਗੀਤ ਵਰਗੀਆਂ ਕੋਮਲ ਕਲਾਵਾਂ ਨੂੰ ਚਾਰ ਚੰਦ ਲਾਉਣ ਵਾਲੇ, ਸ੍ਰੀ ਆਜ਼ਾਦ ਜਲੰਧਰੀ ਜੀ ਦਾ ਜਨਮ 13 ਜਨਵਰੀ 1933 ਨੂੰ ਕਸਬਾ ਬੜਾ ਪਿੰਡ ਜ਼ਿਲ੍ਹਾ ਜਲੰਧਰ ਵਿਚ ਹੋਇਆ। ਜਿਸ ਦਿਨ ਆਜ਼ਾਦ ਜੀ ਨੇ ਪਹਿਲੀ ਵੇਰ ਇਸ ਜਹਾਨ ਨੂੰ ਵੇਖਿਆ ਉਸ ਦਿਨ ਬਸੰਤ ਰੁੱਤ ਵੀ ਆਪਣੇ ਜੋਬਨ ਉੱਤੇ ਆਈ ਹੋਈ ਸੀ ਅਤੇ ਹਰ ਪਾਸੇ ਸਜਰੇ ਖਿੜੇ ਫੁੱਲ ਵਾਤਾਵਰਣ ਵਿਚ ਆਪਣੀਆਂ ਮਹਿਕਾਂ ਖਿਲਾਰ ਰਹੇ ਸਨ।

ਆਜ਼ਾਦ ਜੀ ਦੇ ਮਾਤਾ ਪਿਤਾ ਜੀ ਨੇ ਆਪਣੇ ਗਵਾਂਢੀਆਂ ਨੂੰ ਸਪੁੱਤਰ ਦੀ ਦਾਤ ਪ੍ਰਾਪਤ ਹੋਣ ਦੀ ਖ਼ੁਸ਼ਖ਼ਬਰੀ ਸੁਣਾਉਂਦੇ ਹੋਏ ਨਗਰ ਨਿਵਾਸੀਆਂ ਨਾਲ ਆਪਣੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

1948 ਵਿਚ ਆਜ਼ਾਦ ਜੀ ਨੇ ਰਾਮਗੜ੍ਹੀਆ ਹਾਈ ਸਕੂਲ ਫਗਵਾੜਾ ਤੋਂ ਦਸਵੀਂ ਪਾਸ ਕੀਤੀ ਅਤੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਉੱਚੀ ਵਿਦਿਆ ਪ੍ਰਾਪਤ ਕਰਨ ਲਈ ਚਲੇ ਗਏ। ਉਸ ਵੇਲੇ ਭਾਰਤ ਵਿਚ ਆਰਥਿਕ ਸਥਿਤੀ ਬਹੁਤ ਖਰਾਬ ਸੀ। ਇਸ ਕਰਕੇ ਉੱਚੀ ਵਿੱਦਿਆ ਪੜ੍ਹਨ ਦਾ ਖ਼ੁਆਬ ਪੂਰਾ ਨਾ ਹੋ ਸਕਿਆ। 1950 ਵਿਚ ਆਪ ਜੀ ਨੇ ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਨੌਕਰੀ ਕਰ ਲਈ। ਸਰਕਾਰੀ ਨੌਕਰੀ ਕਰਦੇ ਹੋਏ ਆਪ ਦਿੱਲੀ ਦੇ ਸਾਹਿਤਕ ਖੇਤਰ ਵਿਚ ਵੀ ਸਰਗਰਮ ਰਹੇ ਅਤੇ ਆਪ ਜੀ ਨੇ ਪੰਜਾਬੀ ਵਿਚ ਕਵਿਤਾ ਲਿਖਣ ਅਤੇ ਸੰਗੀਤ ਵਿਚ ਚੰਗੀ ਮੁਹਾਰਤ ਪ੍ਰਾਪਤ ਕਰ ਲਈ। ਭਾਵੇਂ ਆਪ ਜੀ ਨੇ ਪ੍ਰਾਈਵੇਟ ਤੌਰ ਤੇ ਉਰਦੂ, ਫਾਰਸੀ, ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖਿਆ ਹੋਇਆ ਸਾਹਿਤ ਵੀ ਬਹੁਤ ਪੜ੍ਹਿਆ ਜਿਸ ਕਰਕੇ ਆਪ ਇਹਨਾਂ ਬੋਲੀਆਂ ਵਿਚ ਵੀ ਕਵਿਤਾ ਲਿਖ ਲੈਂਦੇ ਸਨ ਪ੍ਰੰਤੂ ਮਾਂ ਬੋਲੀ ਨਾਲ ਆਪ ਜੀ ਨੂੰ ਬਹੁਤ ਨਿੱਘਾ ਪਿਆਰ ਹੈ। ਇਸ ਕਰਕੇ ਪਹਿਲ ਪੰਜਾਬੀ ਨੂੰ ਹੀ ਦਿੰਦੇ ਰਹੇ। ਉਸ ਸਮੇਂ ਕੇਂਦਰੀ ਸਰਕਾਰ ਉਪਰ ਲਿਖੀਆਂ ਸਾਰੀਆਂ ਭਾਸ਼ਾਵਾਂ ਵਿਚ ਸਰਬ ਹਿੰਦ ਕਵੀ ਦਰਬਾਰ ਤੇ ਕਵਿਤਾ ਮੁਕਾਬਲੇ ਕਰਾਇਆ ਕਰਦੀ ਸੀ। ਜਿਨ੍ਹਾਂ ਵਿਚ ਆਪ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਅਤੇ 1958, 59, 62 ਦੇ ਪੰਜਾਬੀ ਕਵਿਤਾ ਮੁਕਾਬਲੇ ਜਿੱਤ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਅਕਾਲ ਪੁਰਖ ਵਾਹਿਗੁਰੂ ਨੇ ਆਜ਼ਾਦ ਜੀ ਦੀ ਝੋਲੀ ਵਿਚ ਸੰਗੀਤ ਦੀ ਦਾਤ ਵੀ ਬੜੇ ਖੁੱਲ੍ਹੇ ਦਿਲ ਨਾਲ ਪਾਈ ਹੈ ਅਤੇ ਆਪ ਜੀ ਨੂੰ ਆਵਾਜ਼ ਵੀ ਇਤਨੀ ਸੁਰੀਲੀ ਬਖਸ਼ੀ ਹੈ ਕਿ ਆਪ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੇ ਹਨ ਅਤੇ ਉਨ੍ਹਾਂ ਦੇ ਕੰਨਾਂ ਵਿਚ ਐਸਾ ਅੰਮ੍ਰਿਤ ਰਸ ਘੋਲਦੇ ਹਨ ਕਿ ਉਨ੍ਹਾਂ ਨੂੰ ਇਕ ਅਕਹਿ ਪ੍ਰਕਾਰ ਦਾ ਖੁਮਾਰ ਚੜ੍ਹ ਜਾਂਦਾ ਹੈ। ਖਾਸ ਤੌਰ 'ਤੇ ਜਦੋਂ ਆਪ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਧਗੜੀ ਬਾਣੀ ਨੂੰ ਸੰਗੀਤ ਵਿਚ ਗਾਉਂਦੇ ਹਨ ਤਾਂ 'ਝਿਮ ਝਿਮ ਬਰਸੈ ਅੰਮ੍ਰਿਤ ਧਾਰਾ' ਵਾਲੀ ਸਥਿਤੀ ਪੈਦਾ ਹੋ ਜਾਂਦੀ ਹੈ। ਆਪਣੀ ਉੱਚ ਕੋਟੀ ਦੀ ਕਵਿਤਾ ਅਤੇ ਸੰਗੀਤ ਦੇ ਮਨਮੋਹਨੇ ਕੀਰਤਨ ਦੁਆਰਾ ਆਪ ਜੀ ਨੇ ਦਿੱਲੀ ਵਿਚ ਉਹ ਪ੍ਰਸਿੱਧੀ ਪ੍ਰਾਪਤ ਕੀਤੀ ਜੋ ਬਹੁਤ ਥੋੜ੍ਹੇ ਕਵੀਆਂ ਤੇ ਸੰਗੀਤਕਾਰਾਂ ਦੇ ਹਿੱਸੇ ਆਈ ਹੈ। ਭਾਵੇਂ ਗੁਰਦੁਆਰਾ ਹੋਵੇ ਜਾਂ ਮੰਦਰ ਆਪ ਸੰਗੀਤ ਸੰਮੇਲਨਾਂ ਤੇ ਕੀਰਤਨ ਦਰਬਾਰਾਂ ਵਿਚ ਹਰ ਥਾਂ ਪਹੁੰਚ ਜਾਂਦੇ ਸਨ ਅਤੇ ਕਿਸੇ ਪ੍ਰਕਾਰ ਦੇ ਲੋਭ ਲਾਲਚ ਤੋਂ ਬਿਨਾਂ ਨਿਸ਼ਕਾਮ ਸੇਵਾ ਕਰਕੇ ਜੱਸ ਖੱਟਦੇ ਰਹੇ।

ਆਜ਼ਾਦ ਜੀ ਨੇ ਭਾਵੇਂ ਕਈ ਬੋਲੀਆਂ ਦਾ ਸਾਹਿਤ ਪੜ੍ਹਿਆ ਤੇ ਉਸ ਦਾ ਰਸ ਮਾਣਿਆ ਪਰ ਮਾਂ ਬੋਲੀ ਨਾਲ ਪਿਆਰ ਆਪ ਜੀ ਨੂੰ ਬਚਪਨ ਵਿਚ ਹੀ ਗੁਰਬਾਣੀ ਦਾ ਇਹ ਸ਼ਬਦ ਸੁਣ ਕੇ ਪੈਦਾ ਹੋ ਗਿਆ:

ਅਵਲਿ ਅਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ।

ਜਦੋਂ ਆਪ ਜੀ ਨੇ ਗੁਰਬਾਣੀ ਦਾ ਇਹ ਸ਼ਬਦ ਸੁਣਿਆ ਤਾਂ ਉਸਦਾ ਭਾਵ ਆਪ ਜੀ ਦੇ ਕੋਮਲ ਹਿਰਦੇ ਦੀਆਂ ਗਹਿਰਾਈਆਂ ਵਿਚ ਉਤਰ ਗਿਆ ਤੇ ਆਪ ਜੀ ਗੁਰਬਾਣੀ ਦੇ ਪਰਮ ਸ਼ਰਧਾਲੂ ਬਣ ਗਏ। ਗੁਰਬਾਣੀ ਤੋਂ ਹੀ ਆਪ ਜੀ ਨੂੰ ਇਹ ਪਵਿੱਤਰ ਰੱਬੀ ਸੰਦੇਸ਼ ਮਿਲਿਆ ਕਿ ਪਰਮਾਤਮਾ ਇਕ ਹੈ, ਮਾਨਵਤਾ ਵੀ ਇਕ ਹੈ, ਤੇ ਉਸਦਾ ਸਾਂਝਾ ਪਰਿਵਾਰ ਹੈ। ਖ਼ਲਕਤ ਦੀ ਸੇਵਾ ਹੀ ਪ੍ਰਭੂ ਦੀ ਸੇਵਾ ਹੈ ਕਿਉਂਕਿ ਬਾਬਾ ਫਰੀਦ ਜੀ ਦਾ ਫੁਰਮਾਨ ਹੈ:

ਫਰੀਦਾ ਖਾਲਕ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸਨੋ ਆਖੀਐ ਜਾਂ ਤਿਸ ਬਿਨ ਕੋਈ ਨਾਹਿ॥

1978 ਵਿਚ ਆਜ਼ਾਦ ਜੀ ਸਰਕਾਰੀ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਅਮਰੀਕਾ ਆ ਵੱਸੇ। ਇੱਥੇ ਆ ਕੇ ਆਪ ਜੀ ਨੇ ਜੋ ਸਾਹਿਤ ਪੜ੍ਹਿਆ ਉਸ ਨੇ ਆਪ ਜੀ ਦਾ ਦ੍ਰਿਸ਼ਟੀਕੋਣ ਹੋਰ ਵੀ ਵਿਸ਼ਾਲ ਬਣਾ ਦਿੱਤਾ ਅਤੇ ਆਪ ਮਜ਼੍ਹਬਾਂ, ਮੁਲਕਾਂ ਤੇ ਨਸਲਾਂ ਦੀਆਂ ਹੱਦਬੰਦੀਆਂ ਤੋਂ ਉੱਚੇ ਉਠ ਕੇ ਲੋਕ ਸੇਵਾ ਵਿਚ ਹੋਰ ਵੀ ਸਰਗਰਮ ਹੋ ਗਏ।

ਅੱਜਕਲ੍ਹ ਆਪ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਕਵਿਤਾ ਲਿਖ ਰਹੇ ਹਨ ਅਤੇ ਆਪ ਜੀ ਪਾਸ ਕਈ ਪੁਸਤਕਾਂ ਦਾ ਮਸਾਲਾ ਇਕੱਠਾ ਹੋਇਆ ਪਿਆ ਹੈ, ਜਿਸ ਨੂੰ ਉਨ੍ਹਾਂ ਦੇ ਮਿੱਤਰ ਸੱਜਣ ਛਪਵਾਉਣ ਦੇ ਯਤਨ ਕਰ ਰਹੇ ਹਨ।

ਆਪ ਜੀ ਦੇ ਲਿਖੇ ਬਹੁਤ ਸਾਰੇ ਗੀਤ ਤੇ ਗ਼ਜ਼ਲਾਂ ਐਚ. ਐਮ. ਵੀ. ਅਤੇ ਟੀ. ਸੀਰੀਜ਼ ਵਾਸਤੇ ਰਿਕਾਰਡ ਹੋ ਚੁੱਕੇ ਹਨ ਅਤੇ ਅਮਰੀਕਾ ਵਿਚ ਰੇਡੀਓ ਸਟੇਸ਼ਨਾਂ ਤੋਂ ਰਿਲੇਅ ਹੋ ਰਹੇ ਹਨ। ਸੰਸਾਰ ਦੇ ਸਾਰੇ ਦੇਸ਼ਾਂ ਵਿਚ ਆਪ ਜੀ ਦੇ ਲਿਖੇ ਗੀਤ ਤੇ ਗਜ਼ਲਾਂ ਗੂੰਜ ਰਹੀਆਂ ਹਨ, ਜਿਸ ਕਰਕੇ ਆਪ ਜੀ ਨੂੰ ਕੌਮਾਂਤਰੀ ਪੱਧਰ ਦੀ ਪ੍ਰਸਿੱਧੀ ਪ੍ਰਾਪਤ ਹੋ ਚੁੱਕੀ ਹੈ। 'ਰੁਬਾਈ ਮਾਲਾ' ਤੋਂ ਉਪਰੰਤ ਆਪ ਜੀ ਦੀਆਂ ਹੋਰ ਪੁਸਤਕਾਂ ਵੀ ਛੇਤੀ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਹੀਆਂ ਹਨ। ਮੇਰੀ ਪਰਮਾਤਮਾ ਦੇ ਪਵਿੱਤਰ ਚਰਨਾਂ ਵਿਚ ਇਹੋ ਪ੍ਰਾਰਥਨਾ ਹੈ ਕਿ ਆਜ਼ਾਦ ਜੀ ਨੂੰ ਉਹ ਪਰਮ ਪਿਤਾ ਪਰਮਾਤਮਾ ਲੰਬੀ ਉਮਰ ਬਖ਼ਸ਼ੇ ਅਤੇ ਆਪ ਜੀ ਦੀ ਕਲਮ ਵਿਚ ਹੋਰ ਜ਼ੋਰ ਪੈਦਾ ਕਰੇ ਤਾਂ ਕਿ ਆਪ ਮਾਨਵਤਾ ਦੀ ਨਿਰੰਤਰ ਸੇਵਾ ਕਰਦੇ ਰਹਿਣ।

**ਸਾਹਿੱਤ ਪ੍ਰੇਮੀਆਂ ਦਾ ਸ਼ੁਭ ਚਿੰਤਕ- ਅਮਰੀਕ ਲਾਖਾ**
**# 5785, ਰੌਬਰਟਸਨ ਐਵੀਨਿਊ, ਕੈਲੇਫੋਰਨੀਆ, ਅਮਰੀਕਾ**

# ਜਨਾਬ ਆਜ਼ਾਦ ਜਲੰਧਰੀ ਜੀ ਦੀਆਂ ਕੁਝ ਰੁਬਾਈਆਂ

ਗੰਦਾ ਫੋਲਣ ਕਾਗ ਹਮੇਸ਼ਾ
ਹੰਸ ਕਦੇ ਨਾ ਫੋਲੇ।
ਬੇਈਮਾਨ ਹਮੇਸ਼ਾ ਮੰਦਾ
ਬੋਲ ਜ਼ਬਾਨੋਂ ਬੋਲੇ।


ਮਾੜੇ ਬੰਦੇ ਕੋਲੋਂ ਚੰਗੀ,
ਗੱਲ ਦੀ ਆਸ ਨਾ ਕੋਈ,
ਜਿੱਧਰ ਜਾਵੇ ਗੰਦ ਖਿਲਾਰੇ
ਕੁਫ਼ਰ ਹਮੇਸ਼ਾ ਤੋਲੇ।

ਸੂਫ਼ੀ ਸੰਤ ਫ਼ਕੀਰ ਕਹਿ ਗਏ
ਗੱਲਾਂ ਖਰੀਆਂ ਖਰੀਆਂ।
ਕਦੇ ਬੇੜੀਆਂ ਪਾਪ ਦੀਆਂ
ਨਹੀਂ ਭਵਸਾਗਰ ਵਿਚ ਤਰੀਆਂ।

ਲੋਕ ਸੁਖੀ ਪਰਲੋਕ ਸੁਹੇਲੇ
ਜੇ ਨਰ ਸੇਵ ਕਮਾਵੇ,
ਧਰਮ ਦੀਆਂ ਆਜ਼ਾਦ ਨੇ ਵੇਲਾਂ
ਵਿਚ ਦਰਗਾਹ ਦੇ ਹਰੀਆਂ।

ਰੱਬ ਦਿਆ ਯਾਰਾਂ ਹੱਸਕੇ ਕੀਤੀ
ਰੱਬ ਦੇ ਜਾਨ ਹਵਾਲੇ।
ਤੱਤੀਆਂ ਤਵੀਆਂ ਉੱਤੇ ਬਹਿ ਗਏ
ਖਾ ਲਇ ਦੇਗ਼ ਉਬਾਲੇ।

ਖੁਦ ਮਕਤਲ ਵਿਚ ਜਾ ਕੇ ਆਪਣੀ
ਗਰਦਨ ਆਪ ਕਟਾ ਲਈ,
ਹੱਸ ਕੇ ਦਾਰ ਤੇ ਝੂਟੇ ਲੈ ਲਏ
ਪੀ ਲਏ ਜ਼ਹਿਰ ਪਿਆਲੇ।




ਇਹ ਦੁਨੀਆ ਤੋਂ ਨਿਆਰੀ ਏ
ਮੇਰੇ ਪੰਜਾਬ ਦੀ ਬੋਲੀ।
ਬੜੀ ਸਾਦੀ ਤੇ ਪਿਆਰੀ ਏ
ਮੇਰੇ ਪੰਜਾਬ ਦੀ ਬੋਲੀ।

ਇਹਨੂੰ ਆਜ਼ਾਦ ਸਤਿਕਾਰੋ
ਗੁਰੂ ਪੀਰਾਂ ਫ਼ਕੀਰਾਂ ਨੇ,
ਇਹ ਅਰਸ਼ਾਂ ਤੋਂ ਉਤਾਰੀ ਏ
ਮੇਰੇ ਪੰਜਾਬ ਦੀ ਬੋਲੀ।

ਤੜਕਸਾਰ ਕਿਰਸਾਣ ਖੂਹਾਂ ਤੇ
ਜਾ ਕੇ ਬੋਲੇ ਲਾਉਂਦੇ।
ਕਿਰਤੀ ਕਾਮੇ ਅੰਮ੍ਰਿਤ ਵੇਲੇ
ਤੇਰਾ ਨਾਮ ਧਿਆਉਂਦੇ।

ਪਾਣੀ ਦੀ ਝਰ ਝਰ ਦੇ ਵਿਚੋਂ
ਗੂੰਜਣ ਤੇਰੇ ਨਗਮੇਂ,
ਵੱਟਾਂ, ਬੰਨ੍ਹੇ ਖੇਤ ਪੈਲੀਆਂ
ਤੇਰੀ ਮਹਿਮਾ ਗਾਉਂਦੇ।

ਊਚ ਨੀਚ ਦੇ ਬੰਦਿਆ ਐਵੇਂ
ਨਾ ਕਰ ਖੜ੍ਹੇ ਬਿਖੇੜੇ।
ਅੰਤ ਕਾਲ ਪਛਤਾਏਂਗਾ
ਜਦ ਮੌਤ ਆ ਗਈ ਨੇੜੇ।

ਛੋਟਾ ਵੱਡਾ ਕੋਈ ਨਾ ਇੱਥੇ
ਸਭ ਇਨਸਾਨ ਬਰਾਬਰ,
ਅੰਤ ਸਮੇਂ ਆਜ਼ਾਦ ਹੋਣਗੇ
ਅਮਲਾਂ ਨਾਲ ਨਿਬੇੜੇ।

ਕੀ ਲੈਣਾ ਉਸ ਤੀਰਥ ਜਾ ਕੇ
ਜਿਸ ਘਟ ਪਿਆਰ ਦੀ ਗੰਗਾ।
ਸਾਫ ਦਿਲਾਂ ਨੇ ਕੀ ਲੈਣਾ ਏ
ਜੰਗਲੀਂ ਫਿਰਕੇ ਨੰਗਾ।

ਬੰਦੇ ਦਾ ਦਿਲ ਤੋੜ ਕੇ ਬੰਦਿਆ
ਰੱਬ ਮੰਦਰਾਂ ਵਿਚ ਲੱਭੇਂ,
ਇਕ ਦਿਲ ਸਾਫ ਕਿਸੇ ਨਿਰਧਨ ਦਾ
ਸੌ ਮੰਦਰਾਂ ਤੋਂ ਚੰਗਾ।

ਬੰਦਾ ਰੱਬ ਨੇ ਪੈਦਾ ਕੀਤਾ
ਰੱਬ ਨੂੰ ਵੇਚੇ ਬੰਦਾ।
ਰੱਬ ਹੈਰਤ ਨਾਲ ਦੇਖ ਰਿਹਾ ਏ
ਅੱਜ ਬੰਦੇ ਦਾ ਧੰਦਾ।

ਮੰਦਰਾਂ 'ਚੋਂ ਭਗਵਾਨ ਚੁਰਾਵੇ
ਫਿਰ ਦਾਨੀ ਅਖਵਾਵੇ,
ਰੱਬ ਨੂੰ ਵੇਚ ਵੇਚ ਕੇ ਦੇਵੇ
ਰੱਬ ਦੇ ਨਾਂ ਤੇ ਚੰਦਾ।

ਕੋਈ ਕਹੇ ਰੱਬ ਵਸਦਾ ਕਾਂਸ਼ੀ
ਕੋਈ ਕਹੇ ਵਿਚ ਮੱਕੇ।
ਕੋਈ ਕਹੇ ਜੰਗਲਾਂ ਵਿਚ ਵਸਦਾ
ਲੱਭ ਲੱਭ ਲੋਕੀਂ ਥੱਕੇ।

ਦੀਦ ਓਹ ਹੀ ਮਹਿਬੂਬ ਦਾ ਕਰਦਾ
ਓਹ ਹੀ ਰੱਬ ਨੂੰ ਪਾਉਂਦਾ,
ਮਨ ਦੀਆਂ ਅੱਖਾਂ ਖੋਲ੍ਹਕੇ ਜਿਹੜਾ
ਅਪਣੇ ਅੰਦਰ ਤੱਕੇ।

ਬੰਦੇ ਵਿਚ ਤੂੰ ਬੋਲ ਰਿਹਾ ਏਂ
ਬੰਦਾ ਮੈਂ ਮੈਂ ਕਰਦਾ।
ਤੂੰ ਦਾਤਾ ਏਂ ਤੂੰ ਮਾਲਿਕ ਏਂ
ਪੰਜ ਤੱਤਾਂ ਦੇ ਘਰਦਾ।

ਮੈਂ ਮੈਂ ਛੱਡ ਕੇ ਜੇ ਇਹ ਬੰਦਾ
ਸਿੱਖ ਲਇ ਤੂੰ ਤੂੰ ਕਹਿਣਾ,
ਰੱਬ ਤੇ ਬੰਦੇ ਅੰਦਰ ਜਿਹੜਾ
ਹਟ ਸਕਦਾ ਏ ਪਰਦਾ।


ਕੰਨ ਪੜਵਾਏ ਸਿਰ ਮੁੰਡਵਾਇਆ
ਭਗਵਾਂ ਭੇਸ ਬਣਾਇਆ।
ਰਮਜ਼ ਫ਼ਕੀਰੀ ਪਾ ਨਾ ਸਕਿਆ
ਚੋਲਾ ਗਲ ਵਿਚ ਪਾਇਆ।


ਭੇਖ ਧਾਰ ਕੇ ਭਗਤ ਨਹੀਂ ਬਣਦਾ
ਭਸਮ ਰਮਾਇਆਂ ਸਾਧੂ,
ਸਾਧੂ ਉਹ ਜੋ ਮਨ ਨੂੰ ਸਾਧੇ
ਨਾਮ 'ਚ ਰੰਗ ਲਇ ਕਾਇਆ।

## ਦੋ ਸ਼ਬਦ

ਸਤਿਕਾਰਯੋਗ ਪਾਠਕਾਂ ਅਤੇ ਕਵੀਆਂ ਅੱਗੇ ਬੇਨਤੀ ਏ ਕਿ 'ਰੁਬਾਈ ਮਾਲਾ' ਪੰਜਾਬੀ ਵਿਚ ਛਪਣ ਵਾਲੀ ਦਾਸ ਦੀ ਪਹਿਲੀ ਪੁਸਤਕ ਹੈ। ਇਸ ਵਿਚ ਜ਼ਰੂਰ ਬੇਸ਼ੁਮਾਰ ਗਲਤੀਆਂ ਅਤੇ ਕਵਿਤਾ ਦੇ ਨਾਪ ਤੋਲ ਵਿਚ ਫਰਕ ਹੋਵੇਗਾ। ਦਾਸ ਕੋਈ ਉੱਘਾ ਤੇ ਸਿਆਣਾ ਕਵੀ ਨਹੀਂ ਹੈ। ਮਾਲਿਕ ਦਾ ਜੋ ਭੀ ਹੁਕਮ ਹੋਇਆ ਉਹਦੀ ਕ੍ਰਿਪਾ ਨਾਲ ਲਿਖ ਕੇ ਦਾਸ ਨੇ ਆਪ ਜੀ ਨੂੰ ਭੇਟ ਕਰ ਦਿੱਤਾ ਏ। ਮੈਨੂੰ ਆਸ ਏ ਆਪ ਮੇਰੀਆਂ ਕਮੀਆਂ ਨੂੰ ਨਜ਼ਰਅੰਦਾਜ਼ ਕਰ ਦਿਓਗੇ ਤਾਂ ਕਿ ਦਾਸ ਆਪਣੀਆਂ ਅਗਲੀਆਂ ਕਿਤਾਬਾਂ 'ਕਮਲਾ ਸ਼ਾਇਰ', 'ਰੱਬ ਦੇ ਆਸ਼ਿਕ' ਅਤੇ 'ਸਾਡਾ ਸਮਾਜ ਤੇ ਸਾਡੇ ਰਿਵਾਜ਼' ਛਾਪਣ ਦਾ ਸਾਹਸ ਕਰ ਸਕੇ।

ਕੁਝ ਮਹੀਨੇ ਹੋਏ, ਸਿੱਖ ਜਗਤ ਦੇ ਪ੍ਰਸਿੱਧ ਲਿਖਾਰੀ ਤੇ ਪੱਤਰਕਾਰ ਗਿਆਨੀ ਜੰਗ ਸਿੰਘ ਜੀ ਨੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ ਦੇ ਪ੍ਰਬੰਧਕਾਂ ਨਾਲ ਪੱਤਰ ਦੁਆਰਾ ਗੱਲਬਾਤ ਕੀਤੀ। ਸੋਸਾਇਟੀ ਨੇ ਦਾਸ ਦੀ ਕਿਤਾਬ ਛਾਪਣ ਵਾਸਤੇ ਹਾਂ ਕਰ ਦਿੱਤੀ ਅਤੇ ਵਾਹਿਗੁਰੂ ਦੀ ਮਿਹਰ ਨਾਲ 'ਰੁਬਾਈ ਮਾਲਾ' ਛਪਕੇ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ।




ਦਾਸ ਧੰਨਵਾਦੀ ਏ ਮਾਣਯੋਗ ਗਿਆਨੀ ਜੰਗ ਸਿੰਘ ਜੀ ਦਾ ਅਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ ਦਾ ਜਿਨ੍ਹਾ ਦੇ ਤਾਲਮੇਲ ਅਤੇ ਸਹਿਯੋਗ ਸਦਕਾ ਇਹ ਕਿਤਾਬ ਛਪ ਗਈ ਏ।

ਦਾਸ ਧੰਨਵਾਦੀ ਏ ਰਾਮ ਸਰੋਏ ਜੀ ਦਾ ਜਿਨ੍ਹਾਂ ਦਾ ਪਿਛੋਕੜ ਪਿੰਡ ਧਾਲੀਵਾਲ ਕਾਦੀਆਂ, ਜਲੰਧਰ ਹੈ ਅਤੇ ਅੱਜਕਲ੍ਹ ਫਰੀਮਾਂਟ ਕੈਲੇਫੋਰਨੀਆ ਵਿਚ ਵਸੇ ਹੋਏ ਨੇ ਅਤੇ ਧੰਨਵਾਦੀ ਹਾਂ ਨਿਊਵਾਰਕ ਨਿਵਾਸੀ ਅਮਰੀਕ ਜੀ ਲਾਖਾ ਦਾ ਜਿਨ੍ਹਾਂ ਦੀ ਬੜੇ ਚਿਰਾਂ ਤੋਂ ਤਮੰਨਾ ਸੀ ਕਿ ਦਾਸ ਦਾ ਲਿਖਿਆ ਹੋਇਆ ਕਲਾਮ ਛਪ ਜਾਵੇ। ਇਹਨਾਂ ਮਿੱਤਰਾਂ ਅਤੇ ਬੇ-ਏਰੀਆ ਕੈਲੇਫੋਰਨੀਆ ਵਿਚ ਵੱਸੇ ਹੋਏ ਹੋਰ ਬਹੁਤ ਸਾਰੇ ਸਾਹਿਤ ਵਿਚ ਰੁਚੀ ਰੱਖਣ ਵਾਲੇ ਵੀਰਾਂ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਅੱਜ ਦਾਸ ਦੀ ਕਿਤਾਬ 'ਰੁਬਾਈ ਮਾਲਾ' ਛਪਕੇ ਆਪ ਜੀ ਦੇ ਮੁਬਾਰਿਕ ਹੱਥਾਂ ਵਿਚ ਹੈ।

ਦਾਸ ਧੰਨਵਾਦੀ ਏ ਉਰਦੂ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਉਸਤਾਦ ਮਾਸੂਮ ਚਨਿਓਟੀ ਜੀ ਦਾ ਜਿਨ੍ਹਾਂ ਨੇ ਦਾਸ ਨੂੰ ਬੇਹੱਦ ਪਿਆਰ ਅਤੇ ਕਵਿਤਾ ਲਿਖਣ ਵਾਸਤੇ ਉਤਸ਼ਾਹ ਬਖਸ਼ਿਆ। ਇਹਨਾਂ ਨੇ ਪਿੰਗਲ (ਉਰੂਜ਼) ਦੀ ਸ਼ਿਕਸ਼ਾ ਦੇ ਕੇ ਮੈਨੂੰ ਇਸ ਕਾਬਲ ਬਣਾ ਦਿੱਤਾ ਤਾਂ ਜੋ ਮੈਂ ਕੁਝ ਠੀਕ ਢੰਗ ਨਾਲ ਤੁਕਬੰਦੀ ਕਰ ਸਕਾਂ।

ਅੰਤ ਵਿਚ ਮੈਂ ਧੰਨਵਾਦੀ ਹਾਂ ਆਪਣੀ ਧਰਮ ਪਤਨੀ ਗੁਰਮੀਤ ਜੀ ਦਾ ਜਿਹਨਾਂ ਬਾਵਜੂਦ ਮੇਰੇ ਘਰੇਲੂ ਜ਼ਿੰਮੇਵਾਰੀਆਂ ਨਿਭਾਉਣ ਵਿਚ ਕੋਤਾਹੀ ਕਰਨ ਦੇ, ਮੈਨੂੰ ਕਵਿਤਾ ਲਿਖਣ ਲਈ ਪ੍ਰੇਰਨਾ ਦਿੱਤੀ ਅਤੇ ਔਖੇ ਸਮਿਆਂ ਵਿਚ ਵੀ ਪ੍ਰੇਰਨਾ ਦਾ ਸਰੋਤ ਬਣੇ ਰਹੇ।

**ਸਾਹਿਤਕਾਰਾਂ ਦੀ ਚਰਨ ਧੂੜ**
**ਆਜ਼ਾਦ ਜਲੰਧਰੀ**
**1883 ਓਰਲੈਂਡ ਡ੍ਰਾਈਵ, ਸੈਨਹੋਜ਼ੇ,**
**ਕੈਲੇਫੋਰਨੀਆ 95122**

# ਉਤਰ ਪ੍ਰਦੇਸ਼ 'ਚ ਬਸਪਾ ਵੱਲੋਂ ਬਸਪਾ ਨੂੰ ਵੋਟ ਦੇਣ ਲਈ ਅਪੀਲ ਕਰਨ ਦੇ ਕਾਰਨ























चौथे चरण मे भी जीत जारी
अब राजतिलक की बारी



# बसपा सबसे आगे





"अल्पसंख्यक समुदाय की 37445 बेटियों की शादी हेतु आर्थिक सहायता"



"अल्पसंख्यक बाहुल्य क्षेत्रों में 2 राजकीय पॉलिटेक्निक कॉलेजों का निर्माण"




"प्रदेश में पहली बार अलग यूनानी निदेशालय की स्थापना"



"12835824 अल्पसंख्यक छात्रों को छात्रवृति प्रदान"



"नगवा, वाराणसी में संत रविदास घाट का निर्माण"



"मान्यवर श्री कांशीराम मल्टी स्पेशलिटी हॉस्पिटल ग्रेटर नोएडा का निर्माण"



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ

**ਜਗਦੇਵ ਸਿੰਘ 510-689-4625** CalBre # 01423409

**42820 Albrae St., Fremont, CA 94538**



# ਉਤਰ ਪ੍ਰਦੇਸ਼ 'ਚ ਬਸਪਾ ਵੱਲੋਂ ਬਸਪਾ ਨੂੰ ਵੋਟ ਦੇਣ ਲਈ ਅਪੀਲ ਕਰਨ ਦੇ ਕਾਰਨ

''अल्पसंख्यक बाहुल्य क्षेत्रों मे 80289 इन्दिरा आवासों का निर्माण''



''अल्पसंख्यक बाहुल्य क्षेत्रों मे 8988 हैण्ड पम्पों की स्थापना''



''100 नये अरबी फारसी मदरसों को अनुदान दिया''



''अल्पसंख्यक समुदाय की 37445 बेटियों की शादी हेतु आर्थिक सहायता''



''अल्पसंख्यक बाहुल्य क्षेत्रों मे 8201 आंगनवाड़ी केन्द्रो का निर्माण''



''अल्पसंख्यक बाहुल्य क्षेत्रों मे 9 आई.टी.आई. कॉलेजों का निर्माण''



## ਉਤਰ ਪ੍ਰਦੇਸ਼

## ਅਬ ਕੀ ਵਾਰ ਬਸਪਾ ਕੀ ਸਰਕਾਰ

2017 ਦੀਆਂ ਅਸੈਂਬਲੀ ਚੋਣਾਂ ਦੌਰਾਨ ਪੰਜਾਬ ਤੋਂ ਬਾਅਦ ਕ੍ਰਮਵਾਰ ਹੋਰਨਾਂ ਪ੍ਰਾਂਤਾਂ ਦੇ ਨਾਲ-ਨਾਲ ਉਤਰ ਪ੍ਰਦੇਸ਼ ਅੰਦਰ ਵੀ ਚਾਰ ਚਰਨਾਂ 'ਚ ਵੋਟਾਂ ਪਾਈਆਂ ਗਈਆਂ। ਇਸ ਵਾਰ ਦੀਆਂ ਚੋਣਾਂ ਦੇ ਨਤੀਜੇ ਬੜੇ ਰੋਚਕ ਹੋਣਗੇ। ਖਾਸ ਕਰਕੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਵੱਲੋਂ ਪਹਿਲੀ ਵਾਰ ਵਿਧਾਨ ਸਭਾ ਦੀਆਂ ਚੋਣਾਂ ਲੜਨ ਨਾ ਕਾਫੀ ਉਥਲ-ਪੁਥਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਪਹਿਲੀ ਵਾਰ ਹੈ ਕਿ ਦੋ ਰਵਾਇਤੀ ਰਾਜਨੀਤਿਕ ਪਾਰਟੀਆਂ ਨੂੰ ਆਪਣੀ ਜਿੱਤ ਨੂੰ ਯਕੀਨੀ ਬਣਾਉਣਾ ਇਸ ਵਾਰ ਇੰਨਾ ਆਸਾਨ ਨਹੀਂ ਰਿਹਾ। ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ (ਬਾਦਲ), ਕਾਂਗਰਸ ਅਤੇ ਆਪ ਵਿਚਕਾਰ ਹੀ ਮੁੱਖ ਮੁਕਾਬਲਾ ਜਿੱਤ-ਹਾਰ ਦਾ ਸਮਾਚਾਰ 11 ਮਾਰਚ ਨੂੰ ਲਿਆਵੇਗਾ।

ਦੂਜੇ ਪਾਸੇ ਉਤਰ ਪ੍ਰਦੇਸ਼ ਅੰਦਰ ਬਸਪਾ ਨੂੰ ਸਭ ਤੋਂ ਸਿਰਕੱਢ ਰਾਜਨੀਤਿਕ ਪਾਰਟੀ ਸਮਝਿਆ ਜਾ ਰਿਹਾ ਹੈ। ਇਸੇ ਕਰਕੇ ਸਪਾ ਅਤੇ ਕਾਂਗਰਸ ਨੇ ਗੱਠਜੋੜ ਬਣਾ ਕੇ ਚੋਣਾਂ ਲੜੀਆਂ। ਦੂਜੇ ਪਾਸੇ ਬਸਪਾ ਅਤੇ ਭਾਜਪਾ ਨੇ ਇਕੱਲੇ-ਇਕੱਲੇ ਚੋਣਾਂ ਲੜੀਆਂ। ਸਪਾ-ਕਾਂਗਰਸ ਦੇ ਗੰਠਜੋੜ ਹੋਣ ਨਾਲ ਬਸਪਾ ਅਤੇ ਭਾਜਪਾ ਨੂੰ ਜ਼ਜਰੂਰ ਅਸਾਰ ਨਜ਼ਰ ਆ ਰਿਹਾ ਹੈ ਪਰ ਫਿਰ ਵੀ ਬਸਪਾ ਇਕੱਲੇ ਤੌਰ ਤੇ ਸਭ ਤੋਂ ਵੱਧ ਸੀਟਾਂ ਲਿਜਾਣ ਦੀਆਂ ਕਨਸੋਆਂ ਹਨ। ਬਸਪਾ ਸੂਤਰਾਂ ਦਾ ਮੰਨਣਾ ਹੈ ਕਿ 'ਅਬ ਕੀ ਵਾਰ ਬਸਪਾ ਕੀ ਸਰਕਾਰ'।

ਜੇਕਰ ਬਸਪਾ ਦੇ ਪੋਸਟਰ, ਨਾਅਰੇ ਅਤੇ ਆਪਣੇ ਚਾਰ ਵਾਰੀ ਦੇ ਰਾਜਕਾਲ ਦੇ ਕੰਮਾਂ ਵੱਲ ਨਜ਼ਜਰ ਮਾਰੀਏ ਤਾਂ ਜੋ ਕੰਮ ਬਸਪਾ ਨੇ ਬਹੁਜਨ ਸਮਾਜ ਲਈ ਕੀਤੇ ਉਹ ਆਜ਼ਾਦੀ ਉਪਰੰਤ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਨਹੀਂ ਕੀਤੇ। ਉਤਰ ਪ੍ਰਦੇਸ਼ ਤੋਂ ਬਸਪਾ ਦੇ ਇਕ ਸ਼ੁਭਚਿੰਤਕ ਵੱਲੋਂ 'ਦੇਸ਼ ਦੁਆਬਾ' ਨੂੰ ਭੇਜੇ ਗਏ ਕੁਝ ਪ੍ਰਚਾਰਕ ਸਮੱਗਰੀ ਪੋਸਟਰ ਤੋਂ ਤਾਂ ਇਹ ਜ਼ਰੂਰ ਲੱਗਦਾ ਹੈ ਕਿ ਬਸਪਾ ਦੇ ਕੰਮ ਵਾਕਿਆ ਹੀ ਸਲਾਹੁਣਯੋਗ ਹਨ, ਜਿਸ ਲਈ ਬਸਪਾ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਅਪੀਲ ਕਰਦੀ ਹੈ।

''अल्पसंख्यक बाहुल्य क्षेत्रों मे 786 प्राथमिक स्वास्थय उपकेन्द्रों की स्थापना''



''अल्पसंख्यक बाहुल्य क्षेत्रों मे 15 राजकीय इण्टर कॉलेजों का निर्माण''



''अल्पसंख्यक बाहुल्य क्षेत्रों मे 80289 इन्दिरा आवासों का निर्माण''



'' प्रदेश में नौ राजकीय महाविद्यालयों का निर्माण ''






''उ०प्र० उर्दू अकादमी की अनुदान राशि को दोगुना किया ''






ਕੈਲੇਫੋਰਨੀਆ ਤੋਂ ਬਸਪਾ ਸਮਰਥਕ ਸ੍ਰੀ ਅਮਰ ਦੜੌਚ ਆਪਣੇ ਸਾਥੀਆਂ ਨਾਲ
ਖੱਬੇ ਤੋਂ ਸੱਜੇ- ਸ੍ਰੀ ਰਾਜਿੰਦਰ ਮੋਮੀ, ਪ੍ਰੇਮ ਬੱਧਣ, ਰਾਜ ਗੁਰੂ, ਰਾਜ ਕੁਮਾਰ ਜੱਸੀ, ਕੇਵਲ ਚੌਹਾਨ, ਅਮਰ ਦੜੌਚ, ਰਤਨ ਪਾਲ ਜੱਸੀ, ਪਿਰਥੀ ਪਾਲ ਮਹਿਮੀ ਅਤੇ ਰਣਜੀਤ ਚੀਮਾ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)






ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਦਿਹਾੜਾ 5 ਮਾਰਚ 2017 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 4 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
* ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

**ਗੁਰੂ ਘਰ 559-486-3091**

**ਇਸ ਮੌਕੇ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ**

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706**